INTERNATIONAL MAGAZINE
RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਅਕਤੂਬਰ
2021



ਸੱਚਖੰਡਵਾਸੀ
ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
( 17 ਜੂਨ 1918 - 31 ਅਕਤੂਬਰ 2001)

ਸੱਚਖੰਡਵਾਸੀ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ ਮਹਾਰਾਜ
ਰਤਵਾੜਾ ਸਾਹਿਬ
( 8 ਅਗਸਤ 1918 - 1 ਨਵੰਬਰ 2013)

## ਸਾਲਾਨਾ ਮਹਾਨ ਗੁਰਮਤਿ ਰੂਹਾਨੀ ਸਮਾਗਮ

31 ਅਕਤੂਬਰ ਤੇ 1 ਨਵੰਬਰ 2021 ਨੂੰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ)

# ਅਭੁੱਲ ਯਾਦਾਂ





ਰਤਵਾੜਾ ਸਾਹਿਬ ਨੇੜੇ ਨਗਰ ਚਾਹੜਮਾਜਰਾ ਵਿਖੇ ਮਹਾਂਪੁਰਸ਼ ਮਸਜਿਦ ਦੀ ਨੀਂਹ ਆਪਣੇ ਕਰ ਕਮਲਾਂ ਦੁਆਰਾ ਰੱਖਦੇ ਹੋਏ।

## 1. ਧਾਰਮਿਕ ਖੇਤਰ ਦੀਆਂ ਸੇਵਾਵਾਂ

- ਪਿੰਡ ਚਾਹੜ ਮਾਜਰਾ ਵਿਖੇ ਇਸਲਾਮ ਵਿਚ ਅਕੀਦਾ ਰੱਖਣ ਵਾਲੇ ਭਰਾਵਾਂ ਲਈ ਮਸਜਿਦ ਦੀ ਉਸਾਰੀ ਕਰਕੇ ਗੁਰਬਾਣੀ ਦੇ ਇਸ ਫੁਰਮਾਨ ਨੂੰ ਸਾਕਾਰ ਕੀਤਾ – 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' 'ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥' ' ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥' ਜਦੋਂ ਕੈਲੀਫੋਰਨੀਆਂ ਸਟੈਨਫੋਰਡ ਯੂਨੀਵਰਸਿਟੀ ਦੇ ਈਰਾਨੀ ਪ੍ਰੋਫੈਸਰ ਅਲੀ ਵਾਹਿਦ ਨੂੰ ਪਤਾ ਲੱਗਾ ਤਾਂ ਉਸ ਨੇ ਮਹਾਂਪੁਰਸ਼ਾਂ ਨੂੰ ਝੁਕ ਕੇ ਸਿਜਦਾ ਕੀਤਾ ਤੇ ਕਿਹਾ ਕਿ ਸਿੱਖ ਧਰਮ ਦੀ ਫਿਲਾਸਫੀ ਵਿਚ ਕੋਈ ਨਫਰਤ ਨਹੀਂ, ਸਭ ਵਿਚ ਅੱਲਾ ਦਾ ਨੂਰ ਵੇਖਿਆ ਜਾਂਦਾ ਹੈ।
- ਕੈਲੀਫੋਰਨੀਆਂ ਦੇ ਸਨੀਵੇਲ ਵਿਚ ਸੰਤ ਮਹਾਰਾਜ ਦੇ ਦੀਵਾਨਾਂ ਵਿਚ ਹਿੰਦੂ ਟੈਂਪਲ ਦੇ ਪੁਜਾਰੀ ਤੇ ਹਿੰਦੂ ਵੀਰ ਬੜੀ ਸ਼ਰਧਾ ਨਾਲ ਹਾਜ਼ਰੀ ਭਰਦੇ ਸੀ ਤੇ ਲੰਗਰਾਂ ਵਿਚ ਸੇਵਾ ਕਰਦੇ ਸੀ।
- 1999 ਵਿਚ 26 ਜਨਵਰੀ ਨੂੰ ਪਿਆਰੇ ਮਹਾਂਪੁਰਸ਼ਾਂ ਨੇ ਇਸ ਪਛੜੇ ਹੋਏ ਇਲਾਕੇ ਵਿਚ 'ਗੁਰਦੁਆਰਾ ਈਸ਼ਰ ਪ੍ਰਕਾਸ਼' ਦੀ ਨੀਂਹ ਗੁਰੂ ਘਰ ਦੇ ਪੰਜ ਪਿਆਰਿਆਂ ਸੰਤ ਬਾਬਾ ਬਲਵੰਤ ਸਿੰਘ ਜੀ ਰਾੜਾ ਸਾਹਿਬ (ਸ੍ਰੀ ਮਾਨ ਜੀ), ਸੰਤ ਬਾਬਾ ਜਸਵੰਤ ਸਿੰਘ ਜੀ ਦਬਲਾਨ, ਸੰਤ ਬਾਬਾ ਸਾਧੂ ਸਿੰਘ ਜੀ ਸੰਗਰੂਰ, ਸੰਤ ਪਰਮਜੀਤ ਸਿੰਘ ਜੀ ਮਾਹਲਪੁਰ, ਸੰਤ ਬਾਬਾ ਹਰੀ ਸਿੰਘ ਜੀ ਰੰਧਾਵੇ ਵਾਲਿਆਂ ਦੇ ਕਰ ਕਮਲਾਂ ਤੋਂ ਰਖਵਾ ਕੇ ਗੁਰਮਤਿ ਪ੍ਰਚਾਰ ਦਾ ਕੇਂਦਰ ਕਾਇਮ ਕੀਤਾ ਤਾਕਿ ਇਸ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਮੋਲਕ ਸਿਧਾਂਤਾਂ ਦੀ ਮਹਿਕ ਦੇਸ਼-ਵਿਦੇਸ਼ਾਂ ਤੱਕ ਸਦਾ ਵਾਸਤੇ ਪਹੁੰਚਦੀ ਰਹੇ।
- ਆਪ ਦੀ ਰੂਹਾਨੀਅਤ ਤੋਂ ਪ੍ਰਭਾਵਿਤ ਹੋ ਕੇ ਸਾਰੇ ਵਰਗਾਂ ਪ੍ਰਤੀ ਪ੍ਰੇਮ ਦੀ ਮਹਿਕ ਜਦੋਂ ਦੇਹਰਾਦੂਨ ਪਹੁੰਚੀ ਤਾਂ ਸੰਸਾਰ ਪ੍ਰਸਿੱਧ ਯੋਗੀ ਸਵਾਮੀ ਰਾਮ ਜੀ, ਮਹਾਂਪੁਰਸ਼ਾਂ ਨੂੰ ਮਿਲਣ ਵਾਸਤੇ ਰਤਵਾੜਾ ਸਾਹਿਬ ਆਏ ਤੇ ਪਹਿਲੀ ਮਿਲਣੀ ਵੇਲੇ ਉਨ੍ਹਾਂ ਨੇ ਐਸੇ ਬਚਨ ਕੀਤੇ ਕਿ 'ਹਮ ਗਲੇ ਤਕ ਭਰੇ ਹੁਏ ਹੈਂ, ਦਿਲ ਕਰਤਾ ਹੈ ਕਿ ਸਰੀਰ ਛੋੜ ਦੇਂ। ਪਰ ਮਹਾਂਪੁਰਸ਼ਾਂ ਦੀ ਮਿਲਣੀ ਤੋਂ ਬਾਅਦ ਉਨ੍ਹਾਂ ਵਿਚ ਬਦਲਾਵ ਆ ਚੁਕਾ ਸੀ। ਬੋਲੇ 'ਸੰਤ ਜੀ ਕੋ ਮਿਲ ਕਰ ਹਮਨੇ ਖਜ਼ਾਨਾ ਲੂਟ ਲੀਆ ਹੈ, ਮਨ ਕੋ ਸ਼ਾਂਤੀ ਆ ਗਈ ਹੈ। ਸੰਤ ਜੀ ਗਿਆਨ ਔਰ ਪਿਆਰ ਕਾ ਸਾਗਰ ਹੈਂ। ਐਸੇ ਸੀਧੇ-ਸਾਦੇ ਸੰਤ ਪਹਿਲੇ ਕਹੀਂ ਨਹੀਂ ਦੇਖੇ।' ਗੁਰਮਤਿ ਸਮਾਗਮ ਦੇ ਅੰਦਰ ਲੱਖਾਂ ਦੇ ਇਕੱਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਐਸੇ ਬਚਨ ਕੀਤੇ , ''ਗੁਰੂ ਗ੍ਰੰਥ ਸਾਹਿਬ ਸਭ ਸੇ ਸਰਵੋਤਮ ਹੈਂ, ਜੋ ਗੁਰੂ ਗ੍ਰੰਥ ਸਾਹਿਬ ਜੀ ਕੇ ਅੰਦਰ ਹੈ, ਵੋ ਕਹੀਂ ਨਹੀਂ ਮਿਲਤਾ, ਜੋ ਕਹੀਂ ਨਹੀਂ ਮਿਲਤਾ ਵੋ ਗੁਰੂ ਗ੍ਰੰਥ ਸਾਹਿਬ ਜੀ ਮੇਂ ਹੈ।''

ਸਵਾਮੀ ਜੀ ਨੇ ਦੇਹਰਾਦੂਨ ਵਿਖੇ ਮੈਡੀਕਲ ਕਾਲਜ ਦੀ ਨੀਂਹ ਪਿਆਰੇ ਮਹਾਂਪੁਰਸ਼ਾਂ ਦੇ ਕਰ-ਕਮਲਾਂ ਤੋਂ ਰਖਵਾ ਕੇ ਇਕ ਵੱਡੀ ਮਿਸਾਲ ਕਾਇਮ ਕੀਤੀ ਅਤੇ ਉਥੇ ਸਾਰੇ ਸਵਾਮੀ ਭਗਤਾਂ ਨੇ ਮਹਾਂਪੁਰਸ਼ਾਂ ਦਾ ਦੀਵਾਨ ਲਗਵਾਇਆ ਤੇ ਇਸ ਧਾਰਮਿਕ ਦੀਵਾਨ ਰਾਹੀਂ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ। ਮੋਹਾਲੀ ਅਤੇ ਰਤਵਾੜਾ ਸਾਹਿਬ ਵਿਖੇ ਹਰ ਐਤਵਾਰ, ਪੂਰਨਮਾਸ਼ੀ ਅਤੇ ਸੰਗਰਾਂਦ ਦੇ ਦੀਵਾਨਾਂ ਵਿਚ ਅਨੇਕਾਂ ਸੰਗਤਾਂ ਨਿਰੰਤਰ ਹਾਜ਼ਰੀਆਂ ਭਰਦੀਆਂ, ਪ੍ਰਵਚਨ ਸਰਵਣ ਕਰਕੇ ਜਨਮ ਸਫਲਾ ਕਰਦੀਆਂ।



ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਨੀਂਹ ਰੱਖਣ ਸਮੇਂ ਮਹਾਂਪੁਰਸ਼।



ਜੌਲੀਗਰਾਂਟ (ਦੇਹਰਾਦੂਨ) ਵਿਖੇ ਮੈਡੀਕਲ ਕਾਲਜ ਦਾ ਉਦਘਾਟਨ ਕਰਦੇ ਹੋਏ ਪਿਆਰੇ ਮਹਾਂਪੁਰਸ਼ ਅਤੇ ਨਾਲ ਸ਼ੁਸ਼ੋਭਿਤ ਡਾ. ਸਵਾਮੀ ਰਾਮ ਜੀ।

# ਆਤਮ ਮਾਰਗ


ਸਾਲ-ਸਤਾਈਵਾਂ, ਮਹੀਨਾ-ਅਕਤੂਬਰ, 2021

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

ਐਡੀਟਰ-ਇਨ-ਚੀਫ
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 94172-14391, 94172-14379, 84378-12900

Email :atammarg1@yahoo.co.in

Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar (MOHALI) - 140901, Pb. India

### SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.in
www.ratwarasahib.org
www.ratwarasahib.com
} (Every sunday)

Email : sratwarasahib.in@gmail.com

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ: 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 92176-93845
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ
   94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ
   94172-14382
8. ਅਕਾਲ ਬਿਰਧ ਆਸ਼ਰਮ : 98157-28220

## Media Broadcast (Ratwara Sahib)

Live Programme & Cable Tv Network

98728-14385, 94172-14385
98147-12900, 98555-28517

### ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


| | | |
|---|---|---|
| 1. | ਸੰਪਾਦਕੀ | 5 |
| | *(ਡਾ.) ਭਾਈ ਸੁਖਵਿੰਦਰ ਸਿੰਘ* | |
| 2. | ਬਾਰਹ ਮਾਹਾ | 7 |
| | *ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ* | |
| 3. | ਮਨੁ ਬੇਚੈ ਸਤਿਗੁਰ ਕੈ ਪਾਸਿ..........॥ | 8 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | ਅਗੰਮ ਅਗੋਚਰ ਦਾ ਮਾਰਗ | 16 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | ਏਕੁ ਜੁ ਸਾਧੂ ਮੋੁਹਿ ਮਿਲਿਓ.....॥ | 21 |
| | (ਪ੍ਰਵਚਨ-ਸਤਿਕਾਰਯੋਗ (ਬੀਜੀ) ਮਾਤਾ ਰਣਜੀਤ ਕੌਰ ਜੀ | |
| 6. | ਰਤੇ ਸੇਈ ਜਿ ਮੁਖੁ ਨ ਮੋੜੰਨਿ | 26 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 7. | ਮਹਾ ਅਨੰਦ ਭਏ ਸੁਖੁ ਪਾਇਆ......॥ | 38 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | ਜਨ ਪਰਉਪਕਾਰੀ ਆਏ | 44 |
| | *ਪ੍ਰੋ. ਗੁਰਦੇਵ ਸਿੰਘ* | |
| 9. | ਨਾਮ-ਜਪੁ-ਸਿਮਰਨ : ਕਿਉਂ ਤੇ ਕਿਵੇਂ? | 47 |
| | *ਡਾ. ਜਗਜੀਤ ਸਿੰਘ* | |
| 10. | ਈਸ਼੍ਵਰ ਅਮੋਲਕ ਲਾਲ | 50 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 11. | ਗੁਰਬਾਣੀ ਅਰਥ ਭੰਡਾਰ | 51 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 12. | ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ | 54 |
| | *ਡਾ. ਸਵਾਮੀ ਰਾਮ ਜੀ* | |
| 13. | ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ ਅਤੇ ਪੁਸਤੱਕ ਸੂਚੀ | 56 |

# ਸੰਪਾਦਕੀ
## ਬਾਬਾ ਬੋਲਤੇ ਤੇ ਕਹਾ ਗਏ.......॥

ਪਿਆਰੇ ਮਹਾਂਪੁਰਸ਼ਾਂ ਨੇ 31 ਅਕਤੂਬਰ 2001 ਨੂੰ ਅਚਾਨਕ ਸੰਗਤਾਂ ਨੂੰ ਸੰਬੋਧਿਤ ਹੋ ਕੇ ਇਹ ਬਚਨ ਕਹੇ ਸਨ "ਤੁਸੀਂ ਥੋੜ੍ਹੀ ਦੇਰ ਨੂੰ ਕਹੋਗੇ ਕਿ ***"ਬਾਬਾ ਬੋਲਤੇ ਤੇ ਕਹਾ ਗਏ"*** ਜੋ ਕਿ ਕੋਈ ਵੱਡਾ ਭਾਣਾ ਵਰਤਾਉਣ ਵਲ ਇਸ਼ਾਰਾ ਕਰ ਰਹੇ ਸਨ। ਇਹਨਾਂ ਅਗੰਮੀ ਬਚਨਾਂ ਵਿਚ ਉਨ੍ਹਾਂ ਦਾ ਆਪਣੇ ਅਸਲੀ ਘਰ ਵਲ ਨੂੰ ਜਾਣ ਦਾ ਸੰਕੇਤ ਸੀ। ਉਸ ਸਮੇਂ ਇਹ ਗੁਝੀ ਰਮਜ਼ ਸਾਡੀ ਸਮਝ ਤੋਂ ਪਰ੍ਹੇ ਦੀ ਬਾਤ ਸੀ। ਕੁਝ ਸਮੇਂ ਬਾਅਦ ਅਹਿਸਾਸ ਹੋਇਆ ਕਿ ਉਹਨਾਂ ਦੇ ਬੋਲੇ ਹੋਏ ਇਹ ਬਚਨ ਸੰਗਤਾਂ ਲਈ ਪ੍ਰਤੱਖ ਹੋ ਗਏ। ਸੰਗਤਾਂ ਲਈ ਮਹਾਂਪੁਰਸ਼ਾਂ ਦੇ ਸਰੀਰਕ ਵਿਛੋੜੇ ਦਾ ਦੁਖ ਅਸਹਿ ਸੀ -

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ- ੮੩*

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*
*ਅੰਗ- ੧੧੦੦*

ਸਹਿਜੇ-ਸਹਿਜੇ ਗੁਰਬਾਣੀ ਦੀਆਂ ਹੇਠ ਲਿਖੀਆਂ ਰੋਸ਼ਨੀ ਰੂਪੀ ਕਿਰਨਾਂ ਨੇ ਧੀਰਜ ਬਖਸ਼ੀ।

ਸਰਗੁਣ ਤੇ ਨਿਰਗੁਣ ਰੂਪ ਹੀ ਸ੍ਰਿਸ਼ਟੀ ਦਾ ਅਧਾਰ ਹਨ। ਸਾਰੀ ਕਾਇਨਾਤ ਇਨ੍ਹਾਂ ਦੋਨੋਂ ਰੂਪਾਂ ਦਾ ਸੁਮੇਲ ਹੈ। ਦੂਸਰੇ ਸ਼ਬਦਾਂ ਵਿਚ ਇਸ ਨੂੰ ਸਰੀਰ ਤੇ ਰੂਹ ਦਾ ਸੁਮੇਲ ਵੀ ਕਿਹਾ ਜਾਂਦਾ ਹੈ। ਜਦੋਂ ਇਹ ਜੀਵ ਭਾਵ ਵਿਚ ਹੈ ਤਾਂ ਇਸ ਦਾ ਰੂਪ ਰੂਹ ਵਾਲਾ ਹੈ। ਜਦੋਂ ਜੀਵ ਭਾਵ ਖਤਮ ਹੋ ਗਿਆ ਤਾਂ ਇਹ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ- ੬੬੧*

ਆਤਮ ਰੂਪ ਕਹਿਲਾਂਦਾ ਹੈ। ਰੂਹਾਂ ਦਾ ਸਰੀਰ ਧਾਰਨ ਕਰਨਾ ਹੁਕਮ ਤੇ ਕਰਮ ਦੀ ਖੇਡ ਹੈ। ਸਰੀਰਾਂ ਦੇ ਸਫ਼ਰ ਦਾ ਆਪਣਾ ਇਤਿਹਾਸ ਹੈ ਤੇ ਰੂਹ ਤੇ ਸੁਰਤਿ ਦਾ ਆਪਣਾ ਨਿਵੇਕਲਾ ਪੈਂਡਾ ਹੈ। ਰੂਹ ਦੇ ਪੈਂਡੇ ਵਲ ਗੁਰੂ ਮਹਾਰਾਜ ਸਾਨੂੰ ਇਸ਼ਾਰਾ ਕਰਦੇ ਹਨ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - ੧੭੬*

ਭਾਵ ਕਿ ਇਹ ਮਨੁੱਖਾ ਜੂਨੀ ਬਹੁਤੇ ਜੁਗਾਂ ਦੇ ਫੇਰ ਤੋਂ ਬਾਅਦ ਮਿਲਦੀ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਇਸ ਸਰੀਰ ਦਾ ਵੀ ਆਪਣਾ ਬਦਲਦਾ ਪੈਂਡਾ ਹੈ। ਸਰੀਰ ਚਲਾਇਮਾਨ ਹੈ। ਬਦਲਾਵ ਵਿਚ ਹੈ। ਸਰੀਰ ਤੋਂ ਸਰੀਰ, ਜਨਮ ਦਰ ਜਨਮ ਬਦਲਾਅ ਹੈ ਤੇ ਇਕ ਸਰੀਰ ਦੀ ਅਵਸਥਾ ਵਿਚ ਵੀ ਬਦਲਾਅ ਹੈ। ਇਸ ਬਾਰੇ ਗੁਰੂ ਮਹਾਰਾਜ ਸੋਝੀ ਬਖਸ਼ਦੇ ਹਨ -

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਚਾਲੀਸੀ ਪੁਰੁ ਹੋਇ*
*ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥*
*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਢੰਢੋਲਿਮੁ ਢੂਢਿਮੁ ਡਿਠੁ ਮੈ*
*ਨਾਨਕ ਜਗੁ ਧੂਏ ਕਾ ਧਵਲਹਰੁ ॥ ੩ ॥ ਅੰਗ- ੧੩੮*

ਇਸ ਸ਼ਬਦ ਵਿਚ ਸਾਡੀ ਜ਼ਿੰਦਗੀ ਦਾ ਸਮੁੱਚਾ ਹਾਲ ਵਰਨਣ ਕੀਤਾ ਹੈ। ਕਿਵੇਂ ਦਸ-ਦਸ ਸਾਲ ਬਾਅਦ ਸਰੀਰ ਵਿਚ ਵੱਡੀ ਤਬਦੀਲੀ ਆਉਂਦੀ ਹੈ। ਇਸ ਤੋਂ ਇਲਾਵਾ ਮਹਾਰਾਜ ਹੋਰ ਵੀ ਵਿਸਥਾਰ ਨਾਲ ਸੁਰਤਿ ਦੇ ਪੈਂਡੇ ਦੇ ਬਦਲਾਅ ਬਾਰੇ ਵੀ ਫੁਰਮਾਨ ਕਰਦੇ ਹਨ ਕਿ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥ ਅੰਗ- ੧੩੭*

ਇਸ ਤਰ੍ਹਾਂ ਗੁਰੂ ਮਹਾਰਾਜ ਨੇ ਮਨੁੱਖ ਦੀ ਸਾਰੀ ਜ਼ਿੰਦਗੀ ਵਿਚ ਇਸ ਦੇ ਬਦਲਦੇ ਰੂਪ ਬਾਰੇ ਸਾਨੂੰ ਸਮਝਾਉਣਾ ਕੀਤਾ ਹੈ। ਚੇਤੰਨ ਕੀਤਾ ਹੈ ਕਿ ਇਸ ਮਨੁੱਖ ਵਲੋਂ ਵੱਖ-ਵੱਖ ਰੂਪ ਧਾਰਨ ਕੀਤੇ ਜਾਂਦੇ ਹਨ। ਇਹ ਕਹਾਣੀ ਇਕ ਆਮ ਮਨੁੱਖ ਦੀ ਹੈ ਪਰ ਇਸ ਤੋਂ ਇਲਾਵਾ ਹੋਰ ਵੀ ਮੁਕਤ ਆਤਮਾਵਾਂ ਹਨ ਜੋ ਇਸ ਸਰੀਰ ਵਿਚ ਰਹਿ ਕੇ ਇਸ ਦੇ ਬਦਲਵੇਂ ਰੂਪਾਂ ਤੋਂ ਅਛੋਹ ਹੁੰਦੇ ਹਨ। ਉਨ੍ਹਾਂ ਦੀ ਸੁਰਤੀ ਬਿਰਤੀ ਵਿਚ ਬਦਲਾਉ ਨਹੀਂ, ਉਹ ਇਕ ਵਾਰ ਸਦਾ ਦਾ ਅਮਰ ਜੀਵਨ ਪ੍ਰਾਪਤ ਕਰਕੇ ਸਦਾ

ਹੀ ਖੇੜੇ/ਵਿਗਾਸ ਵਿਚ ਰਹਿੰਦੇ ਹਨ। ਉਨ੍ਹਾਂ ਦੇ ਅੰਦਰ ਬੋਲਣ ਵਾਲੇ ਵਿਕਾਰ, ਖੌਰੂ ਪਾਉਣ ਵਾਲੇ ਵਿਚਾਰ, ਸੰਕਲਪ ਵਿਕਲਪ, ਸਦਾ ਲਈ ਖਤਮ ਹੋ ਜਾਂਦੇ ਹਨ। ਇਹ ਮਨੋਮਈ ਮੰਡਲ ਦੀ ਖੇਡ ਹੈ। ਜੋ ਹਰ ਜਗਿਆਸੂ ਤੇ ਵਾਪਰਦੀ ਹੈ।

ਇਹ ਵਾਰਤਾ ਮਨ ਦੀ ਹੈ ਕਿ '***ਬਾਬਾ ਬੋਲਤੇ ਤੇ ਕਹਾ ਗਏ.....।'*** ਸਰੀਰ ਵਿਚ ਮਨੋਭਾਵ, ਮਨ ਦੇ ਸੰਕਲਪ ਵਿਕਲਪ, ਵਾਧੂ ਵਿਚਾਰ ਜੋ ਸਨ ਸਭ ਉਡਾਰੀ ਮਾਰ ਗਏ।

ਦੂਸਰਾ ਅਰਥ ਕਿ ਜਿਸ ਸਰੀਰ ਵਿਚ ਰਹਿ ਕੇ ਉਹ ਜੀਵਨ ਮੁਕਤ ਜਨ ਬੋਲਦੇ ਸਨ, ਵਿਚਾਰ ਪ੍ਰਗਟਾਉਂਦੇ ਸਨ, ਉਹਨਾਂ ਦਾ ਇਕ-ਇਕ ਬਚਨ ਅਨਮੋਲ ਸੀ। ਅੱਜ ਉਹ ਕਿੱਥੇ ਗਏ? ***'ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ (ਅੰਗ-੨੬੩)*** ਵਾਲੇ ਬਚਨ ਕਿੱਥੇ ਚਲੇ ਗਏ। ***'ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ॥ (ਅੰਗ-੨੭੨)*** ਭਾਵ '***ਦੇਹੀ ਕੇ ਸੰਗਿ ਰਹਤੇ,*** ਸਰੀਰਕ ਦਰਸ਼ਨਾਂ ਤੋਂ ਵਾਂਝੇ **ਹੋ ਗਏ। ਦਰਸ਼ਨ ਕਰਕੇ ਜਦੋਂ ਪ੍ਰਤੀਤ ਹੁੰਦਾ ਸੀ ਕਿ** ***'ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ॥' (ਅੰਗ-੫੨੦)***

*ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*<br>
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥*<br>
*ਅੰਗ- ੫੨੦*

ਭਾਵ -

*ਤੈ ਸਾਹਿਬ ਕੀ ਬਾਤ ਜਿ ਆਖੈ*<br>
*ਕਹੁ ਨਾਨਕ ਕਿਆ ਦੀਜੈ ॥*<br>
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*<br>
*ਅੰਗ- ੫੫੮*

ਜੋ ਪੰਜ ਭੂਤਕ ਸਰੀਰ ਰਾਹੀਂ ਮੇਰੇ ਪ੍ਰੀਤਮ, ਮੇਰੇ ਸਾਹਿਬ ਦੀਆ ਬਾਤਾਂ ਪਾਉਂਦੇ ਸਨ, ਜੋ ***'ਬ੍ਰਹਮ ਗਿਆਨੀ ਕਾ ਭੋਜਨ ਗਿਆਨ'*** ਸੀ ਉਨ੍ਹਾਂ ਮਿਆਰੀ ਬਚਨ ਸੁਣਾਉਣ ਵਾਲੇ ਨੂੰ ਨਿਰਹੰਕਾਰ ਹੋ ਕੇ ਆਪਣਾ ਆਪਾ ਭੇਟ ਕਰ ਦੇਈਏ। ***'ਦੇਹੀ ਕੇ ਸੰਗਿ ਰਹਤੇ ॥ ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ ॥' (ਅੰਗ - ੪੮੦)*** ਉਨ੍ਹਾਂ ਦੇ ਮਨ ਵਿਚੋਂ ਮਾਇਕ ਫੁਰਨੇ ਸਦਾ ਲਈ ਅਲੋਪ ਹੋ ਜਾਂਦੇ ਹਨ। ਦੂਜੇ ਅਰਥਾਂ ਵਿਚ ਸਰੀਰ ਰਾਹੀਂ ਕਥਾ ਵਾਰਤਾ ਜੋ ਕਰਦੇ ਸਨ ਹੁਣ ਅਲੋਪ ਹੋ ਗਏ ਹਨ। ਇਸ ਸਾਰੀ ਬਿਰਹੋਂ ਅਵਸਥਾ ਦਾ ਸਮਾਧਾਨ ਗੁਰੂ ਮਹਾਰਾਜ ਕਰਦੇ ਹਨ ਕਿ ***'ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥ (ਅੰਗ- ੭੨੯)*** ਦਿਲਾਂ ਦੇ ਸੌਦਾਗਰ, ਮਾਇਆ ਤੋਂ ਨਿਰਲੇਪ, ***'ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ॥ ਸੰਤਹੁ ਬਨਜਿਆ ਨਾਮੁ ਗੋਬਿਦ ਕਾ ਐਸੀ ਖੇਪ ਹਮਾਰੀ ॥' (ਅੰਗ-੧੧੨੩)***

ਪ੍ਰੇਮ, ਪ੍ਰਤੀਤ ਦੇ ਵਪਾਰੀ ਕਿਥੇ ਚਲੇ ਗਏ? ਕਿਵੇਂ ਮਿਲਾਪ ਹੋਵੇ? ਮਹਾਰਾਜ ਫੁਰਮਾਨ ਕਰਦੇ ਹਨ ਹੌਂਸਲਾ ਨਾ ਹਾਰੋ, ***'ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੇਈ॥' (ਅੰਗ-੭੨੯)*** ਉਨ੍ਹਾਂ ਵਰਗੇ ਗੁਣਾਂ ਦੀ ਪੰਡ ਬੰਨ੍ਹ ਲਉ, ***'ਈਹਾ ਖਾਟਿ ਚਲਹੁ ਹਰਿ ਲਾਹਾ' (ਅੰਗ-੧੩)*** ਦਾ ਤੋਸਾ ਇਕੱਠਾ ਕਰ ਲਉ, ਫਿਰ ਸਦਾ ਦਾ ਮਿਲਾਪ ਹੈ। ਸਰੀਰਾਂ ਦੇ ਵਿਛੋੜੇ ਹਨ ਪਰ ਸ਼ਬਦ ਦਾ ਵਿਛੋੜਾ ਨਹੀਂ। ***'ਏਕ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥' (ਅੰਗ-੭੯੫)*** ਨਾਮ ਬਾਣੀ ਦਾ ਤੋਸਾ, ਸੇਵਾ ਸਿਮਰਨ ਦੇ ਖੰਭ, ਪ੍ਰੇਮ ਵੈਰਾਗ ਦੀ ਉਡਾਨ ਭਰ ਕੇ ਪਿਅਰੇ ਨਾਲ ਮਿਲਿਆ ਜਾ ਸਕਦਾ ਹੈ। ਉਹ ਸਦ ਜੀਵ ਪ੍ਰੀਤਮ ਹੈ। ਅਮਰ ਜੀਵਨ ਦਾ ਧਾਰਨੀ ਹੈ।

*ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਅੰਗ-੨੭੩*

ਉਹ ਵਾਹਿਗੁਰੂ ਦੀ ਸਾਕਾਰ ਮੂਰਤ ਹੈ -

*ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ*<br>
*ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥ ਅੰਗ- ੧੧੩੪*

ਉਹ ਹੁਕਮ 'ਚ ਸਰੀਰ ਧਾਰਨ ਕਰਦੇ ਹਨ ਤੇ ਹੁਕਮ ਵਿਚ ਹੀ ਅਲੋਪ ਹੋ ਜਾਂਦੇ ਹਨ। ਸਾਡੀ ਦ੍ਰਿਸ਼ਟੀ ਸਥੂਲ ਹੋਣ ਕਰਕੇ ਸਥੂਲ ਵਜੂਦ ਤਕ ਹੀ ਸੀਮਿਤ ਹੈ। ਪਰ ***'ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ' (ਅੰਗ-੫੭੭)***

ਉਹ ਪੰਜ ਭੂਤਕ ਸਰੀਰ ਤੋਂ ਬਾਅਦ ਹੋਰ ਅੱਖਾਂ ਨਾਲ ਦਿਸਦੇ ਹਨ। ਉਹ ਗਿਆਨ ਦੇ ਨੇਤਰ ਹਨ, ਬਿਅੰਨ ਅਖੜੀਆਂ, ਦਿੱਬ ਅੱਖਾਂ, ਦਿੱਬ ਕੰਨ, ਦਿੱਬ ਨਾਸਿਕਾ ਹੈ ਜਿਸ ਨਾਲ ਉਨ੍ਹਾਂ ਦੀ ਅਮਰਤਾ ਵਾਲੀ ਹਾਜ਼ਰੀ ਪ੍ਰਤੀਤ ਹੁੰਦੀ ਹੈ।

ਐਸੀ ਅਵਸਥਾ ਦੇ ਧਾਰਨੀ, ਪਿਆਰ ਦੇ ਸਾਗਰ ਹਨ, ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ। ਆਪ ਜੀ ਦੇ ਜੀਵਨ ਸਾਥੀ ਸਤਿਕਾਰਯੋਗ ਮਾਤਾ ਜੀ ਦੀ ਘਾਲਣਾ ਕਮਾਈ ਵੀ ਸਦਾ ਹੀ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਹੈ। ਉਤਸ਼ਾਹਿਤ ਕਰਦੀ ਹੈ। ਇਨ੍ਹਾਂ ਅਗੰਮੀ ਆਤਮਾਵਾਂ ਦੇ 31 ਅਕਤੂਬਰ ਤੇ 1 ਨਵੰਬਰ ਦੇ ਪੰਜ ਭੌਤਿਕ ਸਰੀਰ ਦੇ ਪ੍ਰਤੀਤਿਆਗ ਦੇ ਦਿਨ ਹਨ। ਪਿਆਰ ਵਾਲਿਆਂ ਲਈ ਖੇੜੇ ਦਾ ਪ੍ਰਤੀਕ ਹੈ ਸੱਚੇ ਪਾਤਸ਼ਾਹ ਦੀ ਇਹ ਬਾਣੀ -

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*<br>
*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ ॥ ਅੰਗ- ੭੨੯*

*ਭਾਈ (ਡਾ.) ਸੁਖਵਿੰਦਰ ਸਿੰਘ*<br>
*ਮੈਨੇਜਿੰਗ ਐਡੀਟਰ 'ਆਤਮ ਮਾਰਗ'*<br>
*46-12900*

# ਕਤਿਕਿ

## ਸੰਗਰਾਂਦ-ਅਕਤੂਬਰ 17 (ਦਿਨ ਐਤਵਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**
**ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥**
**ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥**
**ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥**
**ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥**
**ਵਡਭਾਗੀ ਮੇਰਾ ਪ੍ਰਭ ਮਿਲੈ ਤਾਂ ਉਤਰਹਿ ਸਭਿ ਬਿਓਗ ॥**
**ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥**
**ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥ 9 ॥** ***ਅੰਗ - ੧੩੫***

### ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥

ਕੱਤਕ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜੋ ਵੀ ਜੀਵ ਚੰਗੇ ਮੰਦੇ ਕਰਮਾਂ ਨੂੰ ਕਮਾਵਣੇ=ਕਮਾਉਣਾ ਕਰਦੇ ਹਨ, ਉਸ ਦਾ ਹੀ ਫਲ ਭੋਗਦੇ ਹਨ, ਇਸ ਲਈ ਕਾਹੂ=ਕਿਸੇ ਦੇ ਤਾਈਂ ਦੋਸ਼ ਲਾਉਣਾ ਯੋਗ ਨਹੀਂ ਹੈ ਵਾ: ਕਤਿਕਿ=ਕੱਤਕ ਮਹੀਨੇ ਦੀ ਤਰ੍ਹਾਂ ਮਨੁੱਖਾ ਸਰੀਰ ਹੈ ਜੋ ਕਿ ਕਰਮਾਂ ਦੇ ਤਾਈਂ ਕਮਾਵਣੇ=ਕਮਾ ਰਿਹਾ ਹੈ। ਜਿਹੋ ਜਿਹੇ ਕਰਮ ਕਮਾਵੇਗਾ, ਉਹੋ ਜਿਹਾ ਫਲ ਮਿਲਦਾ ਹੈ। ਇਸ ਲਈ ਕਿਸੇ ਦੂਸਰੇ ਸਿਰ ਦੋਸ਼ ਲਾਉਣਾ ਕਾਹੂ=ਕਿਸੇ ਤਰ੍ਹਾਂ ਵੀ ਜੋਗੁ=ਚੰਗਾ ਨ=ਨਹੀਂ ਹੈ ਵਾ: ਜੋ ਜੀਵ=ਆਤਮਾ ਕਰਮਾਂ ਨੂੰ ਕਮਾਵਣੇ=ਕਮਾ ਰਿਹਾ ਹੈ, ਸ਼ੁਭ ਅਤੇ ਅਸ਼ੁਭ ਕਰਮਾਂ ਰੂਪੀ ਸੂਤ ਨੂੰ ਕਤਿਕਿ=ਕੱਤ ਰਿਹਾ ਹੈ, ਉਸੇ ਅਨੁਸਾਰ ਹੀ ਮੰਦੇ ਕਰਮਾਂ ਦਾ ਫਲ ਦੁਖ ਅਤੇ ਚੰਗੇ ਕਰਮਾਂ ਦਾ ਫਲ ਸੁਖ ਪ੍ਰਾਪਤ ਹੁੰਦਾ ਹੈ। ਇਸ ਦੁਖ ਦਾ ਦੋਸ਼ ਕਾਹੂ=ਕਿਸੇ ਦੂਜੇ ਦੇ ਸਿਰ ਲਾਉਣਾ ਜੋਗੁ=ਉਚਿਤ ਨਹੀਂ ਹੈ।

### ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥

ਅਕਾਲ ਪੁਰਖ ਨੂੰ ਭੁਲਿਆਂ=ਵਿਸਰਨ ਤੇ=ਤੋਂ ਸਭੇ=ਸਾਰੇ ਮਨੁੱਖਾ ਜੀਵਨ ਦੇ ਭਿਆਨਕ ਰੋਗ ਵਿਆਪਨਿ=ਚਿੰਬੜ ਜਾਂਦੇ ਹਨ ਵਾ: ਪਰਮੇਸ਼ਰ (ਪਰਮ+ਈਸਰ) ਜੋ ਪਰਮ=ਵੱਡਾ ਈਸਰ=ਈਸ਼ਵਰ ਹੈ, ਅਕਾਲ ਪੁਰਖ ਵਾਹਿਗੁਰੂ ਹੈ, ਉਸ ਨੂੰ ਭੁੱਲ ਕੇ ਸਾਰੇ ਰੋਗ ਚਿੰਬੜਦੇ ਹਨ। ਅਰਥਾਤ ਅਗਿਆਨ, ਬੁਰਾ ਭਲਾ ਸਮਝਣਾ, ਦੁਸ਼ਮਣ, ਮਿੱਤਰ, ਉਸਤਤ, ਨਿੰਦਾ। ਇਹ ਵਿਆਪਨਿ=ਚਿੰਬੜ ਜਾਂਦੇ ਹਨ। ਵਾਹਿਗੁਰੂ ਤੋਂ ਬਿਨਾਂ ਜੀਵ ਇਹਨਾਂ ਵਿਚ ਉਲਝ ਕੇ ਰਹਿ ਜਾਂਦਾ ਹੈ।

### ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥

ਜੋ ਰਾਮ=ਰਮੇ ਹੋਏ ਪਰਮੇਸ਼ਰ ਤੇ=ਤੋਂ ਵੇਮੁਖ ਭਾਵ ਉਲਟ ਹੋਏ=ਹੋ ਗਏ ਹਨ, ਉਹਨਾਂ ਨੂੰ ਜਨਮਾਂ ਜਨਮਾਤਰਾਂ ਦੇ ਵਿਜੋਗ=ਵਿਛੋੜੇ ਲਗਨਿ=ਲੱਗ ਜਾਂਦੇ ਹਨ ਵਾ: ਜਨਮ=ਜੰਮਣਾ ਤੇ ਵਿਜੋਗ=ਵਿਛੋੜਾ (ਮਰਨਾ) ਅਰਥਾਤ ਜੰਮਣ ਮਰਣ ਰੂਪ ਦੁੱਖ ਲੱਗਾ ਰਹਿੰਦਾ ਹੈ। ਇਸ ਕਰਕੇ ਆਵਾਗਉਣ, ਜੰਮਣ ਮਰਣ ਵਿਚ ਪਏ ਰਹਿੰਦੇ ਹਨ। ਸਕਾਮ ਕਰਮਾਂ ਰੂਪੀ ਪੂੰਜੀ ਲਿਆਉਂਦੇ ਹਨ, ਉਹਨਾਂ ਨੂੰ ਭੋਗ ਕੇ ਖਾਲੀ ਚਲੇ ਜਾਂਦੇ ਹਨ।

### ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥

ਜਿਤੜੇ=ਜਿਤਨੇ ਵੀ ਮਾਇਆ ਦੇ ਭੋਗ=ਪਦਾਰਥ ਸਨ, ਇਹ ਸਾਰੇ ਅੰਤ ਸਮੇਂ ਇਕ ਖਿਨ=ਛਿਨ ਮਹਿ=ਵਿਚ ਕਉੜੇ ਭਾਵ ਦੁਖਦਾਇਕ ਹੋ ਗਏ ਵਾ: ਜੋ ਜੀਵ ਨੇ ਮਾਇਆ ਦੇ ਭੋਗ ਪਦਾਰਥਾਂ ਨੂੰ ਮਿੱਠੇ ਰਸਦਾਇਕ ਸੁਆਦਲੇ ਮੰਨਿਆ ਸੀ, ਉਹ ਅੰਤ ਨੂੰ ਜ਼ਹਿਰੀਲੇ ਹੋ ਕੇ ਚਿੰਬੜ ਜਾਂਦੇ ਹਨ। ਜਿਵੇਂ ਕੋਈ ਆਦਮੀ ਜ਼ਹਿਰ ਵਾਲੇ ਲੱਡੂ ਨੂੰ ਮਿੱਠਾ ਜਾਣ ਕੇ ਖਾ ਲਵੇ ਤਾਂ ਜ਼ਹਿਰ ਉਸ ਦੇ ਫੇਫੜਿਆਂ ਨੂੰ ਪਾੜ ਦਿੰਦੀ ਹੈ ਅਤੇ ਪ੍ਰਾਣ ਨਿਕਲ ਜਾਂਦੇ

*(ਬਾਕੀ ਪੰਨਾ 20 ਤੇ)*

# ਮਨੁ ਬੇਚੈ ਸਤਿਗੁਰ ਕੈ ਪਾਸਿ..........॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

***(ਲੜੀ ਜੋੜਨ ਲਈ, ਦੇਖੋ ਸਤੰਬਰ ਅੰਕ, ਪੰਨਾ-39)***

ਸ੍ਰੀ ਗੁਰੂ ਨਾਨਕ ਪਾਤਸ਼ਾਹ ਸਿਆਲਕੋਟ 'ਚ ਚਲੇ ਜਾਂਦੇ ਨੇ। ਉਥੇ ਇਕ ਪੀਰ ਹਮਜ਼ਾਗੋਂਸ਼ ਨਾਮ ਦਾ ਚਿਲ੍ਹੇ ਵਿਚ ਬੈਠਾ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਮਰਦਾਨੇ ਨੂੰ ਭੇਜਿਆ ਕਿ ਮਰਦਾਨਿਆਂ! ਔਹ ਸਾਮ੍ਹਣੇ ਗੁੰਬਦ ਹੈ। ਉਹਦੇ 'ਚ ਇਕ ਪੀਰ ਗੁੱਸੇ 'ਚ ਆਇਆ ਹੋਇਆ ਚਿਲ੍ਹਾ ਕੱਟ ਰਿਹੈ। ਜਾਹ ਉਹਨੂੰ ਆਵਾਜ਼ ਦੇ ਕੇ ਸਾਡੇ ਕੋਲ ਬੁਲਾ ਲਿਆ। ਜਲ ਰਿਹੈ, ਭਖ ਰਿਹੈ ਤੇ ਉਹਨੂੰ ਕੁਝ ਸ਼ਾਂਤੀ ਦੇਈਏ।

ਮਰਦਾਨਾ ਜਾਂਦੈ ਤਾਂ ਉਹਦੇ ਮੁਰੀਦ ਕਹਿਣ ਲੱਗੇ, ਭਾਈ ਮਰਦਾਨਾ! ਸਾਡਾ ਪੀਰ ਤੇਰੇ ਗੁਰੂ ਨਾਲੋਂ ਘੱਟ ਨਹੀਂ, ਕਿਉਂ ਜਾਵੇ ਉਹ। ਫੇਰ ਦੂਸਰਾ ਉਹ ਚਿਲ੍ਹੇ ਵਿਚ ਬੈਠਾ ਹੈ ਤੇ ਅੱਜ 25 ਦਿਨ ਹੋਏ ਨੇ। 15 ਦਿਨ ਤਕ ਸ੍ਰੀ ਗੁਰੂ ਨਾਨਕ ਜੀ ਨੂੰ ਕਹਿ ਦੇ, ਇੰਤਜ਼ਾਰ ਕਰ ਲੈਣ। ਮਰਦਾਨਾ ਵਾਪਸ ਆ ਗਿਆ। ਮਹਾਰਾਜ ਕਹਿੰਦੇ, ਮਰਦਾਨਿਆ! ਇਕ ਵਾਰੀ ਫੇਰ ਜਾਹ। ਦੁਬਾਰਾ ਫੇਰ ਗਿਆ। ਫੇਰ ਬੇਨਤੀ ਕਰੀ ਕਿ ਪਿਆਰਿਓ! ਸ੍ਰੀ ਗੁਰੂ ਨਾਨਕ ਦੇਵ ਜੀ ਬੇਅੰਤ ਪੀਰਾਂ-ਫਕੀਰਾਂ ਨੂੰ ਮਿਲ ਚੁਕੇ ਨੇ। ਉਹ ਸਾਰੇ ਪੀਰ, ਇਥੋਂ ਤਕ ਕਿ ਕਾਹਬਾ ਸ਼ਰੀਫ ਦੇ ਜਿਹੜੇ ਮਜ਼ਾਰ ਨੇ, ਉਹ ਵੀ ਇਹਨਾਂ ਦੀ ਇੱਜ਼ਤ ਕਰਦੇ ਨੇ, ਸਤਿਕਾਰ ਨਾਲ ਇਹਨਾਂ ਦੇ ਚਰਨਾਂ 'ਤੇ ਸਿਜਦਾ ਕੀਤਾ ਹੈ, ਕੋਈ ਭੇਤ ਹੈ, ਤੁਸੀਂ ਕਹਿ ਦਿਓ ਆਪਣੇ ਪੀਰ ਨੂੰ। ਬੁਰੀ ਬਾਤ ਨਹੀਂ ਮੈਂ ਕਹਿ ਰਿਹਾ। ਕਹਿੰਦੇ, ਅਸੀਂ ਪੀਰ ਪ੍ਰਸਤ ਹਾਂ। ਜਿਵੇਂ ਤੂੰ ਗੁਰੂ ਪ੍ਰਸਤ ਹੈਂ, ਇਵੇਂ ਅਸੀਂ ਪੀਰ ਪ੍ਰਸਤ ਹਾਂ। ਸਾਨੂੰ ਵੀ ਆਪਣੇ ਪੀਰ ਦਾ ਧਿਆਨ ਹੈ। ਅਸੀਂ ਨਹੀਂ ਕਹਿਣਾ।

ਤੀਸਰੀ ਵਾਰ ਮਹਾਰਾਜ ਨੇ ਫੇਰ ਭੇਜਿਆ ਕਹਿੰਦੇ, ਮਰਦਾਨਿਆ! ਜਾਹ, ਜਾ ਕੇ ਫੇਰ ਕਹਿ ਦੇ। ਨਾਲ ਇਸ ਤਰ੍ਹਾਂ ਕਹਿ ਦੇਈ, ਹੁਣ ਤਾਂ ਆ ਜਾਵੇ ਚੰਗੀ ਗੱਲ ਹੈ, ਆਉਣਾ ਉਹਨੂੰ ਪੈਣਾ ਹੈ। 12 ਵਜੇ ਆ ਜਾਏਗਾ ਫੇਰ। ਫੇਰ ਨਾਲੇ ਅਫਸੋਸ ਕਰੇਗਾ, ਨਾਲੇ ਆਵੇਗਾ, ਨਾਲੇ ਤੁਹਾਨੂੰ ਬੁਰਾ ਭਲਾ ਕਹੇਗਾ। ਚੰਗਾ ਹੈ ਜੇ ਹੁਣ ਵੀ ਹਾਕ ਮਾਰ ਦਿਓ।

ਉਹ ਕਹਿੰਦੇ, ਜਿਹੜੀ ਤੈਨੂੰ ਇਕ ਵਾਰੀ ਗੱਲ ਕਹਿ ਦਿਤੀ, ਕਹਿ ਦਿਤੀ। ਤੂੰ ਬਾਰ-ਬਾਰ ਕਹੀ ਜਾਂਦੈ, ਬੜਾ ਢੀਠ ਬੰਦੈ। ਤੂੰ ਦਸਦਾ ਨਹੀਂ ਉਹਨਾਂ ਨੂੰ ਜਾ ਕੇ?

ਭਾਈ ਮਰਦਾਨਾ ਕਹਿਣ ਲੱਗਿਆ, ਮੈਂ ਤਾਂ ਹੁਕਮ ਦਾ ਬੰਨ੍ਹਿਆਂ ਹੋਇਆ ਹਾਂ ਪਿਆਰਿਓ! ਹੁਕਮੀ ਬੰਦਾ ਹਾਂ। ਜਿਹੜਾ ਕੁਛ ਤੁਹਾਡਾ ਜੀਅ ਕਰਦਾ ਹੈ ਕਹਿ ਲਓ। ਪਰ ਤੁਹਾਡਾ ਪੀਰ 12 ਵਜੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਆਪੇ ਹੀ ਪਹੁੰਚ ਜਾਏਗਾ। ਸਾਰਾ ਸ਼ਹਿਰ ਸਹਿਮਿਆ ਪਿਐ ਕਿ ਪੀਰ ਨੇ ਸ਼ਹਿਰ ਗ਼ਰਕ ਕਰ ਦੇਣੈ। ਪੰਦਰਾਂ ਦਿਨ ਉਹਦਾ ਚਿਲ੍ਹਾ ਬਾਕੀ ਬਚਦੈ। ਇਕ ਦਮ ਖਬਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਪਹੁੰਚ ਗਈ ਕਿ ਆ ਗਿਆ, ਰੱਖਣ ਵਾਲਾ ਸ਼ਹਿਰ ਨੂੰ। ਉਸ ਵੇਲੇ ਹੁੰਮਾ-ਹੁੰਮਾ ਕੇ ਸਾਰੇ ਦੇ ਸਾਰੇ ਜੋ ਉਥੇ ਦੇ ਵਸਨੀਕ ਸੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਵਲ ਨੂੰ ਚੱਲ ਪਏ। ਬੇਰੀ ਦੇ ਹੇਠ ਸ੍ਰੀ ਗੁਰੂ ਨਾਨਕ ਪਾਤਸ਼ਾਹ ਬੈਠੇ ਨੇ। ਉਥੇ ਪਹੁੰਚ ਜਾਂਦੇ ਨੇ। ਨਮਸ਼ਕਾਰਾਂ ਕਰਦੇ ਨੇ, ਬਹੁਤ ਰੋਂਦੇ ਨੇ ਕਿ ਮਹਾਰਾਜ ਸਾਡਾ ਕਸੂਰ ਕੋਈ ਨਹੀਂ। ਅਸੀਂ ਕੀ ਕਰਿਐ ਕਿ ਪੀਰ ਸ਼ਹਿਰ ਨੂੰ ਗਰਕ ਕਰਨ ਲਗਿਐ। ਕਿਉਂਕਿ ਐਸੀਆਂ ਸ਼ਕਤੀਆਂ ਆਮ ਹੋਇਆ ਕਰਦੀਆਂ ਨੇ। ਸ੍ਰੀ ਗੁਰੂ ਨਾਨਕ ਨੇ ਸਾਨੂੰ ਇਹਨਾਂ ਸ਼ਕਤੀਆਂ ਤੋਂ ਵਰਜਿਆ ਹੈ ਕਿਉਂਕਿ ਮੁਰਦੇ ਜੋ ਹੋਏ। ਮੁਰਦੇ ਦਾ ਕੰਮ ਨਹੀਂ ਹੈ ਸ਼ਕਤੀਆਂ ਦਿਖਾਉਣਾ। ਸੋ ਇਸ ਕਰਕੇ 12 ਵਜੇ ਮਹਾਰਾਜ ਦੇ ਮੁਖ 'ਚੋਂ ਨਿਕਲ ਚੁਕਿਆ ਸੀ। ਧੁੱਪ ਘੜੀ ਦੇਖਣ ਲਗ ਗਏ। ਖੜ੍ਹੇ ਹੋ-ਹੋ ਦੇਖਦੇ ਨੇ। ਅੰਗੂਠੇ 'ਤੇ ਛਾਂ ਆ ਗਈ ਕਿ ਨਹੀਂ ਆ ਗਈ। ਕਿਉਂਕਿ ਆਹੀ ਤਰੀਕਾ ਹੁੰਦੈ। ਸਿੱਧਾ ਆਦਮੀ ਖੜ੍ਹੈ। ਸਹੀ ਕੱਦ ਜਿਹਦਾ ਹੋਵੇ। ਉਹ ਬਿਲਕੁਲ ਹੇਠਾਂ ਕਰਕੇ ਦੇਖੇ, ਜੇ ਸੂਰਜ ਦੀ ਧੁੱਪ ਅੰਗੂਠੇ ਨਾਲ ਲਗ ਗਈ ਸਮਝ ਲਓ, 12 ਵਜ ਗਏ। ਅੱਧਾ ਦਿਨ ਲੰਘ ਗਿਆ। ਇਸ ਤਰ੍ਹਾਂ ਦੇ ਨਾਲ ਦੇਖਦੇ ਨੇ ਕਿ ਹੁਣ ਵਜੇ 12, ਹੁਣ ਵਜੇ। ਅਵਾਜ਼ ਆਈ ਗੜ੍ਹਗੜਾਹਟ ਦੀ ਜਿਵੇਂ ਬਹੁਤ ਵੱਡਾ ਖੜਕਾ ਆਇਆ ਹੁੰਦੈ। ਹਫੜਾ-ਦਫੜੀ ਮਚ ਗਈ ਉਥੇ। ਪੀਰ ਇਕ ਦਮ ਬਾਹਰ ਆ ਗਿਆ। ਗੁੰਬਦ ਫਟ ਗਿਆ ਖ਼ੁਰਬੂਜੇ ਵਾਂਗਣ ਜਿਵੇਂ ਖਰਬੂਜੇ ਦੀਆਂ ਫਾੜੀਆਂ ਬਾਹਰ ਨੂੰ ਹੋ ਜਾਣ। ਇਕ ਦਮ ਬਾਹਰ ਨੂੰ ਹੋ ਗਿਆ। ਸੂਰਜ ਦੀ ਲੋਅ ਪੈ ਗਈ। ਸੂਰਜ ਉਹਨੇ ਕਿਹਾ ਸੀ ਤਾਂ ਦੇਖਣੈ ਜਦੋਂ ਸ਼ਹਿਰ ਗਰਕ ਹੋ ਜਾਏਗਾ। ਚਿਲ੍ਹਾ ਟੁੱਟ ਗਿਆ। ਬਾਹਰ ਆ ਗਿਆ। ਘਬਰਾਇਆ ਹੋਇਆ ਬਹੁਤ ਹੈ। ਮੁਰੀਦਾਂ ਨੂੰ ਕਹਿਣ ਲੱਗਿਆ ਕਿ ਕੋਈ ਆਇਆ ਸੀ ਇਥੇ? ਨੀਵੀਆਂ ਪਾਈ ਖੜ੍ਹੇ ਨੇ। ਕਹਿੰਦਾ, ਬੋਲਦੇ ਕਿਉਂ ਨਹੀਂ?

ਉਹ ਕਹਿੰਦੇ, ਮਹਾਰਾਜ! ਸ੍ਰੀ ਗੁਰੂ ਨਾਨਕ ਦੇਵ

ਜੀ ਆਏ ਹੋਏ ਨੇ। ਉਹਨਾਂ ਦਾ ਬੰਦਾ ਭਾਈ ਮਰਦਾਨਾ ਤਿੰਨ ਵਾਰੀ ਆਇਆ ਸੀ।

ਕੀ ਕਹਿੰਦਾ ਸੀ?

ਕਹਿੰਦਾ, ਤੁਹਾਨੂੰ ਬੁਲਾਇਆ ਸੀ। ਜਾਂਦਾ ਹੋਇਆ ਕਹਿ ਗਿਆ ਕਿ 12 ਵਜੇ ਫੇਰ ਆਪੇ ਆਏਗਾ।

ਕਹਿੰਦਾ, ਮੇਰੀ ਬੇਇੱਜ਼ਤੀ ਕਰਾ ਕੇ ਹੀ ਤੁਹਾਨੂੰ ਮੱਤ ਆਈ ਨਾ ਕੁਝ। ਤੁਸੀਂ ਮੈਨੂੰ ਪਹਿਲਾਂ ਹੀ ਅਵਾਜ਼ ਮਾਰ ਦਿੰਦੇ। ਐਡੇ ਵੱਡੇ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਹੋਣ ਤੇ ਮੈਂ ਬੈਠਾ ਰਹਿੰਦਾ। ਮੈਂ ਉਹਨਾਂ ਦਾ ਨਾਉਂ ਸੁਣ ਕੇ ਹੀ ਚਲੇ ਜਾਣਾ ਸੀ। ਚਲੋ ਮੈਨੂੰ ਲੈ ਕੇ ਚੱਲੋ। ਥੱਕਿਆ ਹੋਇਆ ਸੀ, ਭੁੱਖਾ ਸੀ, ਖਾਧਾ ਕੁਛ ਨਹੀਂ ਸੀ 25 ਦਿਨ ਤੋਂ। ਜੌਂ ਦੇ ਆਸਰੇ ਵਰਤ ਰਖ ਰਿਹੈ। ਪਹਿਲਾਂ ਵੀਹ ਦਿਨ ਦੇ ਵਿਚ 20 ਦਾਣੇ ਖਾ ਕੇ, ਦੂਜੇ ਦਿਨ 19, ਤੀਜੇ ਦਿਨ 18, ਇਸ ਤਰ੍ਹਾਂ ਘਟਾਉਂਦੇ-ਘਟਾਉਂਦੇ ਵੀਹਵੇਂ ਦਿਨ ਇਕ ਦਾਣੇ 'ਤੇ ਆ ਜਾਂਦੇ ਸੀ। 21ਵੇਂ ਦਿਨ ਦੋ 'ਤੇ, ਇਵੇਂ ਜਿਵੇਂ ਵਧਦੇ-ਵਧਦੇ ਵੀਹ ਦਾਣਿਆਂ 'ਤੇ ਆ ਜਾਂਦੇ ਸੀ। ਚਿਲ੍ਹਾ ਕੱਟ ਹੋ ਜਾਂਦਾ ਸੀ, 42 ਦਿਨਾਂ ਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਕੋਲ ਆ ਗਿਆ। ਮਹਾਰਾਜ ਨੇ ਆਦਰ ਨਾਲ ਬਿਠਾ ਲਿਆ। ਕਹਿੰਦੇ, ਪੀਰ ਜੀ! ਕਰੇ ਗੀਗਾ ਤੇ ਭਰੇ ਬੀਬਾ? ਇਹ ਕੀ ਗੱਲ ਤੁਸੀਂ ਕਰੀ ਹੈ? ਕਿਉਂ ਸ਼ਹਿਰ ਨੂੰ ਗਰਕ ਕਰਨ ਲਗ ਗਏ। ਭਲੇ ਬੰਦੇ ਵੀ ਹੁੰਦੇ ਨੇ ਹਰ ਥਾਂ ਦੇ ਉਤੇ। ਜੇ ਬੁਰੇ ਨੇ ਬੁਰਿਆਂ ਨਾਲ ਭਲੇ ਵੀ ਨੇ। ਭਲਿਆਂ ਦੇ ਪ੍ਰਤਾਪ ਦੇ ਨਾਲ, ਸ਼ਹਿਰ ਵਸ ਜਾਇਆ ਕਰਦੈ। ਐਨਾ ਕਹਿਰ ਨਹੀਂ ਸੀ ਕਰਨਾ। ਦਰਵੇਸ਼ ਦਾ ਕਹਿਰ ਜਿਹੜਾ ਹੈ ਉਹ ਆਪਣੀ ਜਾਨ ਦੇ ਉਤੇ, ਉਹ ਠੀਕ ਨਹੀਂ ਹੁੰਦਾ ਝੱਲਣਾ-

ਕਹਿੰਦਾ, ਮਹਾਰਾਜ! ਇਹ ਤਾਂ ਝੂਠਿਆਂ ਦਾ ਸ਼ਹਿਰ ਹੈ। ਕਹਿੰਦੇ, ਗੱਲ ਕੀ ਹੋਈ?

ਮਹਾਰਾਜ! ਇਥੇ ਗੀਗਾ ਖੱਤਰੀ ਹੈ, ਉਸ ਦੇ ਉਲਾਦ ਨਹੀਂ ਸੀ ਹੁੰਦੀ। ਅਸੀਂ ਕਿਹਾ ਕਿ ਉਲਾਦ ਹੋ ਜਾਏਗੀ, ਪਹਿਲਾ ਫਲ ਸਾਨੂੰ ਦੇ ਦੇਈਂ। ਬੱਚਾ ਹੋ ਗਿਆ ਤੇ ਸਾਨੂੰ ਨਹੀਂ ਦਿਤਾ। ਕਹਿੰਦਾ, ਇਹ ਤਾਂ ਮਨ ਨੂੰ ਮੋਂਹਦਾ ਹੈ। ਇਹ ਤਾਂ ਦੇ ਦਿਓ ਸਾਨੂੰ, ਜਿਹੜਾ ਦੂਜਾ ਹੋਏਗਾ, ਅਸੀਂ ਉਹਦਾ ਚਿਹਰਾ ਨਹੀਂ ਦੇਖਾਂਗੇ। ਉਹ ਤੁਹਾਨੂੰ ਦੇ ਦੇਵਾਂਗੇ। ਦੂਜਾ ਹੋ ਗਿਆ। ਉਸ ਤੋਂ ਵੀ ਮੁਕਰ ਗਏ। ਤੀਜਾ ਹੋ ਗਿਆ, ਫੇਰ ਮੁਕਰ ਗਏ। ਚੌਥਾ ਹੋ ਗਿਆ, ਸਾਫ ਜਵਾਬ ਦੇ ਦਿਤਾ ਕਿ ਤੇਰਾ ਮਜ਼੍ਹਬ ਹੋਰ, ਸਾਡਾ ਮਜ਼੍ਹਬ ਹੋਰ। ਬੱਚਾ ਨਹੀਂ ਦੇਣਾ।

ਮਹਾਰਾਜ! ਝੂਠਾ ਬੰਦਾ ਜੇ ਪੀਰਾਂ ਫ਼ਕੀਰਾਂ ਦੀ ਬੇਇੱਜ਼ਤੀ ਕਰਨ ਲਗ ਜਾਵੇ ਤਾਂ ਫੇਰ ਤਾਂ ਇਹ ਲੋਕ ਬਹੁਤ ਚਾਮ੍ਹਲ ਜਾਣਗੇ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਨਹੀਂ ਪੀਰ ਜੀ! ਪੀਰ ਦਾ ਕੰਮ ਫੇਰ ਵੀ ਸਬਰ ਵਿਚ ਰਹਿਣਾ ਹੁੰਦੈ। ਇਹ ਗਲਤੀਆਂ ਕਰਦੇ ਨੇ, ਭੁੱਲੜ ਨੇ, ਆਪਣਾ ਕੰਮ ਨਹੀਂ ਇਹਨਾਂ ਨੂੰ ਪੈਰ-ਪੈਰ 'ਤੇ ਸਜ਼ਾ ਦੇਣਾ। ਪਹਿਲਾਂ ਵੀ ਸ਼ਹਿਰ ਗਰਕ ਹੋਇਆ ਸੀ?

ਕਹਿੰਦਾ, ਹਾਂ ਮਹਾਰਾਜ। ਜਦੋਂ ਪੂਰਨ ਦੇ ਹੱਥ ਵੱਢੇ ਨੇ, ਉਸ ਵੇਲੇ ਹੋਇਆ ਸੀ।

ਕਹਿੰਦੇ, ਸ਼ਹਿਰ 'ਚ ਕੋਈ ਤਾਂ ਚੰਗਾ ਹੋਏਗਾ?

ਕਹਿੰਦਾ, ਨਾ ਮਹਾਰਾਜ! ਸਾਰਾ ਸ਼ਹਿਰ ਝੂਠਿਆਂ ਦਾ ਹੈ।

ਕਹਿੰਦੇ, ਕਿਵੇਂ ਪਤੈ?

ਕਹਿੰਦਾ, ਇਕ ਵੀ ਬੰਦਾ ਨਹੀਂ ਆਇਆ ਜਿਹਨੇ ਹਾਅ ਦਾ ਨਾਅਰਾ ਮਾਰਿਆ ਹੋਵੇ ਜਾਂ ਇਨਸਾਫ ਕਰਾਉਣ ਵਾਲਾ। ਐਸੇ ਝੂਠੇ ਰਖਣੇ ਨਹੀਂ ਚਾਹੀਦੇ, ਗਰਕ ਹੋ ਜਾਣੇ ਚਾਹੀਦੇ ਨੇ।

ਮਹਾਰਾਜ ਕਹਿੰਦੇ, ਕੋਈ ਨਾ ਆਪਾਂ ਹੁਣ ਪਤਾ ਕਰ ਲੈਂਦੇ ਹਾਂ। ਸੋਨੇ ਦਾ ਟਕਾ ਕਿਸੇ ਨੇ ਚਾੜ੍ਹਿਆ। ਕਹਿੰਦੇ, ਮਰਦਾਨਿਆਂ! ਆਹ ਲੈ ਜਾ। ਇਕ ਪੈਸੇ ਦਾ ਸੱਚ ਲਿਆ ਖਰੀਦ ਕੇ, ਇਕ ਦਾ ਝੂਠ ਲਿਆ।

ਹੱਟੀ-ਹੱਟੀ ਤੁਰਿਆ ਫਿਰਦੈ ਮਰਦਾਨਾ। ਅਜੀਬ ਸੌਦਾ ਹੈ। ਦੇਣ ਵਾਲਾ ਕੋਈ ਨਹੀਂ। ਅਖੀਰ ਇਕ 22 ਸਾਲ ਦਾ ਨੌਜਵਾਨ ਉਹਨੇ ਸੁਣਿਆ ਕਹਿੰਦਾ, ਆ ਭਾਈ! ਮੈਂ ਤੈਨੂੰ ਸੌਦਾ ਦਿੰਦਾ ਹਾਂ।

ਦੋ ਪੁੜੀਆਂ ਉਹਦੇ ਹੱਥ 'ਚ ਫੜਾ ਦਿਤੀਆਂ ਲਿਖ ਕੇ, ਕਹਿੰਦਾ, ਲੈ ਜਾ।

ਜਾ ਕੇ ਮਰਦਾਨੇ ਨੇ ਕਿਹਾ, ਪੀਰ ਜੀ! ਤੁਸੀਂ ਖੋਲ੍ਹੋ ਆਪਣੇ ਹੱਥ ਨਾਲ। ਉਥੇ ਲਿਖਿਆ ਹੋਇਆ ਸੀ ਕਿ ਮਰਨਾ ਸੱਚ, ਜਿਉਣਾ ਝੂਠ। ਕਹਿੰਦੇ, ਜਿਸ ਸ਼ਹਿਰ ਦੇ ਅੰਦਰ ਇਕ ਵੀ ਬੰਦਾ ਹੈ, ਜਿਹਨੂੰ ਮਰਨਾ ਯਾਦ ਹੈ। ਉਹਦੀ ਬਦੌਲਤ ਸ਼ਹਿਰ ਵਸਦਾ ਰਹਿੰਦੈ। ਕਿਉਂਕਿ ਉਹਦੀ ਸੁਰਤੀ ਪ੍ਰਮੇਸ਼ਰ ਨਾਲ ਜੁੜਦੀ ਹੈ। ਵੈਰਾਗੀ ਬੰਦੇ ਦੀ। ਸੋ ਇਹ ਤਾਂ ਸ਼ਹਿਰ ਝੂਠਾ ਨਹੀਂ ਹੈ। ਇਕ ਬੰਦਾ ਇਹਦੇ ਵਿਚ ਸੱਚ ਤੇ ਝੂਠ ਦੀ ਪਛਾਣ ਕਰਨ ਵਾਲਾ ਹੈ। ਉਹਦੀ ਬਦੌਲਤ ਇਹ ਸ਼ਹਿਰ ਵਸਦਾ ਰਹਿਣ ਦੇ।

ਸੋ ਇਸ ਤਰ੍ਹਾਂ ਜਿਹੜੀ ਸਤਿ ਬਾਤ ਹੈ ਉਸ ਨੂੰ ਅਸੀਂ ਅਸਤਿ ਕਰਕੇ ਜਾਣਦੇ ਹਾਂ। ਸੰਸਾਰ ਤੋਂ ਅਸੀਂ ਚਲੇ ਜਾਣੈ। ਰਹਿਣਾ ਨਹੀਂ ਹੈ ਕਿਸੇ ਨੇ।

ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਭਜਨ ਇਹ ਤਾਂ ਨਹੀਂ ਕਰਦਾ ਕਿਉਂਕਿ ਇਹਦਾ ਜਿਹੜਾ ਚਿੱਤ ਹੈ, ਉਹ ਮਾਇਆ 'ਚ ਫਸਿਆ ਹੋਇਆ ਹੈ। ਇਹ ਜਿਉਣ ਨੂੰ ਸਤਿ ਜਾਣਦੈ ਅਤੇ ਜਿਹੜਾ ਅਸਤਿ ਹੈ ਸੰਸਾਰ ਜਿਸ 'ਤੇ ਰਹਿਣਾ ਨਹੀਂ ਕਿਸੇ ਨਹੀਂ ਕਿ –

*ਰਹਣੁ ਨ ਪਾਵਹਿ ਸੁਰਿ ਨਰ ਦੇਵਾ॥ ਅੰਗ-੭੪੦*

ਕੋਈ ਵੀ ਨਹੀਂ ਰਹਿੰਦਾ, ਇਕ ਵਾਰੀ ਜ਼ਮੀਨ ਆਸਮਾਨ ਨੂੰ ਪੁਛਣ ਲੱਗੀ। ਕਹਿੰਦੀ, ਐ ਆਸਮਾਨ! ਸੁਣੀਦੈ ਐਡਾ ਕੁ ਵੱਡਾ ਤੂੰ ਵੀ ਹੈਗਾ। ਕਿਉਂਕਿ ਹਰ ਥਾਂ ਦੇ ਉਤੇ ਪੁਲਾੜ (space) ਹੈ। ਇਕ ਗੱਲ ਦਸ, ਮੇਰੀ ਗੋਰ ਦੇ ਵਿਚ ਵੱਡੇ-ਵੱਡੇ ਆਏ। ਐਸੇ ਆਏ ਜਿਹਨਾਂ ਨੇ ਦੁਨੀਆਂ ਨੂੰ ਲਤਾੜ ਕੇ ਰਖ ਦਿਤਾ। ਵੱਡੇ-ਵੱਡੇ ਬਾਦਸ਼ਾਹ ਕਹਾਏ। ਵੱਡੇ-ਵੱਡੇ ਸਾਧੂ ਵੀ ਆਏ। ਬੜੇ ਮਹਾਤਮਾ ਵੀ ਆਏ, ਬੜੇ ਅਵਤਾਰ ਵੀ ਆਏ। ਬੜੇ ਪੈਗੰਬਰ ਆਏ। ਉਹ ਚਲੇ ਕਿਥੇ ਗਏ? ਇਸ ਤਰ੍ਹਾਂ ਪੜ੍ਹ ਲਓ ਪਿਆਰ ਨਾਲ-

*ਧਾਰਨਾ – ਕਿੱਥੇ ਗਏ ਨੇ ਪੈਗੰਬਰ ਪੀਰ ਔਲੀਏ,*
*ਦਿਸਦਾ ਨਾ ਕੋਈ ਜਗ 'ਤੇ।*

*ਜਿਮੀ ਪੁਛੈ ਅਸਮਾਨ*
*ਫਰੀਦਾ ਖੇਵਟ ਕਿੰਨਿ ਗਏ ॥ ਅੰਗ – ੪੮੮*

ਐ ਅਸਮਾਨ! ਤੇਰੀ ਪਹੁੰਚ ਦੂਰ-ਦਰਾਜ਼ ਖੰਡਾਂ-ਬ੍ਰਹਿਮੰਡਾਂ, ਕਰੋੜਾਂ ਬ੍ਰਹਿਮੰਡਾਂ ਤਕ ਹੈ। ਆਹ ਜਿਹੜੇ ਮੇਰੀ ਛਾਤੀ ਦੇ ਉਤੇ ਨਾਟ ਕਰਦੇ ਰਹੇ ਨੇ। ਫੌਜਾਂ ਲੈ-ਲੈ ਕੇ ਇਕ ਦੂਜੇ ਨੂੰ ਲੁਟਦੇ ਰਹੇ ਨੇ। ਮਾਰਦੇ ਰਹੇ ਨੇ। ਵੱਡੇ-ਵੱਡੇ ਸ਼ਕਤੀਆਂ ਵਾਲੇ ਇਥੇ ਮੇਰੇ ਪਾਸ ਹੋ ਕੇ ਸਾਰੇ ਚਲੇ ਕਿੱਥੇ ਗਏ।

ਕਹਿਣ ਲੱਗਿਆ, ਦੇਖ! ਇਨਸਾਨ ਸਗੋਂ ਹਰ ਜੀਵ ਦੋ ਚੀਜ਼ਾਂ ਦਾ ਬਣਿਆ ਹੋਇਐ। ਇਕ ਹਿੱਸਾ ਉਹਦਾ ਹੈਗਾ ਮਿੱਟੀ ਦਾ, ਪਾਣੀ ਦਾ, ਅੱਗ ਦਾ, ਹਵਾ ਦਾ ਤੇ ਆਕਾਸ਼ ਦਾ। ਉਹ ਪੰਜ ਤੱਤਾਂ ਦਾ ਬਣਿਆ ਹੋਇਐ। ਦੂਸਰਾ ਇਹਦੇ ਵਿਚ ਚੇਤਨ ਜੋਤ ਹੋਇਆ ਕਰਦੀ ਹੈ। ਜਿਹਨੂੰ ਰੂਹ ਕਹਿੰਦੇ ਨੇ। ਜਿਹੜਾ ਨਾਂ ਤੇਰਾ ਸੀ, ਉਹ ਤਾਂ ਇਥੇ ਹੀ ਰਹਿ ਗਿਆ। ਜਿਹੜੀ ਰੂਹ ਸੀ ਉਹ ਇਥੇ ਨਹੀਂ ਹੈ, ਉਹ ਚਲੀ ਗਈ।

*ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥*
*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ੮ ॥ ੨ ॥*
*ਅੰਗ – ੪੮੮*

ਕਹਿੰਦੇ, ਕੁਛ ਤਾਂ ਜਾਲ ਦਿਤੇ, ਕੁਛ ਕਬਰਾਂ ਦੇ ਵਿਚ ਦੱਬੇ ਪਏ ਨੇ। ਇਹਦੇ ਵਿਚ ਜਿਹੜਾ ਜੀਅ ਸੀ, ਹੁਣ ਦਰਗਾਹ ਦੇ ਵਿਚ ਜਾ ਕੇ ਉਲਾਂਭੇ ਸਹਿੰਦੈ, ਵੱਡੇ-ਵੱਡੇ ਪੀਰਾਂ, ਪੈਗੰਬਰਾਂ, ਔਲੀਆਂ ਦੇ। ਉਥੇ ਬਾਰ-ਬਾਰ ਪੇਸ਼ੀ ਹੁੰਦੀ ਹੈ ਕਿ ਆਹੀ ਦਸ ਕੇ ਆਇਆ ਸੀ? ਆਹੀ ਉਪਦੇਸ਼ ਦੇ ਕੇ ਆਇਆ ਸੀ? ਕਿਵੇਂ ਜਨਤਾ ਖਹਿ-ਖਹਿ ਮਰਦੀ ਹੈ ਮਜ਼੍ਹਬ ਦੇ ਨਾਂ 'ਤੇ। ਬਾਹਰ ਕੱਢੇ ਨੇ ਦਰਵਾਜ਼ੇ 'ਤੇ ਖੜ੍ਹੇ ਨੇ। ਹੁਕਮ ਨਹੀਂ ਹੈ ਅੰਦਰ ਵੜਨ ਦਾ। ਉਹ ਉਲਾਂਭੇ ਸਹਿ ਰਹੇ ਨੇ, ਜਿਹਨਾਂ ਨੂੰ ਇਥੇ ਬਣਾ ਕੇ ਗਏ। ਚਾਹੇ ਸੰਤ ਹੈ, ਉਹਦੇ ਮੁਰੀਦ ਨੇ, ਚਾਹੇ ਗੁਰੂ ਪੀਰ ਔਲੀਆ ਹੈ, ਉਹਦੇ ਸਿੱਖ ਸੇਵਕ ਨੇ, ਮੁਰੀਦ ਨੇ, ਪੀਰ ਹੈ, ਚਾਹੇ ਕੋਈ ਪੈਗੰਬਰ ਹੈ। ਸਾਰਿਆਂ ਦੇ ਪਿਛੋਂ ਉਹਨਾਂ ਨੂੰ ਮੰਨਣ ਵਾਲੇ ਹੁੰਦੇ ਨੇ। ਲੇਕਿਨ ਅਗਿਆਨੀ ਲੋਕ ਆਪਸ ਵਿਚ ਲੜੀ ਜਾਂਦੇ ਨੇ। ਉਹ ਅਰਥ ਗਲਤ ਕੱਢ ਲੈਂਦੇ ਨੇ। ਆਪਸ 'ਚ ਲੜਾਈ ਭੜਾਈ ਜਿਹੜਾ ਆਪਣਾ ਸੁਭਾਅ ਹੈ, ਗੁਰੂ ਦਾ ਸੁਭਾਅ ਓਹੀ ਬਣਾ ਦਿੰਦੇ ਨੇ। ਕਹਿੰਦੇ, ਫੇਰ ਉਥੇ ਉਲਾਂਭੇ ਮਿਲਦੇ ਨੇ ਦਰਗਾਹ ਵਿਚ। ਅਰ ਉਹਨਾਂ ਨੂੰ ਸਜ਼ਾ ਕਿੰਨੀ ਮਿਲਦੀ ਹੈ। ਕਹਿੰਦੇ, ਇਕ ਕਲਪ ਚਾਰ ਅਰਬ ਬੱਤੀ ਕਰੋੜ ਸਾਲ ਦਰਵਾਜ਼ੇ 'ਤੇ ਖੜ੍ਹਨਾ ਪੈਂਦੈ। ਉਲਾਂਭੇ ਸਹਿਣੇ ਪੈਂਦੇ ਨੇ। ਆਹ ਹਾਲ ਹੈ ਕਹਿੰਦੇ, ਦੁਨੀਆਂ ਦਾ –

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

ਸੋ ਸੰਸਾਰ ਰਹਿਣ ਵਾਲਾ ਥਾਂ ਨਹੀਂ ਹੈ ਪਿਆਰਿਓ! ਇਹਦੇ ਵਿਚ ਮਨ ਲਾ ਕੇ ਅਸਲੀ ਗੱਲ ਨੂੰ ਅਸੀਂ ਭੁੱਲ ਗਏ। ਇਹ ਤਾਂ ਨਹੀਂ ਹੈ ਕਿ ਮੌਤ ਵਾਰਨਿੰਗ (ਚੇਤਾਵਨੀ) ਨਹੀਂ ਦਿੰਦੀ। ਬਾਰ-ਬਾਰ ਵਾਰਨਿੰਗ ਦਿੰਦੀ ਹੈ। ਮਾਂ-ਪਿਓ ਜਾਂਦੇ ਨੇ, ਚਲੇ ਜਾਂਦੇ ਨੇ, ਫੇਰ ਵੀ ਨਹੀਂ ਸਮਝਦਾ। ਮੈਂ ਤਾਂ ਨਹੀਂ ਜਾਣਾ ਇਹੀ ਗਏ ਨੇ। ਬਾਣੀ ਕਹਿੰਦੀ ਹੈ ਕਿ –

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥੭੩ ॥*
*ਅੰਗ- ੧੩੮੧*

ਦਸ ਤਾਂ ਸਹੀ ਉਹ ਚਲੇ ਕਿੱਥੇ ਗਏ। ਜਿਹੜੇ ਤੈਨੂੰ ਗੋਦੀ 'ਚ ਚੁਕ ਕੇ ਦਿਖਾਉਣ ਜਾਂਦੇ ਸੀ ਮੇਲਾ। ਉਂਗਲੀ ਫੜਾ ਕੇ ਤੈਨੂੰ ਸਕੂਲ 'ਚ ਲੈ ਕੇ ਜਾਂਦੇ ਸੀ। ਉਹ ਕਿੱਥੇ ਚਲੇ ਗਏ, ਤੈਨੂੰ ਕਦੇ ਖਿਆਲ ਹੀ ਨਹੀਂ

ਆਉਂਦਾ? ਫੇਰ ਇਹ ਹੈ ਕਿ ਵਾਰਨਿੰਗ ਆਉਂਦੀ ਹੈ, ਤੇਰੇ ਕੰਨ ਕੋਲ ਸਫੇਦ ਵਾਲ, ਮਲਕਲ ਮੌਤ ਪੈਦਾ ਕਰ ਦਿੰਦੈ। ਪਿਆਰਿਆ! ਖ਼ਬਰਦਾਰ ਹੋ, ਤੇਰਾ ਸਮਾਂ ਬੀਤ ਗਿਆ। ਜਿਵੇਂ ਅਧਿਆਪਕ ਇਮਤਿਹਾਨ ਵਾਲੇ ਹਾਲ ਵਿਚ ਕਹਿੰਦੇ ਨੇ, ਚੌਥਾ ਹਿੱਸਾ ਸਮਾਂ ਲੰਘ ਗਿਆ, ਅੱਧਾ ਸਮਾਂ ਲੰਘ ਗਿਆ। ਹੁਣ ਪੌਣਾ ਸਮਾਂ ਲੰਘ ਗਿਆ। ਵਾਰਨਿੰਗ ਆਉਂਦੀ ਹੈ। ਲੇਕਿਨ ਇਸ ਨੂੰ ਨਹੀਂ ਪਤਾ ਲਗਦਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੇਰੀ ਦਾੜ੍ਹੀ ਹੋਈ ਭੂਰ*
*ਪਿੱਛਾ ਦੂਰ ਰਹਿ ਗਿਆ।*

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥*
*ਅੰਗ- ੧੩੭੮*

ਇਮਤਿਹਾਨ ਲੈਣ ਵਾਲੇ ਨੇ ਅਵਾਜ਼ ਦੇ ਦਿਤੀ ਕਿ ਥੋੜ੍ਹਾ ਸਮਾਂ ਰਹਿ ਗਿਆ। ਬਹੁਤ ਲੰਘ ਚੁਕਿਆ। ਕਹਿੰਦੇ, ਇਹਨੂੰ ਸਮਝ ਹੀ ਨਹੀਂ ਆਉਂਦੀ। ਅਖੀਰ ਦੇ ਉਤੇ ਜਿਹੜੇ ਇਹਦੇ ਸਾਥੀ ਨੇ ਉਹ ਇਕ-ਇਕ ਕਰਕੇ ਇਹਦਾ ਸਾਥ ਛੱਡਣਾ ਸ਼ੁਰੂ ਕਰ ਦਿੰਦੇ ਨੇ।

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ- ੧੩੮੧*

ਉਹਦਾ ਤਾਂ ਇਲਾਜ ਕਰ ਲੈਂਦੈ, ਚਿੱਟੇ ਵਾਲ ਆਉਣੇ ਸ਼ੁਰੂ ਹੋ ਗਏ -

*ਜਮ ਰਾਜੇ ਕੇ ਹੇਰੂ ਆਏ.......॥ ਅੰਗ-੪੩੨*

ਸੁਨੇਹਾ ਲੈ ਕੇ ਆ ਗਏ ਕਿ ਹੁਣ ਤੂੰ ਕੁਛ ਕਰਿਆ ਨਹੀਂ, ਸੰਸਾਰ 'ਚ ਆ ਕੇ ਹੁਣ ਕਰ ਲੈ। ਤੈਨੂੰ ਖਬਰਦਾਰ ਕਰਨ ਆਏ ਹਾਂ। ਸਫੈਦ ਵਾਲ ਆ ਜਾਂਦੇ ਨੇ। ਉਹ ਉਹਦੀ ਸੁਣਦਾ ਨਹੀਂ। ਬਜ਼ਾਰ 'ਚੋਂ ਜਾ ਕੇ ਰੰਗ ਲੈ ਆਉਂਦੈ, ਉਤੇ ਲਾ ਲੈਂਦੈ, ਕਹਿੰਦਾ ਲੈ ਹੁਣ ਕੀ ਕਰੋਂਗੇ? ਉਹ ਤਾਂ ਹਟਣਾ ਨਹੀਂ ਹੈ ਪਿਆਰਿਓ! ਉਹ ਤਾਂ ਸਮਾਂ ਲੰਘਦਾ ਜਾਂਦੈ। ਹੁਣ ਸਾਥੀ ਸਾਥ ਛੱਡਣਾ ਸ਼ੁਰੂ ਕਰ ਦਿੰਦੇ ਨੇ। ਦੰਦ ਝੜ ਗਏ, ਨਵੇਂ ਲਵਾਉਣ ਦਾ ਯਤਨ ਕਰਦੈ। ਉਹ ਨਿਕਲ ਗਏ ਜਿਹੜੇ ਤੇਰੇ ਨਾਲ ਆਏ ਸੀ। ਲੱਤਾਂ ਕੰਬਣ ਲਗ ਗਈਆਂ, ਹੁਣ ਨਹੀਂ ਚਲਦੀਆਂ ਕਿ ਪੈਦਲ ਚੱਲੀਏ, ਚੱਲ ਕੇ 50-50 ਮੀਲ, ਪਹਿਲੇ ਜ਼ਮਾਨਿਆਂ 'ਚ ਤੁਰ ਜਾਂਦੇ ਸੀ। ਅੱਖਾਂ ਦੇਖਦੀਆਂ ਨਹੀਂ ਹਨ। ਐਨਕਾਂ ਲਾਉਂਦੈ, ਨੰਬਰ ਬਦਲਦਾ ਤੁਰਿਆ ਜਾਂਦੈ। ਦਿਸਦਾ ਹੀ ਨਹੀਂ, ਮੱਥੇ 'ਤੇ ਹੱਥ ਰੱਖ ਕੇ ਕਹਿੰਦੈ, ਕਾਕਾ! ਸਾਊ! ਮੈਂ ਪਛਾਣਿਆ ਨਹੀਂ, ਤੂੰ ਕੌਣ ਹੈਂ? ਉਹ ਚਿਹਰਾ ਹੀ ਨਹੀਂ ਲਗਦਾ। ਨਿਗ੍ਹਾ ਫਟ ਜਾਂਦੀ ਹੈ। ਪਛਾਣ 'ਚ ਆਉਂਦਾ ਹੀ ਨਹੀਂ। ਕੰਨ ਜਿਹੜੇ ਨੇ ਸੱਤ ਪਤਾਲਾਂ ਦੀ ਬਾਣੀ ਬਣ ਜਾਂਦੇ ਨੇ। ਸੁਣਦੇ ਹੀ ਨਹੀਂ ਹਨ। ਕਹਿੰਦਾ, ਉੱਚੀ ਬੋਲ। ਉਹ ਹਾਰ ਕੇ ਤੁਰ ਜਾਂਦੈ। ਕਹਿੰਦਾ ਇਹਦੇ ਨਾਲ ਕਿਹੜਾ ਮੱਥਾ ਮਾਰੇ, ਮਿਲਦੇ ਹੀ ਨਹੀਂ। ਪਹਿਲਾਂ ਜ਼ੋਰ ਲਾ-ਲਾ ਕੇ ਬੋਲਾਂਗੇ, ਤਾਂ ਇਹਨੂੰ ਬੋਲੇ ਬੱਦਲ ਨੂੰ ਗੱਲ ਸਮਝ 'ਚ ਆਉਣੀ ਹੈ। ਅਜੇ ਵੀ ਨਹੀਂ ਕਹਿੰਦਾ, ਅਜੇ ਵੀ ਨਹੀਂ ਕਹਿੰਦਾ ਕਿ ਮੈਂ ਜਾਣੈ। ਅਜੇ ਵੀ ਵੈਰ-ਵਿਰੋਧ ਦੀਆਂ ਗੱਲਾਂ ਕਰਦਾ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਅੰਗ- ੨੬੮*

ਲੜਾਈ ਦੀਆਂ, ਝਗੜਿਆਂ ਦੀਆਂ ਗੱਲਾਂ। ਉਥੇ ਸਾਡੇ ਇਕ ਬੰਦਾ ਚੜ੍ਹਾਈ ਕਰਨ ਲੱਗਿਆ। ਮੁੰਡੇ ਇਕੱਠੇ ਕਰ ਲਏ। ਕਹਿੰਦਾ, ਓਏ ਤੁਹਾਨੂੰ ਕੁਛ ਅਕਲ ਹੈ? ਕਹਿੰਦੇ, ਕੀ ਗੱਲ ਬਾਪੂ? ਕਹਿੰਦਾ, ਆਪਣਾ ਵੈਰ ਹੈ ਨਾ ਫਲਾਣੇ ਨਾਲ? ਕਹਿੰਦੇ, ਹਾਂ। ਕਹਿੰਦਾ, ਮੈਨੂੰ ਤੁਸੀਂ ਖੁਰਲੀ 'ਚ ਸੁੱਟ ਆਇਓ ਉਹਦੀ। ਪੁਲਿਸ ਨੂੰ ਲੈ ਆਇਓ, ਕਹਿ ਦਿਓ ਸਾਡਾ ਬਾਪੂ ਉਹਨੇ ਮਾਰ ਦਿਤਾ। ਮੈਂ ਮਰਨ ਵਾਲਾ ਹੀ ਹਾਂ। ਓਧਰ ਜਮਾਂ ਨੇ ਬਾਂਹ ਫੜੀ ਹੋਈ ਹੈ। ਓਧਰ ਬਦਲੇ ਲੈਣ ਦੀ ਗੱਲ ਆ ਰਹੀ ਹੈ ਉਹਦੇ ਮਨ ਵਿਚ। ਬਦਲਾ ਲੈ ਲਵਾਂ ਮਰ ਕੇ।

ਉਸ ਨੂੰ ਨਹੀਂ ਪਤਾ ਲਗਦਾ, ਐਨਾ ਮੂਰਖ ਹੋ ਗਿਆ ਇਨਸਾਨ। ਹੈ ਤਾਂ ਮਨੁੱਖ, ਮਹਾਰਾਜ ਕਹਿੰਦੇ, ਮਨੁੱਖ ਨਾ ਇਹਨੂੰ ਕਹੋ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ- ੨੫੧*

ਬਾਬਾ ਫਰੀਦ! 95 ਸਾਲ ਦੀ ਆਪ ਦੀ ਆਯੂ ਹੋਈ ਹੈ। 90 ਸਾਲ ਤੋਂ ਬਾਅਦ ਸੇਜ ਆਸਨੀ ਹੋਇਆ ਕਰਦੈ। ਸੇਜਾ 'ਤੇ ਆਸਣ ਲਗ ਜਾਂਦੈ। ਕੋਈ ਪਾਸਾ ਦਿਵਾਉਣ ਵਾਲਾ ਆ ਜਾਏ, ਬੜੀ ਮਿਹਰਬਾਨੀ। ਨਹੀਂ ਤਾਂ ਪਿਆ ਹੀ ਰਹਿੰਦੈ ਉਥੇ ਹੀ। ਉਠ ਨਹੀਂ ਸਕਦਾ। ਕਿਸੇ ਨੇ ਫੜ ਕੇ ਉਠਾਲ ਦਿਤਾ ਤਾਂ ਵੀ ਚੰਗਾ। ਕੋਈ-ਕੋਈ ਹੈ ਵਿਰਲਾ-ਵਿਰਲਾ ਜਿਹੜਾ ਤੁਰਦਾ ਫਿਰਦਾ ਜਾਂਦੈ। ਆਮ ਹਾਲਤ ਇਹੀ ਹੁੰਦੀ ਹੈ ਮਹਾਰਾਜ ਕਹਿੰਦੇ।

ਜੇਠ ਦਾ ਮਹੀਨੈ, ਪਾਣੀ ਦੀ ਪਿਆਸ ਲੱਗੀ ਹੋਈ ਹੈ। ਚਾਰ ਕੁ ਫੁੱਟ ਦੇ ਉਤੇ ਪਾਣੀ ਪਿਐ। ਕਈ ਵਾਰੀ ਬਾਂਹ ਲੰਮੀ ਕਰੀ ਕਿ ਲੋਟਾ ਚੁਕ ਲਵਾਂ ਪਰ ਚੁੱਕ ਨਾ ਸਕਿਆ। ਉਸ ਵੇਲੇ ਜੀਵਨ ਦੇ ਜਿਹੜੇ ਸਾਰੇ ਨਾਟ ਸੀ ਉਹ ਯਾਦ ਆ ਗਏ ਕਿ ਕਿਵੇਂ ਮੈਂ ਤੁਰਿਆ ਫਿਰਦਾ ਸੀ। ਕਿਸ ਤਰ੍ਹਾਂ ਦੇ ਨਾਲ ਦੂਰ-ਦਰਾਜ਼ ਦੇ ਸਫਰ ਕਰੇ। ਬਾਬਾ ਫਰੀਦ ਨੇ ਬਹੁਤ ਵੱਡੇ ਸਫ਼ਰ ਸ੍ਰੀ ਗੁਰੂ ਨਾਨਕ

ਪਾਤਸ਼ਾਹ ਵਾਂਗਣ ਕਰੇ ਨੇ। ਇਧਰਲੇ ਪਾਸੇ ਟਰਕੀ ਤੋਂ ਅਗਾਂਹਾਂ ਲਿਵਲਾਨ ਤਕ ਆਹ ਜਿਹੜੇ ਰੂਸ ਦੇ ਵਿਚ ਇਸਲਾਮ ਦੇ ਦੇਸ਼ ਨੇ, ਸਾਰੇ ਆਸਾਮ ਦੇ, ਬ੍ਰਹਮਾ ਤਕ, ਲੰਕਾ ਤਕ ਘੁੰਮਿਆ ਹੋਇਆ ਸੀ ਬਾਬਾ ਫਰੀਦ। ਕਹਿੰਦਾ-

*ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥*
*ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ ੨੦ ॥*

*ਅੰਗ- ੧੩੭੮*

ਤੇ ਅੱਜ ਤਾਂ ਮੈਨੂੰ ਇਸ ਤਰ੍ਹਾਂ ਲਗ ਰਿਹੈ ਕਿ ਜਿਵੇਂ ਸੌ ਕੋਹ ਦੇ ਉਤੇ ਪਾਣੀ ਦਾ ਬਰਤਨ ਪਿਆ ਹੁੰਦੈ। ਉਸ ਵੇਲੇ ਅਫਸੋਸ ਆਇਆ ਮਨ ਦੇ ਅੰਦਰ ਤੇ ਆਪਣਾ ਹਾਲ ਦੇਖ ਕੇ ਇਸ ਤਰ੍ਹਾਂ ਬੋਲਦੇ ਨੇ। ਪੜ੍ਹੋ ਪਿਆਰ ਨਾਲ -

*ਧਾਰਨਾ - ਤੈਨੂੰ ਛੱਡ ਗਏ ਬਾਲ ਸਖਾਈ,*
*ਜਿੰਦੇ ਤੈਨੂੰ ਛੱਡ ਗਏ।*

*ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥*
*ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ-੧੩੮੧*

ਕਿੱਥੇ ਗਈਆਂ ਅੱਖਾਂ, ਮੀਲ-ਮੀਲ ਤੋਂ, ਦੋ-ਦੋ ਮੀਲ ਤੋਂ ਬੰਦੇ ਨੂੰ ਪਛਾਣਦੀਆਂ ਸੀ। ਕਿੱਥੇ ਗਏ ਉਹ ਕੰਨ। ਜਿਹੜੇ ਦੋ-ਦੋ ਸੌ ਫੁੱਟ ਤੋਂ ਕੀਤੀ ਹੋਈ ਗੱਲ ਅਰਾਮ ਨਾਲ ਸੁਣ ਲੈਂਦੇ ਸੀ? ਕਿੰਨੀ-ਕਿੰਨੀ ਵਾਟ ਤੁਰਨ ਵਾਲੀਆਂ ਲੱਤਾਂ ਦੀ ਸ਼ਕਤੀ ਕਿੱਥੇ ਗਈ? ਹੱਥਾਂ ਦੀ ਕਿੱਥੇ ਗਈ? ਹੁਣ ਤਾਂ ਹੱਥ ਕੰਬਦੇ ਨੇ। ਕੋਈ ਮੂੰਹ ਨੂੰ ਪਾਣੀ ਲਾਵੇ ਤਾਂ ਪਿਲਾ ਦੇਵੇ। ਆਹ ਹਾਲ ਹੋ ਜਾਂਦੈ। ਜਵਾਨ ਬੰਦਾ ਕਹਿੰਦੈ, ਇਹੀ ਬੁੱਢਾ ਹੋਇਐ ਮੈਂ ਨਹੀਂ ਹੋਣਾ। ਸਾਰਿਆਂ ਦੀ ਗੱਲ ਇਹੀ ਹੈ। ਮੇਰੇ ਮਨ 'ਚ ਵੀ ਹੁੰਦੈ ਕਿ ਇਹੀ ਬੀਮਾਰ ਹੋਏ ਨੇ ਆਪਾਂ ਤਾਂ ਤਕੜੇ ਰਹਿਣੈ।

ਮਹਾਰਾਜ ਕਹਿੰਦੇ, ਇਹ ਜਿਹੜਾ ਸਾਰਾ ਰੌਲਾ-ਗੌਲਾ ਹੈ ਨਾ ਇਹ ਅਸਲੀ ਗੱਲ ਨੂੰ ਤਾਂ ਭੁੱਲ ਗਿਆ। ਨਕਲੀ ਵਲ ਪੈ ਗਿਆ। ਸੰਸਾਰ ਵਲ ਪਿਆ ਹੋਇਐ। ਜਿਹੜਾ ਕੰਮ ਕਰਨ ਆਇਆ ਸੀ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥*

*ਅੰਗ- ੧੨*

ਉਸ ਤੋਂ ਗਾਫ਼ਲ ਹੋ ਕੇ ਜਨਮ ਗਵਾ ਲਿਆ। ਵਿਸ਼ਵਾਸ਼ ਕਰ ਲਿਆ ਸਰੀਰ ਦਾ ਕਿ ਜੋਬਨ ਨਹੀਂ ਜਾਣਾ। ਮਹਾਰਾਜ ਕਹਿੰਦੇ, ਜੋਬਨ ਤਾਂ ਚਲਿਆ ਜਾਂਦੈ। ਇਹ ਅਟੱਲ ਨਿਯਮ ਹੈ -

*ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਵਾੜੀਆਂ,*
*ਖਿੜੀਆਂ ਨਾ ਸਦਾ ਰਹਿਣੀਆਂ।*

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥ ੧ ॥*

*ਅੰਗ- ੨੩*

ਦੋ-ਚਾਰ ਦਿਨ ਦਾ ਕੰਮ ਹੈ, ਉਸ ਤੋਂ ਬਾਅਦ ਫੇਰ ਬੁਢਾਪਾ ਆ ਜਾਂਦੈ। ਭਜਨ ਕਰਨ ਦਾ ਮੌਕਾ ਸੀ ਜਿਹੜਾ ਉਹ ਲੰਘਾ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਕਹਿੰਦੇ ਨੇ ਕਿ -

*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥*

*ਅੰਗ- ੨੨੬*

ਭੁੱਲ ਗਿਆ ਅਸਲੀਅਤ ਨੂੰ ਤੇ ਕਹਿਣ ਲੱਗ ਗਿਆ ਮਹਾਰਾਜ ਤਾਂ ਢਹਿੰਦੀ ਕਲਾ ਦਾ ਉਪਦੇਸ਼ ਦਿੰਦੇ ਨੇ। ਉਹ ਅਸਲੀਅਤ ਦਸ ਰਹੇ ਨੇ। ਤੇਰੀਆਂ ਚੜ੍ਹਦੀ ਕਲਾ ਦੀਆਂ ਗੱਲਾਂ ਕੀ ਕਰਨਗੀਆਂ। ਭੁੱਲ ਗਿਆ ਤੂੰ ਪ੍ਰਮੇਸ਼ਰ ਨੂੰ, ਨਾਮ ਨਹੀਂ ਜਪਿਆ। ਜਦੋਂ ਤਕ ਅੰਦਰ ਵੈਰਾਗ ਨਹੀਂ ਹੁੰਦਾ -

*ਬਿਨੁ ਬੈਰਾਗ ਨ ਛੂਟਸਿ ਮਾਇਆ॥ ਅੰਗ- ੩੨੯*

ਲਗਨ ਨਹੀਂ ਕਦੇ ਵੀ ਲਗਦੀ। ਲਗਨ ਤਾਂ ਲਗਦੀ ਹੈ ਜੇ ਅੰਦਰ ਵੈਰਾਗ ਹੋ ਜਾਵੇ। ਧਰੂ ਨੂੰ ਵੈਰਾਗ ਹੋ ਗਿਆ। ਪਿਉ ਮੋੜ ਰਿਹੈ ਕਿ ਆ ਕੇ ਰਾਜ ਲੈ-ਲੈ। ਨਹੀਂ ਮੁੜਿਆ। ਪੂਰਨ ਪਦ ਪ੍ਰਾਪਤ ਕਰਕੇ ਹੀ ਵਾਪਸ ਆਇਆ। ਕਹਿੰਦੇ -

*ਰਾਮ ਜਪਉ ਜੀਅ ਐਸੇ ਐਸੇ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥ ਅੰਗ-੩੩੭*

ਸੋ ਲਗਨ ਦੀ ਬਾਤ ਹੋਇਆ ਕਰਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿੰਦੇ, ਬੇਟਾ! ਛੋਟੀ ਉਮਰ ਤੇ ਐਡੀ ਲਗਨ ਤੈਨੂੰ, ਤੂੰ ਤਾਂ ਸਾਰਿਆਂ ਤੋਂ ਪਹਿਲਾਂ ਆਉਂਦੈ, ਫੇਰ ਸਾਰਿਆਂ ਤੋਂ ਬਾਅਦ ਵਿਚ ਜਾਂਦੈ। ਸੇਵਾ ਵੀ ਕਰਦੈਂ। ਕਾਰਨ ਕੀ ਹੈ?

ਸੱਚੇ ਪਾਤਸ਼ਾਹ! ਮੈਨੂੰ ਵਿਸ਼ਵਾਸ਼ ਹੋ ਗਿਆ ਕਿ ਕਾਲ ਦਾ ਗੁਲੇਲਾ ਕਦੇ ਵੀ ਲਗ ਸਕਦੈ। ***'ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥ ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥ '***

ਮਹਾਰਾਜ ਕਹਿੰਦੇ, ਧੰਨ ਹੈਂ ਪਿਆਰਿਆ! ਤੇਰੇ ਪਿਛਲੇ ਜਨਮਾਂ ਦੇ ਸੰਸਕਾਰ ਬਹੁਤ ਪ੍ਰਬਲ ਨੇ। ਬੰਦਗੀ ਕਰਨ ਵਾਲਾ ਹੈਂ ਤੂੰ। ਕ੍ਰਿਪਾ ਕਰੀ ਮਹਾਰਾਜ ਜੀ ਨੇ ਬੱਚੇ ਦੇ ਉਪਰ। ਕਿਉਂਕਿ ਵੈਰਾਗ ਪੈਦਾ ਹੋਇਆ ਅੰਦਰ।

ਵੈਰਾਗ ਤੋਂ ਬਿਨਾਂ ਮਾਇਆ ਨਹੀਂ ਟੁੱਟਦੀ। ਗੱਲਾਂ ਬਾਤਾਂ ਵਾਲੀ ਤਾਂ ਦੁਨੀਆਂ ਬਹੁਤ ਹੈ। ਮਹਾਰਾਜ ਕਹਿੰਦੇ, ਬੜੀ ਦੁਨੀਆਂ ਹੈ। ਬੜੇ ਕਹਿੰਦੇ ਨੇ ਕਿ ਮੈਂ ਚੰਗਾ ਹਾਂ, ਮੈਂ ਚੰਗਾ ਹਾਂ। ਪਰ ਚੰਗਿਆਈ ਦੇ ਨੇੜੇ ਤੇੜੇ ਵੀ ਨਹੀਂ। ਇਸ ਤਰ੍ਹਾਂ ਪੜ੍ਹ ਲਓ -

*ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥*
*ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥*

*ਅੰਗ- ੮੫*

ਆਹ ਸਾਡੇ ਮਨ ਵਿਚ ਹੋਣ ਕਰਕੇ ਗੱਲ ਬਣਦੀ ਨਹੀਂ ਹੈ। ਪੂਰਨ ਤੌਰ 'ਤੇ ਵੈਰਾਗ ਨਹੀਂ ਉਪਜਦਾ। ਦੁਨੀਆਂ ਨੂੰ ਵਿਚ ਰਖਦੇ ਹਾਂ। ਮਹਾਰਾਜ ਕਹਿੰਦੇ -

*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*

*ਅੰਗ- ੬੫੭*

ਹਲਤ ਦੀ ਫ਼ਿਕਰ ਕਿਉਂ ਹੈ ਤੁਹਾਡੇ ਮਨ ਦੇ ਅੰਦਰ। ਜੋ ਕੁਛ ਤੁਹਾਡੇ ਮੱਥੇ ਵਿਚ ਕਲਮ ਲਿਖ ਦਿਤੀ, ਉਹ ਤਾਂ ਮਿਲਣੀ ਹੀ ਮਿਲਣੀ ਹੈ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*

*ਅੰਗ- ੭੪*

ਇਕ ਵਾਰੀ ਇਕ ਬਾਦਸ਼ਾਹ ਜਾ ਰਿਹਾ ਸੀ। ਜਾਂਦੇ-ਜਾਂਦੇ ਰਾਜ ਜੋਤਸ਼ੀ ਜਿਹੜਾ ਮੱਥਾ ਦੇਖ ਕੇ, ਚਰਨ ਦੇਖ ਕੇ, ਹੱਥ ਦੇਖ ਕੇ, ਬੰਦੇ ਨੂੰ ਦੇਖ ਕੇ, ਉਹਦੀ ਬੋਲ ਚਾਲ ਦੇਖ ਕੇ, ਉਹਦੀ ਡੀਲ ਡੌਲ ਦੇਖ ਕੇ, ਉਹਦੇ ਭਵਿੱਖਤ ਨੂੰ ਜਾਣ ਜਾਇਆ ਕਰਦਾ ਸੀ। ਬਾਦਸ਼ਾਹ ਤੋਂ ਇਜਾਜ਼ਤ ਲਈ ਕਿ ਮਹਾਰਾਜ! ਅੱਜ ਆਪਾਂ ਪੈਦਲ ਜੰਗਲ 'ਚੋਂ ਜਾ ਰਹੇ ਹਾਂ। ਜੇ ਆਗਿਆ ਹੋਵੇ ਤਾਂ ਮੈਂ ਕਿਰਿਆ ਕਰ ਆਵਾਂ। ਮੈਦਾਨ 'ਚ ਚਲਿਆ ਗਿਆ, ਜੰਗਲ 'ਚ ਚਲਿਆ ਗਿਆ। ਵਾਪਸੀ ਦੇ ਉਤੇ ਇਕ ਬੱਚਾ ਲੱਕੜਾਂ ਵੱਢਦੈ। ਉਹਨੇ ਚਰਨ ਦੇਖਿਆ ਉਸਦਾ। ਮਸਤਕ ਦੇਖਿਆ, ਹੈਰਾਨ ਹੋ ਗਿਆ, ਬੱਚੇ ਨੂੰ ਹੇਠਾਂ ਲਾਹ ਲਿਆ। ਕਹਿੰਦਾ, ਬੇਟਾ! ਕੌਣ ਹੈਂ ਤੂੰ? ਕਿੱਥੇ ਰਹਿੰਦੈਂ?

ਕਹਿਣ ਲੱਗਿਆ, ਮੈਂ ਇਸੇ ਪਿੰਡ 'ਚ ਰਹਿੰਦਾ ਹਾਂ, ਮੈਂ ਮਜ਼ੂਰ ਹਾਂ। ਮੇਰੀ ਮਾਂ ਵੀ ਮਜ਼ੂਰ ਹੈ। ਕਹਿੰਦਾ, ਨਹੀਂ-ਨਹੀਂ ਸਮਾਂ ਆ ਗਿਆ, ਤੂੰ ਤਾਂ ਅੱਜ ਤੋਂ ਦੋ ਜਾਂ ਤਿੰਨ ਦਿਨ ਨੂੰ ਤਖਤ 'ਤੇ ਬੈਠ ਕੇ ਰਾਜ ਕਰਨ ਵਾਲਾ ਹੈਂ। ਸਮਾਂ ਆ ਚੁਕਿਆ ਹੈ। ਹਸ ਪਿਆ। ਕਹਿਣ ਲੱਗਿਆ, ਸਾਡੇ ਤਾਂ ਰੋਟੀ ਨਹੀਂ ਖਾਣ ਨੂੰ, ਰਾਜ ਕੀਹਦਾ ਅਸੀਂ ਕਰਨੈ?

ਕਹਿੰਦਾ, ਜਾਹ, ਮੇਰਾ ਜੋਤਿਸ਼ ਨਹੀਂ ਗਲਤ ਹੁੰਦਾ। ਆਹ ਹਫ਼ਤੇ ਦੇ ਅੰਦਰ-ਅੰਦਰ ਤੂੰ ਬਾਦਸ਼ਾਹ ਵੀ ਬਣਨੈ ਤੇ ਰਾਜੇ ਦੀ ਲੜਕੀ ਦੇ ਨਾਲ ਤੂੰ ਸ਼ਾਦੀ ਵੀ ਕਰਾਉਣੀ ਹੈ। ਹੈਰਾਨ ਹੋ ਗਿਆ ਕਿ ਪ੍ਰਮੇਸ਼ਰ ਦੀ ਗਤਿ ਦਾ ਕੁਝ ਪਤਾ ਨਹੀਂ ਲਗਦਾ। ਓਧਰ ਜਦੋਂ ਰਾਜੇ ਨੇ ਕਿਹਾ ਕਿ ਜੋਤਸ਼ੀ ਸਾਹਿਬ ਤੂੰ ਉਸ ਰਾਜੇ ਨਾਲ ਕੀ ਗੱਲਾਂ ਕਰ ਰਿਹਾ ਸੀ? ਕਹਿੰਦਾ, ਮਹਾਰਾਜ! ਮੈਂ ਤਾਂ ਪ੍ਰਮੇਸ਼ਰ ਦੀ ਕੁਦਰਤ ਦੇਖ ਕੇ ਹੈਰਾਨ ਹੋ ਰਿਹਾ ਸੀ?

ਕਹਿੰਦੇ, ਕੁਛ ਸਾਨੂੰ ਵੀ ਦਸ?

ਮਹਾਰਾਜ! ਮੈਨੂੰ ਜੀਵਨ ਦਾਨ ਬਖਸ਼ੋ। ਫੇਰ ਮੈਂ ਕਹਿ ਸਕਦਾ ਹਾਂ ਗੱਲ? ਗੱਲ ਵੱਡੀ ਹੈ, ਤੁਹਾਡੇ ਤੋਂ ਵੀ ਸਹੀ ਨਹੀਂ ਜਾਣੀ।

ਕਹਿੰਦਾ, ਜਾਹ, ਜਾਨ ਬਖਸ਼ੀ।

ਕਹਿੰਦਾ, ਮਹਾਰਾਜ! ਮੈਂ ਉਸ ਬੱਚੇ ਦੇ ਨਕਸ਼ ਦੇਖੇ, ਮੱਥਾ ਦੇਖਿਆ, ਹੱਥ ਦੇਖਿਆ, ਪੈਰ ਦੇ ਵਿਚ ਰੇਖਾ ਦੇਖੀ, ਉਹ ਸਮਾਂ ਆ ਗਿਆ, ਉਹ ਤਾਂ ਇਸ ਹਫ਼ਤੇ ਦੇ ਅੰਦਰ-ਅੰਦਰ ਤਖ਼ਤ 'ਤੇ ਬੈਠਣ ਵਾਲਾ ਹੈ ਤੇ ਤੁਹਾਡੀ ਲੜਕੀ ਦੇ ਨਾਲ ਉਹਦੀ ਸ਼ਾਦੀ ਹੋਣੀ ਹੈ। ਕਹਿੰਦਾ, ਹੈਂ ਮਜ਼ੂਰ ਨਾਲ ਮੇਰੀ ਲੜਕੀ ਦੀ ਸ਼ਾਦੀ?

ਕਹਿੰਦਾ, ਮਰਵਾ ਦਿਓ ਇਹਨੂੰ ਹੁਣੇ ਮਾਰ ਦਿਓ। ਬੜੀ ਬਦਨਾਮੀ ਹੋਏਗੀ ਮੇਰੀ। ਵਜ਼ੀਰ ਕਹਿਣ ਲੱਗਿਆ, ਮਹਾਰਾਜ! ਇਸ ਤਰ੍ਹਾਂ ਮਾਰਨ 'ਤੇ ਉਸ ਤੋਂ ਵੀ ਜ਼ਿਆਦਾ ਬਦਨਾਮੀ ਹੋਵੇਗੀ। ਆਪਣੇ ਕੋਲ ਕਾਨੂੰਨ ਹੈ, ਸਰਕਾਰੀ ਜੰਗਲ ਦੀ ਲੱਕੜ ਕੱਟਦੈ, ਇਹਦੇ ਉਤੇ ਜੁਰਮਾਨਾ ਕਰ ਦਿਓ ਵੱਡਾ। ਨਾ ਦੇ ਸਕਿਆ ਤਾਂ ਇਸ ਨੂੰ ਮਾਰ ਦੇਵਾਂਗੇ। ਕੋਰਟ ਵਿਚ ਬੁਲਾ ਲਿਆ। ਬੁਲਾ ਕੇ ਕਹਿਣ ਲੱਗੇ ਕਿ ਤੂੰ ਸਰਕਾਰੀ ਜੰਗਲ ਕੱਟਦਾ ਸੀ। ਤੈਨੂੰ ਵੀਹ ਮੋਹਰਾਂ ਜੁਰਮਾਨਾ ਕੀਤਾ ਜਾਂਦੈ। ਵੀਹ ਸੋਨੇ ਦੇ ਸਿੱਕੇ ਤੇ ਦੋ ਦਿਨ ਦਿਤੇ ਜਾਂਦੇ ਨੇ। ਦੋ ਦਿਨਾਂ ਦੇ ਅੰਦਰ-ਅੰਦਰ ਭਰ ਦੇ ਨਹੀਂ ਤਾਂ ਤੈਨੂੰ ਸਜ਼ਾਏ ਮੌਤ ਮਿਲੇਗੀ।

ਬੜਾ ਉਦਾਸ ਹੋਇਆ। ਮਾਂ ਦੇ ਕੋਲ ਆ ਗਿਆ। ਮਾਂ ਨੇ ਗੱਲ ਸੁਣੀ, ਉਹ ਵੀ ਬਹੁਤ ਉਦਾਸ ਹੋ ਗਈ। ਪੂਰਨ ਪਹੁੰਚੇ ਹੋਏ ਮਹਾਂਪੁਰਸ਼ ਇਸੇ ਪਿੰਡ ਦੇ ਵਿਚ ਸਨ ਤੇ ਸੇਵਾ ਕਰਨ ਮਾਂ ਰੋਜ਼ ਜਾਇਆ ਕਰਦੀ ਸੀ। ਕਦੇ ਆਟਾ ਪੀਂਹਦੀ ਸੀ, ਕਦੇ ਪ੍ਰਸ਼ਾਦੇ ਲਾਹੁੰਦੀ। ਕਦੇ ਬਰਤਨ ਮਾਂਜਦੀ, ਝਾੜੂ ਦਿੰਦੀ, ਪਾਣੀ ਲਿਆ ਕੇ ਛੜਕਾਓ ਕਰਦੀ, ਲੜਕਾ ਵੀ ਨਾਲ ਲੱਗਿਆ ਰਹਿੰਦਾ। ਦਿਨ ਰਾਤ ਅਖੰਡ ਭਜਨ ਕਰਦੀ ਸੀ। ਇਕ ਸਕਿੰਟ ਨਹੀਂ ਸੀ ਆਉਣ ਦਿੰਦੀ ਜਿਹਦੇ ਵਿਚ ਪ੍ਰਮੇਸ਼ਰ ਦਾ ਨਾਮ ਭੁੱਲ ਜਾਵੇ।

ਮਹਾਤਮਾ ਨੇ ਚਿਹਰਾ ਦੇਖਿਆ ਕਹਿਣ ਲੱਗੇ, ਬੀਬੀ! ਤੂੰ ਅੱਜ ਉਦਾਸ ਕਿਉਂ ਹੈਂ? ਤੇਰਾ ਤਾਂ ਚਿਹਰਾ ਦਗਦਗ

ਕਰਦਾ ਹੁੰਦੈ। ਖਿੜਿਆ ਰਹਿੰਦੈ। ਐਨਾ ਗਰੀਬੀ ਦਾ ਤੈਨੂੰ ਦੁਖ ਨਹੀਂ ਹੋਇਆ, ਕਿਹੜੀ ਚਿੰਤਾ ਹੈ ਜਿਹੜੀ ਤੇਰੇ ਮਨ ਵਿਚ ਲਗ ਗਈ? ਕਹਿਣ ਲੱਗੀ, ਮਹਾਰਾਜ! ਆਹ ਗੱਲ ਹੋ ਗਈ। ਰਾਜੇ ਨੇ ਡੰਨ ਲਾ ਦਿਤਾ। ਵੀਹ ਸੋਨੇ ਦੀਆਂ ਮੋਹਰਾਂ ਜੁਰਮਾਨਾ ਕਰ ਦਿਤਾ। ਮੇਰੇ ਕੋਲ ਤਾਂ ਇਕ ਵੀ ਪੈਸਾ ਨਹੀਂ ਹੈ। ਉਹਨੇ ਕਹਿ ਦਿਤਾ ਕਿ ਇਹਨੂੰ ਫਾਂਸੀ ਹੋ ਜਾਏਗੀ ਪਰਸੋਂ ਨੂੰ। ਕਿਤੇ ਹੱਥ ਨਹੀਂ ਪੈਂਦਾ, ਮੈਂ ਸਾਰੇ ਮੰਗ-ਤੁੰਗ ਕੇ ਦੇਖ ਲਿਆ। ਮਹਾਤਮਾ ਅੰਤਰ ਧਿਆਨ ਹੋ ਕੇ ਕਹਿਣ ਲੱਗੇ ਬੀਬਾ! ਤੂੰ ਪ੍ਰਮੇਸ਼ਰ ਦਾ ਭਜਨ ਕਰ, ਭਰੋਸਾ ਰੱਖ। ਇਹਦੇ ਮਸਤਕ ਵਿਚ ਐਸਾ ਲੇਖ ਲਿਖਿਆ ਹੋਇਆ ਹੈ ਪ੍ਰਮੇਸ਼ਰ ਨੇ ਕਿ ਇਹਨੇ ਤਾਂ ਇਸ ਹਫ਼ਤੇ ਦੇ ਵਿਚ ਬਾਦਸ਼ਾਹੀ ਤਖ਼ਤ 'ਤੇ ਬੈਠਣਾ ਹੈ। ਬਚਨ 'ਤੇ ਭਰੋਸਾ ਕਰਿਆ। ਭਜਨ ਕਰਨਾ ਸ਼ੁਰੂ ਕਰ ਦਿਤਾ। ਸਵੇਰ ਵੇਲੇ ਕੋਈ ਬੀਬੀ ਆਈ, ਕਹਿਣ ਲੱਗੀ, ਘਰ ਲਿਪਣਾ ਹੈ। ਜਾਹ, ਜਿਹੜਾ ਨਾਲਾ ਚਲਦੈ ਹੈ, ਇਹਦੇ ਵਿਚੋਂ ਮਿੱਟੀ ਲਿਆ ਕੱਢ ਕੇ ਪਾਂਡੂ। ਉਹ ਚਲੀ ਗਈ ਤੇ ਨਾਲ ਲੜਕਾ ਹੈ, ਜਾਂਦੇ ਹੋਏ ਜਦੋਂ ਕੱਢ ਰਹੇ ਨੇ ਤਾਂ ਹੱਥ 'ਚ ਇਕ ਥੈਲੀ ਆ ਗਈ ਉਹਨਾਂ ਦੇ। ਉਹ ਲੈ ਕੇ ਮਹਾਂਪੁਰਸ਼ਾਂ ਕੋਲ ਆ ਗਏ। ਕਹਿਣ ਲੱਗੇ, ਮਹਾਂਪੁਰਸ਼ੋ! ਆਹ ਪਤਾ ਨਹੀਂ ਕੀ ਹੈ?

ਮਹਾਤਮਾ ਕਹਿਣ ਲੱਗੇ, ਬੀਬਾ! ਪ੍ਰਮੇਸ਼ਰ ਦੀ ਦਿਆਲਤਾ ਹੋ ਗਈ ਹੈ। ਇਹ ਤਾਂ ਬਹੁਤ ਕੀਮਤੀ ਲਾਲ ਨੇ। ਲੱਖਾਂ-ਲੱਖਾਂ ਦਾ ਇਕ-ਇਕ ਲਾਲ ਹੈ। ਜਾਹ, ਰਾਜੇ ਨੂੰ ਦੇ ਦੇਈਂ। ਉਹਨੂੰ ਕਹਿ ਦੇਵੀਂ ਕਿ ਦੋ ਲੈ-ਲੈ ਇਕ ਦੀ ਥਾਂ 'ਤੇ। ਵੀਹ ਮੋਹਰਾਂ ਕੀ ਨੇ, ਇਹ ਤਾਂ ਸੈਂਕੜੇ ਮੋਹਰਾਂ ਤੋਂ ਮਹਿੰਗਾ ਹੈ। ਘਰ ਆ ਗਈ, ਓਧਰ ਸਮਾਂ ਹੋ ਗਿਆ, ਫੇਰ ਰਾਜੇ ਕੋਲ ਚਲੀ ਗਈ, ਦੋ ਲਾਲ ਲੈ ਕੇ। ਕਹਿੰਦੀ ਕਿ ਆਹ ਲੈ ਲਓ ਤੁਸੀਂ? ਮੋਹਰਾਂ ਤਾਂ ਸਾਡੇ ਕੋਲ ਹੈ ਨਹੀਂ। ਰਾਜੇ ਨੇ ਜੌਹਰੀ ਬੁਲਾਇਆ। ਉਹ ਕਹਿਣ ਲੱਗਿਆ ਜੀ, ਇਹ ਤਾਂ ਲੱਖਾਂ ਰੁਪਏ ਦੇ ਨੇ। ਰਾਜਾ ਹੈਰਾਨ ਹੋ ਗਿਆ ਕਿ ਆਹ ਮਾਈ? ਕਿਸੇ ਬਿਪਤਾ ਦੀ ਮਾਰੀ ਛੁਪੀ ਬੈਠੀ ਹੈ। ਇਹ ਤਾਂ ਬਹੁਤ ਅਮੀਰ ਹੈ। ਕਿੰਨੇ ਕੁ ਹਨ ਮਾਈ ਇਹ ਲਾਲ? ਕਹਿੰਦੀ, ਬਹੁਤ ਨੇ। ਗਿਣਤੀ ਤਾਂ ਕਰੀ ਨਹੀਂ। ਸੈਂਕੜਿਆਂ ਤੋਂ ਉਤੇ ਨੇ। ਮਨ ਵਿਚ ਸੋਚਿਆ ਕਿ ਇਹ ਤਾਂ ਬਹੁਤ ਅਮੀਰ ਹੈ। ਉਸੇ ਵੇਲੇ ਲੜਕੀ ਦੀ ਸ਼ਾਦੀ ਕਰਕੇ ਰਾਜ ਗੱਦੀ 'ਤੇ ਬਿਠਾ ਦਿਤਾ। ਮਹਾਰਾਜ ਕਹਿੰਦੇ -

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥*
*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥*
*ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥*

*ਅੰਗ- ੭੦*

ਇਥੇ ਦਾ ਰਾਜ ਹੀ ਨਹੀਂ, ਦਰਗਾਹ ਦਾ ਰਾਜ ਵੀ ਮਿਲ ਜਾਂਦੈ ਉਸ ਨੂੰ। ਸੋ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥*

*ਅੰਗ- ੭੪*

ਜਿਹੋ ਜਿਹੇ ਲੇਖ ਲਿਖਾ ਕੇ ਆਏ ਹਾਂ। ਉਹ ਤਾਂ ਪਿਆਰਿਓ! ਭੋਗਣੇ ਹੀ ਭੋਗਣੇ ਨੇ। ਜਿਹੜਾ ਕੁਛ ਮਿਲਣਾ ਹੈ ਉਹ ਮਿਲਣਾ ਹੀ ਹੈ। ਫੇਰ ਇਹਦੀ ਚਿੰਤਾ ਕਿਉਂ ਕਰੀਏ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥* *ਅੰਗ- ੧੦*

ਫ਼ਿਕਰ ਕਰ ਪ੍ਰਮੇਸ਼ਰ ਦੇ ਨਾਮ ਦਾ। ਉਮਰ ਬੀਤਦੀ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦੁਨੀਆਂ ਦੇ ਵਿਚ ਲਗ ਕੇ ਅਸੀਂ ਆਪਣਾ ਜਨਮ ਬਰਬਾਦ ਕਰ ਲੈਂਦੇ ਹਾਂ। ਦਰਗਾਹ ਦਾ ਸਾਨੂੰ ਚਿੱਤ ਚੇਤਾ ਵੀ ਨਹੀਂ ਰਹਿੰਦਾ ਕਿ ਉਥੇ ਜਾ ਕੇ ਰਹਿਣਾ ਵਸਣਾ ਹੈ। ਉਥੇ ਵੀ ਕੁਛ ਸੰਵਾਰ ਲਈਏ। ਕੋਈ ਵਿਰਲਾ ਬੰਦਾ ਹੀ ਹੈ ਜਿਹੜਾ ਇਸ ਗੱਲ ਨੂੰ ਸਮਝਦਾ ਹੈ।

ਇਕ ਰਾਜ ਦੇ ਵਿਚ ਐਸਾ ਅਸੂਲ ਸੀ ਕਿ ਮਰਜ਼ੀ ਦੇ ਨਾਲ ਰਾਜਾ ਬਣ ਕੇ ਤਖ਼ਤ 'ਤੇ ਬਹਿ ਸਕਦਾ ਸੀ। ਲੇਕਿਨ ਉਸ ਨੂੰ 20 ਸਾਲ ਦੀ ਵਾਰੀ ਮਿਲਦੀ ਸੀ ਉਸ ਤੋਂ ਬਾਅਦ ਉਹਨੂੰ ਲਾਹ ਕੇ ਇਕ ਨਿਰਜਨ ਜਜੀਰਾ ਸੀ, ਟਾਪੂ ਸੀ, ਉਹਦੇ ਵਿਚ ਛੱਡ ਆਉਂਦੇ ਸੀ। ਇਕ ਐਸਾ ਸਮਾਂ ਆਇਆ, ਕੋਈ ਤਖ਼ਤ 'ਤੇ ਨਾ ਬੈਠੇ ਕਿ ਉਥੇ ਜਾਣਾ ਬੜਾ ਔਖਾ ਹੈ।

ਇਕ ਨੌਜਵਾਨ ਆਇਆ, ਵੀਹ ਸਾਲ ਦਾ। ਕਹਿੰਦਾ, ਮੈਂ ਲੈਂਦਾ ਹਾਂ ਤਖ਼ਤ। ਸ਼ਰਤਾਂ ਸੁਣਾ ਦਿਤੀਆਂ, ਮੰਨ ਲਈਆਂ ਉਸ ਨੇ। ਜਦੋਂ ਸਾਲ ਹੋ ਗਿਆ ਰਾਜ ਕਰਦੇ ਨੂੰ। ਉਸ ਵੇਲੇ ਰਾਜ ਪ੍ਰਬੰਧ ਚੰਗੀ ਤਰ੍ਹਾਂ ਹੱਥ ਵਿਚ ਆ ਗਿਆ। ਇੰਜਨੀਅਰ ਬੁਲਾਏ, ਮੀਟਿੰਗ ਕਰੀ। ਕਹਿਣ ਲੱਗਿਆ ਕਿ ਮੈਂ ਉਹ ਟਾਪੂ ਦੇਖਣਾ ਚਾਹੁੰਦਾ ਹਾਂ, ਜਿਥੇ ਮੈਨੂੰ ਵੀਹ ਸਾਲ ਬਾਅਦ ਛੱਡੋਂਗੇ? ਜਹਾਜ਼ ਦੇ ਵਿਚ ਚਲੇ ਗਏ। ਜਾ ਕੇ ਉਥੇ ਹੁਕਮ ਕਰ ਦਿਤਾ ਕਿ ਇਹਨੂੰ ਆਬਾਦ ਕਰੋ। ਇਥੇ ਪਾਰਕ ਬਣਾਓ, ਫੁਹਾਰੇ ਲਾਓ, ਇਥੇ ਬਿਲਡਿੰਗਾਂ ਬਣਾਓ। ਇਥੇ ਵਸਣ ਨੂੰ ਥਾਂ ਦਿਓ। ਐਸਾ ਸੁੰਦਰ ਬਣਾਇਆ ਕਿ ਹਰੇਕ ਦਾ ਜੀਅ ਕਰੇ ਕਿ

ਮੈਂ ਉਥੇ ਜਾ ਕੇ ਵਸ ਜਾਵਾਂ। ਜਦੋਂ ਸ਼ਰਤ ਪੂਰੀ ਹੋਣ ਵਿਚ ਦੋ-ਤਿੰਨ ਮਹੀਨੇ ਰਹਿ ਗਏ। ਤਾਂ ਕਹਿਣ ਲੱਗਿਆ, ਲਓ ਬਈ ਆਪਣਾ ਨਵਾਂ ਰਾਜਾ ਟੋਲ੍ਹ ਲਓ ਤੇ ਮੇਰਾ ਅਸਤੀਫ਼ਾ ਪਹਿਲਾਂ ਹੀ ਮਨਜ਼ੂਰ ਕਰ ਲਓ। ਮੈਂ ਤਾਂ ਹੁਣ ਉਥੇ ਜਾਂਦਾ ਹਾਂ ਜਿਥੇ ਤੁਸੀਂ ਛਡਦੇ ਹੁੰਦੇ ਹੋਂ। ਉਹ ਕਹਿੰਦੇ, ਹੁਣ ਕੀ ਛੱਡਣੈ? ਉਹ ਤਾਂ ਤੂੰ ਇਹਦੇ ਨਾਲੋਂ ਵੀ ਚੰਗਾ ਬਣਾ ਲਿਆ।

ਸੋ ਜਿਹਨਾਂ ਨੇ ਅਗਾਂਹਾਂ ਦਾ ਪਾਸਾ ਸੰਵਾਰ ਲਿਆ, ਉਹਨਾਂ ਦੇ ਮਨਾਂ 'ਚ ਖੁਸ਼ੀਆਂ ਆ ਜਾਂਦੀਆਂ ਨੇ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥*

*ਅੰਗ- ੧੩੬੫*

ਸੋ ਆਹ ਭੁਲੇਖਾ ਖਾ ਕੇ ਆਦਮੀ ਆਪਣਾ ਸਾਰਾ ਸਮਾਂ ਜਿਹੜਾ ਨਸ਼ਟ ਕਰ ਦਿੰਦੈ। ਕਿਸੇ ਕਿਨਾਰੇ 'ਤੇ ਨਹੀਂ ਪਹੁੰਚਦਾ। ਇਹ ਪ੍ਰੇਮੀ ਜਿਹੜਾ ਜੱਗਾ ਸਿੰਘ ਸੀ। ਇਹਦੇ ਮਨ ਦੇ ਅੰਦਰ ਬਹੁਤ ਵੈਰਾਗ ਦੀ ਕਾਂਗ ਉਠੀ। ਗੁਰੂ ਦਸ਼ਮੇਸ਼ ਪਿਤਾ ਦੇ ਚਰਨਾਂ 'ਚ ਗਿਆ, ਪਾਤਸ਼ਾਹ! ਮੇਰੇ ਜੀਵਨ ਦਾ ਉਧਾਰ ਕਰ ਦਿਓ। ਮੈਂ ਤੁਹਾਡੀ ਸ਼ਰਨ ਆਇਆ ਹਾਂ, ਮੈਨੂੰ ਸਿੱਖੀ ਦਾਨ ਦਿਓ। ਮਹਾਰਾਜ ਕਹਿੰਦੇ, ਚੰਗਾ ਸਿੰਘਾ! ਸਿੱਖੀ ਤਾਂ ਬਹੁਤ ਔਖੀ ਹੈ। ਗੁਰੂ ਨੂੰ ਮਨ ਵੇਚਣਾ ਪੈਂਦੈ। ਜਦੋਂ ਤਕ ਮਨ ਨਹੀਂ ਵੇਚਦਾ ਓਨੀਂ ਦੇਰ ਤਕ ਕਾਰਜ ਰਾਸ ਨਹੀਂ ਹੁੰਦਾ -

*ਮਨੁ ਬੇਚੈ ਸਤਿਗੁਰ ਕੈ ਪਾਸਿ ॥ ਅੰਗ- ੨੮੬*

ਸੋ ਸਾਡੇ ਇਹ ਗੱਲ ਸਮਝ ਨਹੀਂ ਆਉਂਦੀ। ਗੱਲੀਂ ਬਾਤੀਂ ਤਾਂ ਅਸੀਂ ਬਹੁਤ ਸਿਆਣੇ ਹਾਂ, ਵਿਦਵਾਨ ਹਾਂ। ਲੇਕਿਨ ਮਨ ਤਾਂ ਵੇਚਦੇ ਹੀ ਨਹੀਂ ਅਸੀਂ, ਗੁਰੂ ਨੂੰ ਦਿੰਦੇ ਹੀ ਨਹੀਂ। ਗੁਰੂ ਕਹਿੰਦੈ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥ ਅੰਗ- ੯੧੮*

ਜੋ ਹੁਕਮ ਹੈ, ਆਗਿਆ ਹੈ, ਇਹ ਸਾਰਾ ਸੰਸਾਰ ਹੁਕਮ 'ਚ ਚੱਲ ਰਿਹਾ ਹੈ। ਤੇਰਾ ਜ਼ੋਰ ਨਹੀਂ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਆਗਿਆਕਾਰੀ ਬਪੁਰਾ ਜੀਉ ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ- ੨੭੭*

ਇਹ ਤਾਂ ਹੁਕਮ ਦੀ ਖੇਡ ਹੋ ਰਹੀ ਹੈ।

*ਹੁਕਮਿ ਰਜਾਈ ਚਲਣਾ*
*ਨਾਨਕ ਲਿਖਿਆ ਨਾਲਿ॥ ਅੰਗ- ੧*

ਤੇਰੇ 'ਚ ਤਾਕਤ ਨਹੀਂ ਕਿ ਤੂੰ ਵਾਹਿਗੁਰੂ ਦੇ ਹੁਕਮ ਨੂੰ ਮੋੜ ਦੇਵੇਂ। ਕੋਈ ਹੋਰ ਸ਼ਕਲ ਦੇ ਦੇਵੇਂ। ਉਹ ਤਾਂ ਜਿਵੇਂ ਨਚਾ ਰਿਹੈ ਇਸ ਤਰ੍ਹਾਂ ਸੰਸਾਰ ਨੱਚ ਰਿਹੈ। ਮੈਂ ਕਰਦਾਂ-ਮੈਂ ਕਰਦਾਂ ਬੰਨ੍ਹ ਰਿਹੈ। ਬੰਨ੍ਹਿਆ ਹੋਇਆ ਕਰਮਾਂ ਦੀ ਸਜ਼ਾ ਭੁਗਤ ਰਿਹੈ। ਉਹ ਵੀ ਹੁਕਮ ਦੀ ਕਿਰਿਆ ਹੋ ਰਹੀ ਹੈ। ਸੋ ਮਹਾਰਾਜ ਕਹਿੰਦੇ, ਪਿਆਰਿਆ! ਮਨ ਦੇ-ਦੇ ਗੁਰੂ ਨੂੰ। ਜਦੋਂ ਤਕ ਤੂੰ ਮਨ ਦਾ ਸੌਦਾ ਨਹੀਂ ਕਰਦਾ, ਤੂੰ ਪਾਰ ਨਹੀਂ ਉਤਰਨਾ।

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ,*
*ਕਾਰਜ ਤੇਰੇ ਰਾਸ ਹੋਣਗੇ।*

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬*

ਬੜਾ ਹੀ ਸੁਖਾਲਾ ਫਾਰਮੂਲਾ ਹੈ, ਲੇਕਿਨ ਬੜਾ ਹੀ ਔਖਾ ਹੈ। ਕਿਉਂਕਿ ਮਨ ਤੋਂ ਅਸੀਂ ਲਾਂਭੇ ਨਹੀਂ ਹੋ ਸਕਦੇ। ਮਨ ਨਾਲ ਹੀ ਸਾਡਾ ਕੰਮ ਚਲਦੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਮਨ ਦੇਣਾ ਔਖਾ ਹੈ ਰੱਬ ਨੂੰ। ਵੈਸੇ ਤਾਂ ਅਸੀਂ ਕੁਝ ਵੀ ਨਹੀਂ ਦਿੰਦੇ। ਸਾਰਾ ਕੁਝ ਲੈ ਕੇ ਅਸੀਂ ਕੀ ਕਰਦੇ ਹਾਂ। ਲੱਖਾਂ ਰੁਪਏ ਦਾ ਮੁਨਾਫਾ ਹੋ ਗਿਆ। ਉਹ ਪ੍ਰਮੇਸ਼ਰ ਨੇ ਦੇ ਦਿਤਾ ਸਾਨੂੰ -

*ਦੇਦਾ ਦੇ ਲੈਦੇ ਥਕਿ ਪਾਹਿ॥ ਅੰਗ - ੨*

ਉਹਦਾ ਸੁਭਾਅ ਦੇਣਾ ਹੀ ਦੇਣਾ ਹੈ। ਸਾਡਾ ਸੁਭਾਅ ਹੈ ਸਵੇਰੇ ਹੀ ਉਠ ਕੇ ਦੇਹ-ਦੇਹ-ਦੇਹ-ਦੇਹ, ਮੈਨੂੰ ਆਹ ਵੀ ਦੇ। ਆਹ ਵੀ ਦੇ ਦੇ। ਕਿਤੇ ਤਾਂ ਕਿਨਾਰਾ ਹੋਵੇ। ਕਿਤੇ ਖੜ੍ਹ ਜਾਵੇ ਖੜ੍ਹਦਾ ਹੀ ਨਹੀਂ ਹੈ। ਸਾਰੀ ਜ਼ਿੰਦਗੀ ਕਹੀ ਜਾਂਦੈ ਦੇ-ਦੇ। ਦੇਣ ਵਾਲਾ ਦੇਈ ਜਾਂਦੈ, ਲੈਣ ਵਾਲੇ ਥੱਕ ਕੇ ਸੰਸਾਰ ਤੋਂ ਤੁਰ ਜਾਂਦੇ ਨੇ -

*ਜੁਗਾ ਜੁਗੰਤਰਿ ਖਾਹੀ ਖਾਹਿ॥ ਅੰਗ- ੨*

ਜੁਗਾਂ ਜੁਗਾਤਰਾਂ ਤੋਂ ਦਿੰਦਾ ਚਲਿਆ ਜਾ ਰਿਹੈ। ਲੇਕਿਨ ਉਹ ਇਕ ਚੀਜ਼ ਮੰਗਦੈ ਕਿ ਜੇ ਤੂੰ ਇਹਨਾਂ ਦੁਖਾਂ ਤੋਂ ਛੁਟਕਾਰਾ ਪਾਉਣੈ ਤਾਂ ਮੈਨੂੰ ਇਕ ਚੀਜ਼ ਦੇ ਦੇ। ਜਿਹੜਾ ਹੈ ਤੇਰਾ ਮਨ, ਇਹ ਮਨ ਦੇ ਦੇ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸੋ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-20)*

ਗੁਰੂ ਮਹਾਰਾਜ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਨੀ ਵਿਚ ਮਾਇਆ ਦਾ ਸਰੂਪ ਦਸਦਿਆਂ ਫੁਰਮਾਨ ਕਰਦੇ ਹਨ-

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ॥***
***ਅੰਗ - ੯੨੧***

***ਇਨਿ ਮਾਇਆ ਜਗਦੀਸ ਗੁਸਾਈ***
***ਤੁਮਰੇ ਚਰਨ ਬਿਸਾਰੇ॥***
***ਕਿੰਚਤ ਪ੍ਰੀਤਿ ਨ ਉਪਜੈ ਜਨ ਕਉ***
***ਜਨ ਕਹਾ ਕਰਹਿ ਬੇਚਾਰੇ॥ ਅੰਗ - ੮੫੭***

ਅਤੇ ਅਧਿਕਾਰ ਬਾਰੇ ਵਰਣਨ ਕਰਦਿਆਂ ਬਾਣੀ ਵਿਚ ਫੁਰਮਾਨ ਹੈ ਕਿ

***ਰਾਮ ਪਦਾਰਥੁ ਪਾਇ ਕੈ***
***ਕਬੀਰਾ ਗਾਂਠਿ ਨ ਖੋਲ॥***
***ਨਹੀ ਪਟਣੁ ਨਹੀ ਪਾਰਖੂ***
***ਨਹੀ ਗਾਹਕੁ ਨਹੀ ਮੋਲੁ॥ ਅੰਗ - ੧੩੬੫***

ਜਾਹ, ਜਾ ਕੇ ਤਪਸਿਆ ਕਰ ਅਤੇ ਆਪਣੇ ਮਨ ਦੀਆਂ ਮੈਲਾਂ ਦੂਰ ਕਰਨ ਦਾ ਜਤਨ ਕਰ, ਫੇਰ ਵੇਖਣਾ ਪਵੇਗਾ ਕਿ ਤੂੰ ਰਾਮ ਪਦਾਰਥ ਪ੍ਰਾਪਤ ਕਰਨ ਦਾ ਅਧਿਕਾਰੀ ਵੀ ਹੈਂ? ਐਨਾ ਕਹਿ ਕੇ ਸੁਕਦੇਵ ਜੀ ਨੂੰ ਵਾਪਸ ਤੋਰ ਦਿਤਾ। ਇਸ ਨੇ ਆ ਕੇ ਫੇਰ ਘੋਰ ਤਪ ਕੀਤਾ ਅਤੇ ਮਾਇਆ ਦੇ ਰੂਪਾਂ ਨੂੰ ਸਮਝ ਕੇ ਇਸ ਦਾ ਪ੍ਰਤਿਆਗ ਕੀਤਾ। ਆਪਣੇ ਪਿਤਾ ਪਾਸ ਆ ਕੇ ਅਧਿਆਤਮਕ ਬਚਨ ਸ੍ਰਵਣ ਕੀਤੇ। ਉਨ੍ਹਾਂ ਨੇ ਕਿਹਾ ਕਿ ਬੇਟਾ! ਗੁਰੂ ਪਾਸ ਜਾਣ ਦਾ ਜੋ ਨਿਯਮਿਤ ਵਿਧਾਨ ਹੈ ਉਹ ਇਹ ਹੈ ਕਿ ਆਪਣੀ ਹੰਗਤਾ ਤੇ ਮਮਤਾ ਨੂੰ ਪੂਰੀ ਤਰ੍ਹਾਂ ਨਾਲ ਮਾਰ ਕੇ ਜਾਣਾ ਪੈਂਦਾ ਹੈ। ਗੁਰੂ ਮਹਾਰਾਜ ਜੀ ਨੇ ਵੀ ਇਸ ਸਬੰਧ ਵਿਚ ਫੁਰਮਾਨ ਕੀਤਾ ਹੈ -

***ਪਹਿਲਾ ਮਰਣੁ ਕਬੂਲਿ***
***ਜੀਵਣ ਕੀ ਛਡਿ ਆਸ॥***
***ਹੋਹੁ ਸਭਨਾ ਕੀ ਰੇਣੁਕਾ***
***ਤਉ ਆਉ ਹਮਾਰੈ ਪਾਸਿ॥ ਅੰਗ-੧੧੦੨***

***ਜਉ ਤਉ ਪ੍ਰੇਮ ਖੇਲਣ ਕਾ ਚਾਉ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥***
***ਸਿਰੁ ਦੀਜੈ ਕਾਣਿ ਨ ਕੀਜੈ॥***
***ਅੰਗ - ੧੪੧੨***

ਇਸ ਤਰ੍ਹਾਂ ਨਾਲ ਭਾਈ ਗੁਰਦਾਸ ਜੀ ਨੇ ਹੋਰ ਸਪਸ਼ਟ ਕਰਦਿਆਂ ਫੁਰਮਾਇਆ ਹੈ ਕਿ ਮੁਰੀਦ ਨੂੰ ਮੁਰਦਾ ਬਣਨਾ ਪੈਂਦਾ ਹੈ, ਗੱਲਾਂ ਨਾਲ ਮੁਰੀਦੀ ਨਹੀਂ ਹੋਇਆ ਕਰਦੀ। ਸਾਰੀਆਂ ਸ਼ਕਤੀਆਂ ਰਖਦਿਆਂ ਹੋਇਆਂ ਭੀ ਸਬਰ ਧਾਰਨ ਕਰਨਾ ਪੈਂਦਾ ਹੈ, ਸਿਦਕ ਵਿਚ ਰਹਿਣਾ ਪੈਂਦਾ ਹੈ ਅਤੇ ਕਿਸੇ ਸਮੇਂ ਵੀ ਸ਼ਕਤੀ ਦਾ ਪ੍ਰਯੋਗ ਨਹੀਂ ਕਰਨਾ; ਇਸ ਨੂੰ ਸਬਰ ਆਖਦੇ ਹਨ। ਸਿੱਖ ਆਪਣੇ ਗੁਰੂ ਨਾਲ ਪੂਰਾ ਸਿਦਕੀ ਹੋ ਕੇ ਜੁੜਿਆ ਹੋਵੇ ਅਤੇ ਉਸ ਨੂੰ ਸ਼ਾਖਸ਼ਾਤ ਪ੍ਰਭੂ ਸਮਝਦਾ ਹੋਵੇ, ਗੁਰੂ ਅਤੇ ਪ੍ਰਭੂ ਨੂੰ ਦੋ ਨਾ ਸਮਝੇ ਅਤੇ ਮਨ ਰਾਜੇ ਦੀਆਂ ਅਜੈਯ ਸ਼ਕਤੀਆਂ ਨਾਲ ਜੂਝਣ ਵਾਲਾ ਹੋਵੇ। ਇਸ ਤੋਂ ਬਿਨਾਂ ਗੁਰੂ ਦੇ ਡਰ ਵਾਲਾ ਹੋਵੇ, ਗੁਲਾਮ ਬਣ ਕੇ ਰਹਿਣ ਵਾਲਾ ਹੋਵੇ, ਆਪਣਾ ਤਨ, ਮਨ, ਧਨ ਗੁਰੂ ਦੇ ਅਰਪਣ ਕਰਕੇ ਸੇਵਾ ਕਰਨ ਵਾਲਾ ਹੋਵੇ। ਐਨੇ ਗੁਣ ਹੋਣ ਤਾਂ ਪੀਰ ਦਾ ਮੁਰੀਦ ਬਣ ਸਕਦਾ ਹੈ, ਜੇ ਆਪਣੇ ਅੰਦਰ ਦੇਹ ਹੰਗਤਾ ਤੇ ਦੇਹ ਮਮਤਾ ਹੋਵੇ ਅਤੇ ਗੁਰੂ ਅਤੇ ਪ੍ਰਮੇਸ਼ਰ ਨੂੰ ਦੋ ਜਾਨਣ ਵਾਲਾ ਹੋਵੇ, ਇਸ ਹਾਲਤ ਵਿਚ ਉਹ ਮੁਰੀਦ ਜਾਂ ਸਿੱਖ ਨਹੀਂ ਬਣ ਸਕਦਾ। ਮੁਰੀਦ ਦੀਆਂ ਤਿੰਨ ਹਾਲਤਾਂ ਹੋਇਆ ਕਰਦੀਆਂ ਹਨ-

ਮੁਰੀਦ, ਮੁਰੀਦ-ਏ-ਸਾਦਿਕ,ਮੁਰੀਦ-ਏ-ਫਿਦਾ
ਸਿੱਖ ਸਨਮੁਖ ਸਿੱਖ ਮਰਜੀਵੜਾ ਸਿੱਖ

ਬ੍ਰਹਮਗਿਆਨ ਅੰਮ੍ਰਿਤ ਹਾਸਲ ਕਰਨ ਲਈ ਜਗਿਆਸੂ ਨੂੰ ਬਹੁਤ ਘਾਲਣਾ ਘਾਲਣੀ ਪੈਂਦੀ ਹੈ ਅਤੇ ਗੁਰੂ ਵਲੋਂ ਲਈ ਜਾ ਰਹੀ ਪ੍ਰੀਖਿਆ ਵਿਚ 100% ਨੰਬਰ ਲੈ ਕੇ ਪਾਸ ਹੋਣਾ ਪੈਂਦਾ ਹੈ। ਗੁਰੂ ਦੀ ਲਾਈ ਹੋਈ ਕਸਵੱਟੀ ਵਿਚ ਪੂਰਨ ਰੂਪ ਵਿਚ ਪ੍ਰਸੰਨ ਰਹਿਣਾ ਪੈਂਦਾ ਹੈ, ਉਸ ਵਿਚ ਕਿਸੇ ਸ਼ਿਕਾਇਤ ਦੀ ਕੋਈ ਗੁੰਜਾਇਸ਼ ਹੀ ਨਹੀਂ ਹੋਇਆ ਕਰਦੀ ਭਾਵੇਂ ਭਾਈ ਮੰਝ ਜੀ ਵਾਂਗ ਮਹਾਨ ਬਿਖੜੀ ਹਾਲਤ ਵਿਚੋਂ ਲੰਘ ਕੇ ਘਾਲ ਕਮਾਈ ਕਰਨੀ ਪੈਂਦੀ ਹੋਵੇ।

ਇਸ ਤਰ੍ਹਾਂ ਸੁਕਦੇਵ ਮੁਨੀ ਜਨਕ ਜੀ ਦਾ ਆਦੇਸ਼ ਮੰਨ ਕੇ ਵਾਪਸ ਆ ਗਿਆ ਅਤੇ ਬਹੁਤ ਦੇਰ ਤੱਕ ਹੰਗਤਾ ਤੇ ਮਮਤਾ ਨੂੰ ਹਿਰਦੇ ਵਿਚੋਂ ਦੂਰ ਕਰਨ ਲਈ ਇਕ ਕਰੜਾ ਘੋਲ ਕਰਦਾ ਰਿਹਾ। ਜਦੋਂ ਇਸ ਦੇ ਹਿਰਦੇ 'ਚੋਂ ਪੂਰਨ

ਨਿਰਮਾਨਤਾ ਅਤੇ ਸ਼ਰਧਾ ਉਦੈ ਹੋਈ ਤਾਂ ਇਹ ਮੁੜ ਕੇ ਆਪਣੇ ਪਿਤਾ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਰਾਜਾ ਜਨਕ ਜੀ ਦੇ ਮਹਿਲਾਂ ਦੇ ਨੇੜੇ ਗਿਆ। ਰਾਜਾ ਜਨਕ ਜੀ ਨੇ ਪਹਿਲਾਂ ਹੀ ਆਦੇਸ਼ ਦਿਤਾ ਹੋਇਆ ਸੀ ਕਿ ਸੁਕਦੇਵ ਨਾਮ ਦੇ ਮੁਨੀ ਦਾ ਜੋ ਥੋੜ੍ਹੀ ਦੇਰ ਵਿਚ ਆ ਜਾਣ ਵਾਲਾ ਹੈ, ਪੂਰਾ ਅਨਾਦਰ ਕਰਨਾ ਹੈ, ਧੱਕੇ ਮਾਰ ਕੇ ਕੱਢ ਦੇਣਾ ਹੈ ਅਤੇ ਮੇਰੇ ਨਾਲ ਮਿਲਣ ਦੀ ਆਗਿਆ ਨਹੀਂ ਦੇਣੀ।

ਰਾਜਾ ਜਨਕ ਦੇ ਗ੍ਰਹਿ ਵਿਚ ਇਕ ਬਹੁਤ ਵੱਡਾ ਯੱਗ ਹੋ ਰਿਹਾ ਸੀ। ਸਾਰੇ ਭਾਰਤ ਵਰਸ਼ ਦੇ ਰਿਸ਼ੀ-ਮੁਨੀ, ਵਿਦਵਾਨ, ਪੰਡਤ ਪੁੱਜੇ ਹੋਏ ਸਨ। ਰਾਜਾ ਜਨਕ ਜੀ ਆਪਣੇ ਹੱਥੀਂ ਭੋਜਨ ਪਰੋਸ ਕੇ ਵਰਤਾ ਰਹੇ ਸਨ ਅਤੇ ਛਕਣ ਤੋਂ ਪਿਛੋਂ ਜੂਠੀਆਂ ਪਤਲਾਂ ਆਪ ਚੁੱਕ ਕੇ ਮਹਿਲਾਂ ਦੇ ਉਪਰੋਂ ਹੇਠਾਂ ਸੁੱਟ ਰਹੇ ਸਨ। ਉਥੇ ਸੁਕਦੇਵ ਮੁਨੀ ਬੈਠਾ ਸੀ। ਉਸ ਉਪਰ ਜੂਠੀਆਂ ਪਤਲਾਂ ਗਿਰ ਰਹੀਆਂ ਸਨ। ਜੂਠ ਵਿਚ ਜੂਠੀਆਂ ਦਾਲਾਂ, ਸਬਜ਼ੀਆਂ, ਚਾਵਲ ਆਦਿ ਦੇ ਅੰਸ ਚਿੰਬੜੇ ਹੋਏ ਸਨ। ਉਥੇ ਐਨੀਆਂ ਪਤਲਾਂ ਸੁੱਟੀਆਂ ਗਈਆਂ ਕਿ ਹੇਠਾਂ ਬੈਠਾ ਸੁਕਦੇਵ ਮੁਨੀ ਪੂਰੀ ਤਰ੍ਹਾਂ ਨਾਲ ਦਬ ਗਿਆ, ਆਪਣੇ ਹਿਰਦੇ ਦੀ ਪੂਰੀ ਸ਼ਰਧਾ ਭਾਵਨਾ ਰਾਜੇ ਜਨਕ ਜੀ ਦੀ ਸਰਬੱਗਤਾ ਉਪਰ ਦ੍ਰਿੜ੍ਹ ਰੱਖੀ। ਜਦੋਂ ਇਹ ਪ੍ਰੀਖਿਆ ਵਿਚ ਸਫਲ ਰਿਹਾ ਤਾਂ ਉਸਨੂੰ ਪਤਲਾਂ ਹੱਠੋਂ ਕੱਢਿਆ, ਇਸ਼ਨਾਨ ਆਦਿ ਕਰਾ ਕੇ ਉਸ ਦੇ ਹਿਰਦੇ ਦੀ ਭਾਵਨਾ ਨੂੰ ਪਰਖਿਆ ਅਤੇ ਉਸ ਦੀ ਅਡੋਲਤਾ ਨੂੰ ਦੇਖਿਆ। ਉਸ ਦਾ ਮਨ ਪੂਰੀ ਤਰ੍ਹਾਂ ਸ਼ਾਂਤ ਸੀ, ਕ੍ਰੋਧ ਅਤੇ ਨਿਰਾਦਰ ਦੇ ਅਸਰ ਦੀ ਕੋਈ ਅੰਸ ਉਸ ਦੇ ਮਨ ਵਿਚ ਗੇੜੇ ਨਹੀਂ ਮਾਰ ਰਹੀ ਸੀ।

***ਜੂਠਨ ਜੂਠਿ ਪਈ ਸਿਰ ਊਪਰਿ***
***ਖਿਨੁ ਮਨੂਆ ਤਿਲੁ ਨ ਡੁਲਾਵੈਗੋ॥***

***ਅੰਗ - ੧੩੦੯***

ਉਸ ਸਮੇਂ ਰਾਜਾ ਜਨਕ ਨੇ ਕਿਹਾ ਕਿ ਹੁਣ ਦੱਸ ਤੇਰੇ ਆਉਣ ਦਾ ਕੀ ਮਨੋਰਥ ਹੈ। ਸੁਕਦੇਵ ਨੇ ਬਹੁਤ ਨਿਮਰਤਾ ਸਹਿਤ ਬੇਨਤੀ ਕੀਤੀ ਅਤੇ ਕਿਹਾ ਕਿ ਹੇ ਮਹਾਂ ਪ੍ਰਭੂ! ਮੈਂ ਇਕ ਭਟਕਦਾ ਜੀਵ ਤੇਰੀ ਸ਼ਰਨ ਆਇਆ ਹਾਂ। ਮੇਰਾ ਮਨ ਪੂਰੀ ਤਰ੍ਹਾਂ ਨਾਲ ਅਸ਼ਾਂਤ ਹੈ। ਕ੍ਰਿਪਾ ਕਰੋ, ਮੈਨੂੰ ਉਸ ਪਦ ਵਿਚ ਪਹੁੰਚਾ ਦੇ, ਜਿਸ ਨੂੰ ਨਿਹ-ਕੇਵਲ ਪਰਮ ਸ਼ਾਂਤ ਪਦ ਆਖਦੇ ਹਨ ਜਿਸ ਨੂੰ ਪ੍ਰਾਪਤ ਕਰਕੇ ਮੁੜ ਕੇ ਆਉਣਾ-ਜਾਣਾ, ਜੰਮਣਾ-ਮਰਨਾ ਖਤਮ ਹੋ ਜਾਇਆ ਕਰਦਾ ਹੈ। ਮੈਨੂੰ ਉਹ ਦੀਕਸ਼ਾ ਦੇਵੋ ਜਿਸਨੂੰ ਪ੍ਰਾਪਤ ਕਰਕੇ ਮੈਨੂੰ ਇਸ ਸੰਸਾਰ ਵਿਚ ਇਕ ਪ੍ਰਭੂ ਹੀ ਸ਼ਾਖਸ਼ਾਤ ਪ੍ਰਤੀਤ ਦੇਵੇ, ਮੇਰੀ ਦ੍ਵੈਤ ਦਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਜਾਵੇ, ਮੇਰੇ ਵਿਚੋਂ 'ਮੈਂ' ਭਾਵ ਪੂਰਨ ਰੂਪ ਦੇ ਵਿਚ ਅਲੋਪ ਹੋ ਜਾਵੇ, ਮੈਂ ਆਪਣੇ ਤੱਤ ਸਰੂਪ ਨੂੰ ਪਛਾਣ ਕੇ ਆਪਣੇ ਉਚ ਪਦ ਨੂੰ ਦ੍ਰਿੜ੍ਹ ਕਰਕੇ ਜੀਵਨ ਬਤੀਤ ਕਰਾਂ। ਇਹ ਸੁਣ ਕੇ ਰਾਜਾ ਜਨਕ ਜੀ ਨੇ ਕਿਹਾ ਕਿ ਸੁਕਦੇਵ! ਇਸ ਅਤਿ ਉਤਮ ਪਦਵੀ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਤੈਨੂੰ ਇਕ ਪ੍ਰੀਕਸ਼ਾ ਦੇਣੀ ਪਵੇਗੀ। ਉਹ ਇਹ ਹੈ ਕਿ ਤੂੰ ਆਪਣੀ ਹਥੇਲੀ ਤੇ ਤੇਲ ਦਾ ਭਰਿਆ ਹੋਇਆ ਛੰਨਾ ਲੈ ਕੇ ਸਾਰੇ ਸ਼ਹਿਰ ਦੀ ਪ੍ਰਕਰਮਾ ਕਰੇਂਗਾ ਅਤੇ ਬਗੈਰ ਇਕ ਕਤਰਾ ਡੁਲ੍ਹਣ ਤੋਂ ਤੂੰ ਮੇਰੇ ਪਾਸ ਆਏਂਗਾ ਤਾਂ ਜਾਣੀਂ ਕਿ ਤੂੰ ਇਸ ਪ੍ਰੀਕਸ਼ਾ ਵਿਚੋਂ ਸਫਲ ਹੋ ਗਿਆ। ਪਰ ਦੂਜੇ ਪਾਸੇ ਇਕ ਕਤਰਾ ਵੀ ਗਿਰ ਗਿਆ ਤਾਂ ਤੈਨੂੰ ਉਸੇ ਸਮੇਂ ਮੌਤ ਦੰਡ ਭੁਗਤਣਾ ਪਵੇਗਾ, ਨੰਗੀਆਂ ਤਲਵਾਰਾਂ ਵਾਲੇ ਤੇਰੇ ਪਿਛੇ-ਪਿਛੇ ਚਲ ਰਹੇ ਹੋਣਗੇ ਅਤੇ ਉਨ੍ਹਾਂ ਨੂੰ ਹੁਕਮ ਹੈ ਕਿ ਜੇ ਇਕ ਕਤਰਾ ਵੀ ਤੇਲ ਦਾ ਡੁਲ੍ਹ ਜਾਵੇ ਤਾਂ ਸੁਕਦੇਵ ਨੂੰ ਉਸੇ ਸਮੇਂ ਮੌਤ ਦੰਡ ਦੇ ਦਿਤਾ ਜਾਵੇ। ਸੁਕਦੇਵ ਆਪਣੀ ਲੋਚਾ ਵਿਚ ਪੂਰਨ ਰੂਪ ਵਿਚ ਦ੍ਰਿੜ੍ਹ ਸੀ। ਉਸ ਦੇ ਮਨ ਵਿਚ ਮੌਤ ਦਾ ਕੋਈ ਭੈਅ ਨਹੀਂ ਹੋਇਆ। ਸਗਮਾਂ ਉਸ ਦੇ ਮਨ ਵਿਚ ਬੜਾ ਚਾਓ ਸੀ ਕਿ ਹੁਣ ਮੈਨੂੰ ਉਹ ਉਪਦੇਸ਼ ਮਿਲ ਜਾਵੇਗਾ ਜਿਸ ਨੂੰ ਪ੍ਰਾਪਤ ਕਰਕੇ ਮੈਂ ਪ੍ਰਮ ਪਦ ਨੂੰ ਪ੍ਰਾਪਤ ਕਰ ਲਵਾਂਗਾ। ਮਹਾਰਾਜਾ ਜਨਕ ਨੇ ਸਾਰੇ ਸ਼ਹਿਰ ਦੀ ਪ੍ਰਕਰਮਾ ਦੇ ਨੇੜੇ ਬਹੁਤ ਕਿਸਮ ਦੇ ਰਾਗ-ਰੰਗ, ਨਾਚ ਗਾਉਣੇ, ਮਨਮੋਹਣੀਆਂ ਵਸਤਾਂ ਦਾ ਇੰਤਜ਼ਾਮ ਕਰ ਦਿਤਾ ਤਾਂ ਕਿ ਸੁਕਦੇਵ ਦੀ ਰੁਚੀ ਇਨ੍ਹਾਂ ਵਿਚ ਫਸ ਜਾਵੇ। ਸੁਕਦੇਵ ਦੇ ਅੰਦਰ ਪੂਰਨ ਲਗਨ ਸੀ। ਉਹ ਆਪਣੇ ਧਿਆਨ ਵਿਚ ਇਸ ਅਤਿ ਕਰੜੀ ਪ੍ਰੀਕਸ਼ਾ ਨੂੰ ਪਾਸ ਕਰਨ ਲਈ ਹਥੇਲੀ ਉਤੇ ਤੇਲ ਦਾ ਭਰਿਆ ਛੰਨਾ ਚੁਕੀਂ ਅਡੋਲ ਤੁਰਿਆ ਜਾ ਰਿਹਾ ਸੀ ਅਤੇ ਉਸ ਨੂੰ ਕੋਈ ਖਬਰ ਹੀ ਨਹੀਂ ਕਿ ring road (ਗੋਲ ਸੜਕ) ਦੇ ਆਲੇ-ਦੁਆਲੇ ਕੋਈ ਨਾਚ ਗਾਣੇ ਹੋ ਰਹੇ ਹਨ ਜਾਂ ਮਨਮੋਹਣੀਆਂ ਵਸਤੂਆਂ ਰਖੀਆਂ ਹੋਈਆਂ ਹਨ। ਉਹ ਉਸੇ ਤਰ੍ਹਾਂ ਦੇ ਨਾਲ ਦ੍ਰਿੜ੍ਹਤਾ ਨਾਲ ਚਲਦਾ ਹੋਇਆ ਇਸ ਪ੍ਰੀਖਿਆ ਵਿਚੋਂ ਵੀ ਪੂਰੀ ਤਰ੍ਹਾਂ ਨਾਲ ਸਫਲਤਾ ਪ੍ਰਾਪਤ ਕਰ ਗਿਆ। ਉਸ ਸਮੇਂ ਰਾਜਾ ਜਨਕ ਜੀ ਨੇ ਇਸ ਨੂੰ ਪੂਰਨ ਅਧਿਕਾਰੀ ਜਾਣਦਿਆਂ ਹੋਇਆਂ ਸਾਮ੍ਹਣੇ ਬਿਠਾ ਕੇ ਮਹਾਂਵਾਕਾਂ ਦਾ ਉਚਾਰਨ ਕਰਦਿਆਂ ਹੋਇਆਂ ਇਸ ਦੇ ਜੀਵ ਭਾਵ ਨੂੰ ਪੂਰਨ ਰੂਪ ਵਿਚ ਤੋੜ ਦਿਤਾ। ਹਉਮੈ ਦੀ ਕੰਧ ਟੁੱਟ ਗਈ, ਹੰਗਤਾ ਤੇ ਮਮਤਾ ਦੋਨੋਂ ਹੀ ਉਡਾਰੀ ਮਾਰ ਗਈਆਂ, ਹੁਣ ਰਹਿ ਗਿਆ ਸਾਖਸ਼ਾਤ ਬ੍ਰਹਮ ਦਰਸ਼ਨ। ਨਿੱਕਾ ਆਪਾ ਪ੍ਰਮ ਹੋਂਦ ਵਿਚ ਸਮਾਅ ਗਿਆ, ਸਮੁੰਦਰ ਦੀ ਲਹਿਰ ਸਮੁੰਦਰ ਵਿਚ ਹੀ ਲੀਨ ਹੋ ਗਈ। ਹਨ੍ਹੇਰੇ ਵਿਚ ਰੱਸੀ ਨੂੰ ਸੱਪ ਸਮਝ ਕੇ ਭਰਮ ਦੀ ਕ੍ਰਿਆ ਵਿਚ ਗ੍ਰਸਤ, ਪ੍ਰਕਾਸ਼ ਹੋਣ ਤੇ ਸਮਝ ਗਿਆ ਕਿ ਇਹ ਰੱਸੀ ਕਦੇ ਵੀ ਸੱਪ ਨਹੀਂ ਸੀ। ਇਹ ਤਾਂ ਕੇਵਲ ਰੱਸੀ ਸੀ, ਕੇਵਲ ਪ੍ਰਕਾਸ਼ ਦੀ ਅਣਹੋਂਦ ਕਰਕੇ ਇਸ ਦਾ ਸਰਪ ਰੂਪ ਹੀ ਸਮਝ ਵਿਚ ਆਉਂਦਾ ਰਿਹਾ। ਪ੍ਰਕਾਸ਼ ਨੇ ਸਰਪ ਦਾ ਭਰਮ ਦੂਰ ਕਰ ਦਿਤਾ ਅਤੇ ਰੱਸੀ ਦੀ ਅਸਲੀਅਤ ਨੂੰ ਪ੍ਰਗਟ ਕਰ ਦਿਤਾ। ਸੁਕਦੇਵ ਪੂਰਨ ਅਨੰਦ ਵਿਚ ਮਹਾਨ ਸੁਖ ਅਨੁਭਵ ਕਰਦਾ ਹੋਇਆ ਆਪਣੇ ਗਿਆਨ

ਸਰੂਪ ਨੂੰ ਪਛਾਣ ਕੇ ਪ੍ਰੇਮ ਸੁਖੀ ਹੋ ਗਿਆ।

ਸੋ ਇਸ ਤਰ੍ਹਾਂ ਨਾਲ ਸਮਰੱਥ ਗੁਰੂ ਦੀ ਪ੍ਰਾਪਤੀ ਭਾਗਾਂ ਤੋਂ ਬਗੈਰ ਨਹੀਂ ਹੋਇਆ ਕਰਦੀ ਅਤੇ ਗੁਰੂ ਤੋਂ ਪ੍ਰੇਮ ਪਦਾਰਥ ਪ੍ਰਾਪਤ ਕਰਨ ਲਈ ਲੱਗੀ ਹੋਈ ਕਸਵੱਟੀ ਵਿਚੋਂ ਪਾਸ ਹੋਣਾ ਪੈਂਦਾ ਹੈ। ਗੁਰੂ ਤੋਂ ਬਗੈਰ ਗਿਆਨ ਨਹੀਂ ਹੋਇਆ ਕਰਦਾ। ਗੁਰਬਾਣੀ ਵਿਚ ਫੁਰਮਾਨ ਹੈ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ।।***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥***
***ਅੰਗ – ੫੯***

ਗੁਰੂ ਦੇ ਗਿਆਨ ਤੋਂ ਬਿਨ੍ਹਾਂ ਮਨ ਦਾ ਹਨ੍ਹੇਰਾ ਨਹੀਂ ਮਿਟਿਆ ਕਰਦਾ ਜਿਵੇਂ ਕਿ ਫੁਰਮਾਨ ਹੈ –

***ਜੇ ਸਉ ਚੰਦਾ ਉਗਵਹਿ***
***ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ***
***ਗੁਰ ਬਿਨੁ ਘੋਰ ਅੰਧਾਰ॥ ਅੰਗ – ੪੬੩***

***ਕੁੰਭੇ ਬਧਾ ਜਲੁ ਰਹੈ***
***ਜਲ ਬਿਨੁ ਕੁੰਭੁ ਨ ਹੋਇ॥***
***ਗਿਆਨ ਕਾ ਬਧਾ ਮਨੁ ਰਹੈ***
***ਗੁਰ ਬਿਨੁ ਗਿਆਨੁ ਨ ਹੋਇ॥***
***ਅੰਗ – ੪੬੯***

***ਉਪਜੈ ਗਿਆਨੁ ਦੁਰਮਤਿ ਛੀਜੈ॥***
***ਅੰਮ੍ਰਿਤ ਰਸਿ ਗਗਨੰਤਰਿ ਭੀਜੈ॥***
***ਏਸੁ ਕਲਾ ਜੋ ਜਾਣੈ ਭੇਉ॥***
***ਭੇਟੈ ਤਾਸੁ ਪਰਮ ਗੁਰਦੇਉ॥ ਅੰਗ – ੯੭੪***

***ਕਬੀਰ ਮਨੁ ਸੀਤਲੁ ਭਇਆ***
***ਪਾਇਆ ਬ੍ਰਹਮ ਗਿਆਨੁ॥***
***ਜਿਨਿ ਜੁਆਲਾ ਜਗੁ ਜਾਰਿਆ***
***ਸੁ ਜਨ ਕੇ ਉਦਕ ਸਮਾਨਿ॥***
***ਅੰਗ – ੧੩੭੩***

ਅਗਿਆਨ ਦੇ ਦੂਰ ਹੋਣ ਨਾਲ ਜੋ ਰਤਨ ਪਦਾਰਥ ਰੂਪੀ ਪ੍ਰਮਾਤਮਾ ਇਸ ਸਰੀਰ ਵਿਚ ਘਟ-ਘਟ ਵਿਚ ਵਿਆਪਕ ਹੈ, ਉਹ ਲੱਭ ਪਿਆ ਅਤੇ ਹਉਮੈ ਦਾ ਰੋਗ ਪੂਰੀ ਤਰ੍ਹਾਂ ਨਾਲ ਨਾਸ਼ ਹੋ ਗਿਆ।

***ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ***
***ਹਰਿ ਰਤਨੁ ਪਦਾਰਥੁ ਲਾਧਾ॥***
***ਹਉਮੈ ਰੋਗੁ ਗਇਆ ਦੂਖੁ ਲਾਥਾ***
***ਆਪੁ ਆਪੈ ਗੁਰਮਤਿ ਖਾਧਾ॥***
***ਅੰਗ – ੭੮***

***ਗੁਰ ਪਰਸਾਦਿ ਰਤਨੁ ਹਰਿ ਲਾਭੈ***
***ਮਿਟੈ ਅਗਿਆਨੁ ਹੋਇ ਉਜੀਆਰਾ॥***
***ਅੰਗ – ੩੫੩***

ਸੋ ਅਗੰਮ ਅਗੋਚਰ ਦੇ ਮਾਰਗ ਤੇ ਚੱਲਣ ਲਈ ਸਮਰੱਥ ਗੁਰੂ ਦੀ ਲੋੜ ਹੈ। ਜੋ ਗੁਰੂ ਆਪ ਹੀ ਭਰਮ ਦਾ ਸ਼ਿਕਾਰ ਹੋਇਆ ਹੋਇਆ ਹੈ, ਉਹ ਦੂਸਰੇ ਨੂੰ ਪਾਰ ਨਹੀਂ ਉਤਾਰ ਸਕਿਆ ਕਰਦਾ।

ਕਬੀਰ ਸਾਹਿਬ ਜੀ ਦਾ ਫੁਰਮਾਨ ਹੈ ਕਿ ਕੱਚੇ ਗੁਰੂ ਜਗਿਆਸੂ ਦਾ ਸਮਾਂ ਪੂਰੀ ਤਰ੍ਹਾਂ ਨਾਲ ਨਸ਼ਟ ਕਰ ਦਿੰਦੇ ਹਨ। ਐਸੀਆਂ ਨਿਰਾਰਥਕ ਕ੍ਰਿਆਵਾਂ ਵਿਚ ਪਾ ਦਿੰਦੇ ਹਨ ਕਿ ਉਸ ਦਾ ਜੀਵਨ ਇਨ੍ਹਾਂ ਕਰਮ ਕਾਂਡਾਂ ਵਿਚ ਉਲਝ-ਅਲਝ ਕੇ ਵਿਅਰਥ ਚਲਿਆ ਜਾਇਆ ਕਰਦਾ ਹੈ। ਤੱਤ ਦੇ ਖੋਜੀ ਨੂੰ ਬਹੁਤ ਹੀ ਸਾਵਧਾਨ ਹੋਣ ਦੀ ਲੋੜ ਹੈ ਅਤੇ ਹਰ ਸਮੇਂ ਪ੍ਰਭੂ ਤੋਂ ਸਹਾਇਤਾ ਲੈਂਦਿਆਂ ਬੇਨਤੀ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਤੇਰੀ ਕ੍ਰਿਪਾ ਨਾਲ ਮੈਨੂੰ ਮਾਨਸ ਜਨਮ ਤਾਂ ਪ੍ਰਾਪਤ ਹੋ ਗਿਆ ਹੈ, ਕ੍ਰਿਪਾ ਕਰ ਅਜਿਹੇ ਅਧਿਆਤਮਕ ਗੁਰੂ ਨਾਲ ਸੰਜੋਗ ਜੋੜ ਜਿਹੜਾ ਆਪ ਵੀ ਮੁਕਤ ਹੋਵੇ ਅਤੇ ਮੇਰੇ ਬੰਧਨ ਵੀ ਕੱਟ ਦੇਵੇ। ਦੂਜਿਆਂ ਬਾਰੇ ਤਾਂ ਗੁਰਬਾਣੀ ਵਿਚ ਐਸਾ ਫੁਰਮਾਨ ਹੈ –

***ਕਬੀਰ ਮਾਇ ਮੂੰਡਉ ਤਿਹ ਗੁਰੂ ਕੀ***
***ਜਾ ਤੇ ਭਰਮੁ ਨ ਜਾਇ॥***
***ਆਪ ਡੁਬੇ ਚਹੁ ਬੇਦ ਮਹਿ***
***ਚੇਲੇ ਦੀਏ ਬਹਾਇ॥ ਅੰਗ – ੧੩੭੦***

ਗੁਰਬਾਣੀ ਦਾ ਇਹ ਅਟੱਲ ਸਿਧਾਂਤ ਹੈ ਕਿ ਪ੍ਰਭੂ ਦੇ ਮਿਲਾਪ ਲਈ ਪੂਰੇ ਸਤਿਗੁਰੂ ਦੀ ਆਵਸ਼ਕਤਾ ਹੈ, ਫੁਰਮਾਨ ਆਉਂਦਾ ਹੈ ਕਿ ਬਜਰ ਕਪਾਟਾਂ ਨੂੰ ਖੋਲ੍ਹਣ ਦੀ ਜੋ ਚਾਬੀ ਹੈ ਉਹ ਅਕਾਲ ਪੁਰਖ ਨੇ ਪੂਰੇ ਸਤਿਗੁਰੂ ਨੂੰ ਸੌਂਪ ਦਿਤੀ ਹੈ।

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥ ਅੰਗ – ੨੦੫***

ਤਨ ਰੂਪੀ ਛੱਤ ਵਿਚ ਮਨ ਨੂੰ ਕੋਠੇ ਦੀ ਤੁਲਨਾ ਦਿਤੀ ਹੈ ਅਤੇ ਇਸ ਨੂੰ ਅਗਿਆਨ ਦੇ ਜੰਦਰੇ ਵਜੇ ਹੋਏ ਹਨ ਜਿਸ ਦਰਵਾਜ਼ੇ ਦੀ ਰਾਖੀ ਕਰਨ ਲਈ ਸ਼ਕਤੀਆਂ ਜਿਨ੍ਹਾਂ ਨੂੰ ਆਸੁਰੀ ਸੈਨਾ ਕਹਿ ਕੇ ਵੀ ਦਸਿਆ ਜਾਂਦਾ ਹੈ, ਉਸ ਦੇ ਵੱਡੇ ਦੁੰਦਰ ਜਰਨੈਲ ਕ੍ਰੋਧ ਆਦਿ ਖੁਦ ਇਸ ਦਰਵਾਜ਼ੇ ਦੀ ਰਾਖੀ ਕਰ ਰਹੇ ਹਨ। ਇਸ ਦਰਵਾਜ਼ੇ ਵਿਚੋਂ ਲੰਘਣ ਵਾਲੇ ਨੂੰ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਆਸ਼ਾਵਾਂ ਤੇ ਅੰਦੇਸ਼ਿਆਂ ਦੇ ਦਰਵਾਜ਼ੇ ਲੱਗੇ ਹੋਏ ਹਨ। ਇਸ ਤੋਂ ਅੱਗੇ ਵਾਸ਼ਨਾਵਾਂ ਰੂਪੀ ਪਾਣੀ ਹਾਂਡੀ ਗਹਿਰੀ ਮਾਇਆ ਨੇ ਖਾਈ ਖੋਦੀ ਹੋਈ ਹੈ ਜੋ ਪਾਣੀ ਨਾਲ ਭਰੀ ਹੋਈ ਹੈ। ਜੀਵ ਨੂੰ

ਇਸ ਵਿਚੋਂ ਲੰਘ ਕੇ ਜਾਣਾ ਪੈਂਦਾ ਹੈ ਫੇਰ ਕਿਤੇ ਜਾ ਕੇ ਸਤਿਪੁਰਖ ਦੇ ਦਰਸ਼ਨ ਸਤਿ ਦੇ ਆਸਣ ਤੇ ਹੋਣੇ ਸੰਭਵ ਹਨ ਜਿਵੇਂ ਕਿ ਫੁਰਮਾਨ ਹੈ -

*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - ੮੭੭*

ਪ੍ਰਭੂ ਦਾ ਰਸਤਾ ਦੁਖਾਂ ਦੇ ਮੰਡਲ ਵਿਚੋਂ (ਕਰੜੇ ਸੰਘਰਸ਼) ਹੋ ਕੇ ਲੰਘਦਾ ਹੈ, ਅਸਾਡੇ ਮਨ ਵਿਚ ਸਾਧਾਰਨ ਹੀ ਲੋਚਾ ਰਹਿੰਦੀ ਹੈ ਕਿ ਅਸਾਨੂੰ ਕੋਈ ਵੀ ਦੁਖ ਪ੍ਰਾਪਤ ਨਾ ਹੋਵੇ। ਅਸਾਡਾ ਜੀਵਨ ਸੁਖਾਂ ਭਰਿਆ ਹੋਣਾ ਚਾਹੀਦਾ ਹੈ। ਅਸੀਂ ਦੁਖ ਨਾਲ ਸਮਝੌਤਾ ਨਹੀਂ ਕਰ ਸਕਦੇ। ਲੇਕਿਨ ਫੇਰ ਵੀ ਅਸੀਂ ਦੁਖਾਂ ਦੇ ਵਿਚ ਗ੍ਰਸਤ ਹੋਏ ਰਹਿੰਦੇ ਹਾਂ। ਜਦੋਂ ਦੁਖ ਨਾਲ ਸਮਝੌਤਾ ਹੀ ਨਹੀਂ, ਫੇਰ ਦੁਖਾਂ ਦੇ ਦਰਵਾਜ਼ੇ ਵਿਚੋਂ ਲੰਘਣਾ ਕਿਵੇਂ ਹੋ ਸਕਦਾ ਹੈ ? ਦੁਨੀਆਂ ਦੇ ਇਤਿਹਾਸ ਵਿਚ ਐਸਾ ਬਹੁਤ ਘੱਟ ਦੇਖਿਆ ਗਿਆ ਹੈ ਕਿ ਕੋਈ ਪ੍ਰੇਮੀ ਅਰਦਾਸ ਕਰੇ ਕਿ ਹੇ ਵਾਹਿਗੁਰੂ! ਮੇਰੇ ਉਤੇ ਦੁਖਾਂ ਦੀ ਬਖਸ਼ਿਸ਼ ਕਰ, ਐਸੀ ਅਰਦਾਸ ਇਕ ਅਣਹੋਣੀ ਗੱਲ ਹੈ। ਸਿਰਫ ਮਾਤਾ ਕੁੰਤੀ ਬਾਰੇ ਕਹਿੰਦੇ ਹਨ ਕਿ ਉਹ ਭਜਨ ਪਾਠ ਕਰਕੇ ਪ੍ਰਾਰਥਨਾ ਕਰਿਆ ਕਰਦੀ ਸੀ ਕਿ ਹੇ ਪ੍ਰਭੂ! ਅਸੀਂ ਰਾਜ ਸੁੱਖ ਪਾ ਕੇ ਤੈਨੂੰ ਭੁੱਲ ਨਾ ਜਾਈਏ, ਅਸਾਨੂੰ ਦੁਖ ਦੀ ਦਾਤ ਦੇਹ। ਅਸੀਂ ਹਰ ਵਕਤ ਸੁਖ ਮੰਗਦੇ ਹਾਂ। ਸਾਡੀਆਂ ਮੰਗਾਂ ਦੀ ਤਾਰ ਐਨੀ ਲੰਮੀ ਹੈ ਕਿ ਅਸੀਂ ਸਾਰੀ ਉਮਰ ਦੇਹ-ਦੇਹ-ਦੇਹ-ਦੇਹ ਕਰਦਿਆਂ ਲੰਘਾ ਦਿੰਦੇ ਹਾਂ। ਮੈਨੂੰ ਸੋਹਣਾ ਸਰੀਰ ਦੇਹ, ਮੈਂ ਸੋਹਣਾ ਪੜ੍ਹ ਲਿਖ ਜਾਵਾਂ, ਮੇਰਾ ਜੀਵਨ ਸਾਥੀ ਬਹੁਤ ਹੀ ਮਨ ਪਸੰਦ ਦਾ ਮਿਲੇ, ਮੇਰਾ ਰੁਜ਼ਗਾਰ ਬਹੁਤ ਹੀ ਸੋਹਣਾ ਚੱਲੇ, ਮੈਨੂੰ ਬਹੁਤ ਪਿਆਰੇ ਪੁੱਤਰ ਦੀ ਦਾਤ ਮਿਲੇ, ਮੇਰੇ ਪਾਸ ਬਹੁਤ ਸੋਹਣੇ ਰਿਹਾਇਸ਼ ਦੇ ਮੰਦਰ ਹੋਣ, ਮੈਨੂੰ ਵੱਡੇ ਤੋਂ ਵੱਡਾ ਅਹੁਦਾ ਪ੍ਰਾਪਤ ਹੋਵੇ, ਇਹ ਅਸਾਡੇ ਮਨ ਵਿਚ ਹਰ ਵਕਤ ਹੀ ਇਕ ਲੋਚਾ ਲੱਗੀ ਰਹਿੰਦੀ ਹੈ। ਅਸੀਂ ਦੁਖ ਦਾ ਨਾਮ ਸੁਣ ਕੇ ਕੰਬ ਜਾਂਦੇ ਹਾਂ ਅਤੇ ਕਿਸੇ ਕੀਮਤ ਉਪਰ ਵੀ ਦੁਖ ਨੂੰ ਆਪਣੇ ਧਿਆਨ ਵਿਚ ਲਿਆਉਣ ਲਈ ਤਿਆਰ ਨਹੀਂ ਹਾਂ। ਭਾਵੇਂ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ ਕਿ -

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥*

*ਅੰਗ - ੫*

ਸੋ ਅਸੀਂ ਇਸ ਸਿਧਾਂਤ ਨਾਲ ਸਹਿਮਤ ਹੋਣ ਲਈ ਤਿਆਰ ਨਹੀਂ ਹਾਂ। ਇਕ ਕਥਾ ਐਸੀ ਆਉਂਦੀ ਹੈ ਕਿ ਗੁਰੂ ਪੰਜਵੇਂ ਪਾਤਸ਼ਾਹ ਦਾ ਦਰਬਾਰ ਲੱਗਿਆ ਹੋਇਆ ਹੈ। ਹਜ਼ਾਰਾਂ ਜਗਿਆਸੂ ਸੰਗਤ ਵਿਚ ਸਸ਼ੋਭਤ ਹੋਏ-ਹੋਏ ਗੁਰੂ ਪਿਤਾ ਜੀ ਵਲ ਟਿਕ-ਟਿਕੀ ਲਗਾ ਕੇ ਦਰਸ਼ਨ ਕਰ ਰਹੇ ਐਉਂ ਪ੍ਰਤੀਤ ਦੇ ਰਹੇ ਹਨ ਕਿ ਮਾਨੋਂ ਗੁਰੂ ਦੇ ਦਰਸ਼ਨ ਨੂੰ ਇਕ ਪਲਕ ਵੀ ਆਪਣੀ ਸਿਮ੍ਰਤੀ ਤੋਂ ਲਾਂਭੇ ਨਹੀਂ ਕਰਨਾ ਚਾਹੁੰਦੇ ਅਤੇ ਚਕੋਰ ਵਾਂਗੂੰ ਲਗਾਤਾਰ ਗੁਰੂ ਦਾ ਦਰਸ਼ਨ ਕਰ ਰਹੇ ਹਨ। ਗੁਰੂ ਮਹਾਰਾਜ ਜੀ ਆਪਣੇ ਮੁਖਾਰਬਿੰਦ ਤੋਂ ਪ੍ਰਵਚਨ ਕਰ ਰਹੇ ਹਨ ਅਤੇ ਗੁਰਸਿਖਾਂ ਦੇ ਸ਼ੰਕਿਆਂ ਨੂੰ ਨਵਿਰਤ ਕਰਨ ਵਾਸਤੇ ਰੂਹਾਨੀ ਪ੍ਰਵਚਨਾਂ ਦਾ ਮੀਂਹ ਵਰਸਾ ਰਹੇ ਹਨ। ਬਚਨਾਂ ਦੀ ਸਮਾਪਤੀ ਹੋਣ ਉਪਰੰਤ ਇਕ ਗੁਰਸਿੱਖ ਜਿਸ ਦਾ ਨਾਮ ਭਾਈ ਗੁਰਮੁਖ ਸੀ, ਉਹ ਖੜ੍ਹਾ ਹੋ ਗਿਆ ਅਤੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਜੀ ਦੇ ਪ੍ਰਵਚਨਾਂ ਦਾ ਮੁਖ ਆਸ਼ਾ ਜੋ ਮੇਰੀ ਸਮਝ ਵਿਚ ਆਇਆ ਹੈ, ਉਹ ਇਹ ਸੀ ਕਿ ਦੁਖ ਤੇ ਸੁਖ ਪ੍ਰਭੂ ਵਲੋਂ ਭਾਣੇ ਅਨੁਸਾਰ ਇਸ ਜੀਵ ਦੇ ਭਾਗਾਂ ਵਿਚ ਆਉਂਦੇ ਹਨ। ਸਿੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ, ਪ੍ਰਭੂ ਪ੍ਰਸੰਨਤਾ ਪ੍ਰਾਪਤ ਕਰਨੀ ਜ਼ਰੂਰੀ ਹੈ। ਆਪ ਨੇ ਫੁਰਮਾਨ ਕੀਤਾ ਹੈ -

*ਸੁਖੁ ਦੂਖੁ ਤੇਰੀ ਆਗਿਆ ਪਿਆਰੇ*
*ਦੂਜੀ ਨਾਹੀ ਜਾਇ ॥*
*ਜੋ ਤੂੰ ਕਰਾਵਹਿ ਸੋ ਕਰੀ ਪਿਆਰੇ*
*ਅਵਰੁ ਕਿਛੁ ਕਰਣੁ ਨ ਜਾਇ ॥*

*ਅੰਗ - ੪੩੨*

ਅਤੇ ਇਹ ਵੀ ਫੁਰਮਾਇਆ ਹੈ ਕਿ ਦੁਖ ਸੁਖ ਵਾਹਿਗੁਰੂ ਦੇ ਭਾਣੇ ਵਿਚ ਹੀ ਹੋਇਆ ਕਰਦੇ ਹਨ। ਜੋ ਇਸ ਭਾਣੇ ਵਿਚ ਪ੍ਰਸੰਨ ਚਿਤ ਰਹਿੰਦਾ ਹੈ, ਨਾ ਤਾਂ ਦੁਖ ਆਏ ਤੋਂ ਘਬਰਾਉਂਦਾ ਹੈ, ਨਾ ਸੁਖ ਆਏ ਤੇ ਉਛਲਦਾ ਫਿਰਦਾ ਹੈ, ਅਤੇ ਨਾ ਹੀ ਉਤਸਾਹਤ (excited) ਹੁੰਦਾ ਹੈ ਅਤੇ ਨਾ ਹੀ ਢਹਿੰਦੀ ਕਲਾ ਵਿਚ ਆ ਕੇ ਉਦਾਸ ਹੁੰਦਾ ਹੈ। ਉਹ ਵਾਹਿਗੁਰੂ ਜੀ ਦੀ ਰਜ਼ਾ ਦੇ ਨਾਲ ਆਪਣੇ ਆਪ ਨੂੰ ਮੇਲ ਕੇ ਇਕ ਸੁਰ ਕਰ ਲੈਂਦਾ ਹੈ। ਦੁਖ ਤੇ ਸੁਖ ਸਮੇਂ ਇਕੋ ਜਿਹੀ ਬਿਰਤੀ ਵਿਚ ਪ੍ਰਵਿਰਤ ਰਹਿਣਾ ਚਾਹੀਦਾ ਹੈ। ਆਪ ਜੀ ਨੇ ਫੁਰਮਾਨ ਕਰਦਿਆਂ -

*ਦੁਖੁ ਸੁਖੁ ਤੇਰੈ ਭਾਣੈ ਹੋਵੈ*
*ਕਿਸ ਥੈ ਜਾਇ ਰੂਆਈਐ ॥*
*ਹੁਕਮੀ ਹੁਕਮਿ ਚਲਾਏ ਵਿਗਸੈ*
*ਨਾਨਕ ਲਿਖਿਆ ਪਾਈਐ ॥ ਅੰਗ- ੪੧੮*

ਆਪ ਜੀ ਨੇ ਇਹ ਵੀ ਫੁਰਮਾਇਆ ਹੈ ਕਿ ਵਾਹਿਗੁਰੂ ਦੇ ਭਾਣੇ ਵਿਚ ਹੀ ਸਭ ਕੁਛ ਵਰਤ ਰਿਹਾ ਹੈ ਜਿਵੇਂ ਕਿ-

*ਭਾਣੈ ਉਝੜ ਭਾਣੈ ਰਾਹਾ ॥*
*ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ ॥*
*ਭਾਣੈ ਭਰਮਿ ਭਵੈ ਬਹੁ ਜੂਨੀ*
*ਸਭ ਕਿਛੁ ਤਿਸੈ ਰਜਾਈ ਜੀਉ ॥*
*ਨਾ ਕੋ ਮੂਰਖੁ ਨਾ ਕੋ ਸਿਆਣਾ ॥*
*ਵਰਤੈ ਸਭ ਕਿਛੁ ਤੇਰਾ ਭਾਣਾ ॥*

*ਅਗਮ ਅਗੋਚਰ ਬੇਅੰਤ ਅਥਾਹਾ*
*ਤੇਰੀ ਕੀਮਤਿ ਕਹਣੁ ਨ ਜਾਈ ਜੀਉ॥*
*ਅੰਗ - ੯੮*

ਅਤੇ ਜਪ ਤਪ ਕਰਨੇ, ਸੰਜਮ ਕਰਨੇ ਜੂਨਾਂ ਦੇ ਵਿਚ ਘੁੰਮਣਾ, ਦੁਖ ਸੁਖ ਭੋਗਦੇ ਹੀ ਰਹਿਣਾ, ਇਹ ਸਭ ਵਾਹਿਗੁਰੂ ਜੀ ਦੇ ਭਾਣੇ ਅਨੁਸਾਰ ਹੀ ਹੋ ਰਿਹਾ ਹੈ -

*ਨਾਨਕ ਨਾਮੁ ਧਿਆਈਐ*
*ਗੁਰੁ ਪੂਰਾ ਮਤਿ ਦੇਇ॥*
*ਭਾਣੈ ਜਪ ਤਪ ਸੰਜਮੋ*
*ਭਾਣੈ ਹੀ ਕਢਿ ਲੇਇ॥*
*ਭਾਣੈ ਜੋਨਿ ਭਵਾਈਐ ਭਾਣੈ ਬਖਸ ਕਰੇਇ॥*
*ਭਾਣੈ ਦੂਖੁ ਸੁਖੁ ਭੋਗੀਐ*
*ਭਾਣੈ ਕਰਮ ਕਰੇਇ॥*
*ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ॥*
*ਭਾਣੈ ਭੋਗ ਭੋਗਾਇਦਾ*
*ਭਾਣੈ ਮਨਹਿ ਕਰੇਇ।।*
*ਭਾਣੈ ਨਰਕਿ ਸੁਰਗਿ ਅਉਤਾਰੇ*
*ਭਾਣੈ ਧਰਣਿ ਪਰੇਇ॥*
*ਭਾਣੈ ਹੀ ਜਿਸੁ ਭਗਤੀ ਲਾਏ*
*ਨਾਨਕ ਵਿਰਲੇ ਹੇ॥ ਅੰਗ - ੯੬੩*

ਅਤੇ ਆਪ ਜੀ ਨੇ ਇਹ ਵੀ ਸੰਕੇਤ ਦਿਤਾ ਹੈ ਕਿ ਜੋ ਭਾਣੇ ਨੂੰ ਪ੍ਰਸੰਨ ਚਿਤ ਮੰਨ ਲੈਂਦੇ ਹਨ, ਉਹ ਪ੍ਰਭੂ ਨੂੰ ਭਾਉਂਦੇ ਹਨ ਅਤੇ ਉਹ ਗੁਰਮੁਖ ਪਦਵੀ ਨੂੰ ਪ੍ਰਾਪਤ ਕਰ ਲੈਂਦੇ ਹਨ। ਆਦਮੀ ਦੀ ਮਰਜ਼ੀ ਕਿਤੇ ਵੀ ਨਹੀਂ ਚਲਦੀ। ਸਭ ਕੁਛ ਤੇਰੇ ਭਾਣੇ ਵਿਚ ਹੀ ਹੋ ਰਿਹਾ ਹੈ। ਜਿਵੇਂ ਕਿ-

*ਜੋ ਤੁਧੁ ਕਰਣਾ ਸੋ ਕਰਿ ਪਾਇਆ॥*
*ਭਾਣੇ ਵਿਚਿ ਕੋ ਵਿਰਲਾ ਆਇਆ॥*
*ਭਾਣਾ ਮੰਨੇ ਸੋ ਸੁਖੁ ਪਾਏ*
*ਭਾਣੇ ਵਿਚਿ ਸੁਖੁ ਪਾਇਦਾ॥*
*ਗੁਰਮੁਖਿ ਤੇਰਾ ਭਾਣਾ ਭਾਵੈ॥*
*ਸਹਜੇ ਹੀ ਸੁਖੁ ਸਚੁ ਕਮਾਵੈ॥*
*ਭਾਣੇ ਨੋ ਲੋਚੈ ਬਹੁਤੇਰੀ*
*ਆਪਣਾ ਭਾਣਾ ਆਪਿ ਮਨਾਇਦਾ॥*
*ਤੇਰਾ ਭਾਣਾ ਮੰਨੇ ਸੁ ਮਿਲੈ ਤੁਧੁ ਆਏ॥*
*ਜਿਸੁ ਭਾਣਾ ਭਾਵੈ ਸੋ ਤੁਝਹਿ ਸਮਾਏ॥*
*ਭਾਣੇ ਵਿਚਿ ਵਡੀ ਵਡਿਆਈ*
*ਭਾਣਾ ਕਿਸਹਿ ਕਰਾਇਦਾ॥*
*ਅੰਗ - ੧੦੬੩*

*'ਚਲਦਾ....'।*

*(ਪੰਨਾ 7 ਦੀ ਬਾਕੀ)*

ਹਨ, ਇਸੇ ਪ੍ਰਕਾਰ ਇਹ ਮਾਇਆ ਦੇ ਵਿਸ਼ੇ-ਵਿਕਾਰ, ਭੋਗ ਪਦਾਰਥ ਉਪਰੋਂ ਸੁਖਦਾਇਕ ਹੁੰਦੇ ਹਨ ਪਰ ਇਹ ਜ਼ਹਿਰ ਵਾਲੇ ਲੱਡੂਆਂ ਦੀ ਨਿਆਈਂ ਹਨ ਅਤੇ ਅੰਤ ਨੂੰ ਇਹ ਸਾਰੇ ਦੁਖਦਾਇਕ ਹੋ ਜਾਂਦੇ ਹਨ।

**ਵਿਚੁ ਨ ਕੋਈ ਕਰ ਸਕੈ**
**ਕਿਸ ਥੈ ਰੋਵਹਿ ਰੋਜ॥**

ਹੇ ਜੀਵ! ਪਰਲੋਕ ਵਿਚ ਕੋਈ ਵੀ ਤੇਰੀ ਵਿਚੁ=ਵਿਚੋਲਗੀ ਨਹੀਂ ਕਰ ਸਕੈ=ਸਕਦਾ ਭਾਵ ਜਮਾਂ ਤੋਂ ਨਹੀਂ ਬਚਾ ਸਕਦਾ। ਕਿਸ ਥੈ=ਕਿਸ ਜਗ੍ਹਾ ਉਤੇ ਜਾ ਕੇ ਹਰ ਰੋਜ਼ ਰੋਵਹਿ=ਰੋਣਾ ਕਰੇਂਗਾ। ਕਿਸੇ ਨੇ ਵੀ ਤੇਰੇ ਔਗੁਣਾਂ ਨੂੰ, ਕੁਕਰਮਾਂ ਨੂੰ ਵੇਖ ਕੇ ਛੁਡਾਉਣਾ ਨਹੀਂ। ਕਿਉਂਕਿ ਇਕ ਹਰੀ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਪਰਲੋਕ ਦੀ ਵਿਚੋਲਗੀ ਕਰਕੇ ਜਮਾਂ ਤੋਂ ਨਹੀਂ ਛੁਡਾ ਸਕਦਾ।

**ਕੀਤਾ ਕਿਛੂ ਨ ਹੋਵਈ**
**ਲਿਖਿਆ ਧੁਰਿ ਸੰਜੋਗ॥**

ਜੀਵ ਦਾ ਆਪਣਾ ਕੀਤਾ ਕਿਛੂ=ਕੁਝ ਵੀ ਨ=ਨਹੀਂ ਹੋਵਈ=ਹੁੰਦਾ, ਉਹੋ ਹੀ ਹੁੰਦਾ ਹੈ ਜੋ ਧੁਰੋਂ ਹੀ ਸੰਜੋਗ ਲਿਖਿਆ ਹੁੰਦਾ ਹੈ।

**ਵਡਭਾਗੀ ਮੇਰਾ ਪ੍ਰਭੁ ਮਿਲੈ**
**ਤਾਂ ਉਤਰਹਿ ਸਭਿ ਬਿਓਗ॥**

ਜੇਕਰ ਕਿਸੇ ਨੂੰ ਵਡਭਾਗੀ=ਵੱਡੇ ਭਾਗਾਂ ਕਰਕੇ ਮੇਰਾ ਪਿਆਰਾ ਪ੍ਰਭੁ=ਪਰਮੇਸ਼ਰ ਮਿਲੈ=ਮਿਲ ਪਵੇ ਤਾਂ ਉਸ ਦੇ ਬਿਓਗ=ਵਿਛੋੜੇ ਆਦਿ ਦੇ ਸਭਿ=ਸਾਰੇ ਦੁੱਖ ਉਤਰਹਿ=ਉਤਰ ਜਾਂਦੇ ਹਨ।

**ਨਾਨਕ ਕਉ ਪ੍ਰਭ ਰਾਖਿ ਲੇਹਿ**
**ਮੇਰੇ ਸਾਹਿਬ ਬੰਦੀ ਮੋਚ॥**

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਜੰਮਣ ਮਰਣ ਦੇ ਬੰਦੀ=ਬੰਦੀ ਖਾਨੇ ਵਿਚੋਂ ਮੋਚ=ਛੁਡਾਉਣ ਵਾਲੇ ਮੇਰੇ ਸਾਹਿਬ=ਮਾਲਕ ਪਰਮੇਸ਼ਰ! ਮੈ ਜਨ ਕਉ=ਨੂੰ ਆਪਣੀ ਸ਼ਰਨ ਵਿਚ ਰਾਖਿ=ਰੱਖ ਲੇਹਿ=ਲੈਣਾ ਕਰ ਅਥਵਾ ਹੇ ਮਾਇਆ, ਮਾਤਾ ਦੇ ਗਰਭ ਰੂਪੀ, ਜਮਾਂ ਦੇ ਜੇਲਖਾਨੇ ਵਿਚੋਂ ਮੋਚ=ਮੁਕਤ ਕਰਾਉਣ ਵਾਲੇ ਮੇਰੇ ਮਾਲਕ ਪਰਮੇਸ਼ਰ ਜੀ! ਮੇਰੇ ਕਉ=ਤਾਈਂ ਆਪਣੀ ਸ਼ਰਨ ਵਿਚ ਰੱਖ ਕੇ ਚੌਰਾਸੀ ਲੱਖ ਜੂਨਾਂ ਤੋਂ ਬਚਾ ਲੈਣਾ ਕਰੋ।

**ਕਤਿਕ ਹੋਵੈ ਸਾਧਸੰਗੁ**
**ਬਿਨਸਹਿ ਸਭੇ ਸੋਚ॥੯॥**

ਕੱਤਕ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਜਦੋਂ ਇਸ ਮਨੁੱਖਾ ਸਰੀਰ ਵਿਚ ਸਾਧਸੰਗੁ=ਸ੍ਰੇਸਟ ਮਹਾਤਮਾ ਜਨਾਂ ਦੀ ਸੰਗਤ ਪ੍ਰਾਪਤ ਹੋਵੈ=ਹੋ ਜਾਵੇ ਤਾਂ ਸਭੇ=ਸਾਰੇ ਸੋਚ=ਫਿਕਰ ਬਿਨਸਹਿ=ਨਾਸ ਹੋ ਜਾਂਦੇ ਹਨ।

# ਏਕੁ ਜੁ ਸਾਧੂ ਮੋੁਹਿ ਮਿਲਿਉ.....॥

## ਪ੍ਰਵਚਨ

## (ਸਤਿਕਾਰਯੋਗ (ਬੀਜੀ) ਮਾਤਾ ਰਣਜੀਤ ਕੌਰ ਜੀ ਜੀਵਨ ਸਾਥੀ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ)

ਸੰਤ ਮਹਾਰਾਜ ਜੀ ਜਿਹੇ ਮਹਾਤਮਾ ਤਾਂ ਮਿਲਣੇ ਹੀ ਨਹੀਂ। ਉਹਨਾਂ ਦੀ ਹੀ ਜਾਗ ਲਾਈ ਹੋਈ ਹੈ ਇਹ। ਜੋ ਸੰਗਤ ਬੈਠੀ ਹੈ ਇਹ ਉਨ੍ਹਾਂ ਦਾ ਹੀ ਪ੍ਰਤਾਪ ਹੈ। ਉਹਨਾਂ ਦੇ ਹੀ ਆਸਰੇ ਇਹ ਸਾਰੇ ਇਲਾਕੇ ਵਿਚ ਤੁਰੇ ਫਿਰੇ ਨੇ। ਇਹ ਵੀ ਆਪ ਜਾਣਦੇ ਨੇ ਕਿ ਬਾਬਾ ਜੀ ਆਪ ਕਿਹੋ ਜਿਹੇ ਸੀ। ਤੁਸੀਂ ਤਾਂ ਸਾਰੇ ਬਾਬਾ ਜੀ ਹੀ ਕਹਿੰਦੇ ਹੋਂ। ਇਹ ਪ੍ਰਤਾਪ ਮਹਾਰਾਜ ਜੀ ਦਾ ਹੀ ਸੀ। ਜੋ ਸੰਗਤ ਬੈਠੀ ਹੈ ਸਭ ਧੁਰੋਂ ਨਾਲ ਆਈ ਹੈ, ਇਹਨਾਂ ਨੂੰ ਇਕੱਲਿਆਂ-ਇਕੱਲਿਆਂ ਨੂੰ ਪੁੱਛ ਕੇ ਦੇਖ ਲਓ ਕਿ ਕਿਥੇ ਨਹੀਂ ਦਰਸ਼ਨ ਮਹਾਰਾਜ ਜੀ ਦੇ ਹੋਏ। ਰਾੜੇ ਵਾਲੇ ਸੰਤ ਮਹਾਰਾਜ ਜੀ ਨੂੰ ਮੰਨਦੇ ਨੇ। ਬਰਸੀ ਆਵੇ, ਹੋਰ ਦਿਨ ਆਉਣ ਸਭ ਸੰਗਤ ਉਥੇ ਪਹੁੰਚਦੀ ਹੈ। ਇਹ ਸਭ ਮਹਾਰਾਜ ਜੀ ਦਾ ਸਦਕਾ ਹੈ। ਪੰਜਾਬ ਵਿਚ, ਯੂ.ਪੀ ਵਿਚ, ਇੰਗਲੈਂਡ ਤਕ ਖੁਸ਼ਬੂ ਬਖੇਰ ਗਏ ਨੇ। ਜੋ ਇਹਨਾਂ ਨੇ ਗੱਲ ਕਹੀ ਹੈ ਕਿ ਭੂਤ ਕੱਢਣੇ ਸੰਤਾਂ ਦਾ ਕੰਮ ਨਹੀਂ ਹੈ। ਮੈਂ ਬੜੀ ਸਹਿਮਤ ਹਾਂ ਇਹਦੇ ਵਿਚ। ਸੰਤ ਬਣ ਜਾਂਦੇ ਨੇ। ਕਰਨੀ ਧਰਨੀ ਕੋਈ ਨਹੀਂ। ਜੋ ਗਿਆਨੀ ਮਿਹਰ ਸਿੰਘ ਜੀ ਨੇ ਦਸਿਆ ਸੀ ਕਿ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਨੌਂ ਸਾਲ ਮੰਜੇ 'ਤੇ ਉਹਨਾਂ ਨੇ ਪਿੱਠ ਲਾ ਕੇ ਨਹੀਂ ਸੀ ਦੇਖੀ। ਪਲੰਘ ਰੋਜ਼ ਵਿਛਦਾ ਸੀ ਉਹਨਾਂ ਦਾ, ਨਵਾਂ ਬਿਸਤਰਾ ਵਿਛਦਾ ਸੀ, ਪਰ ਨੌਂ ਸਾਲ ਮੰਜੇ 'ਤੇ ਪੈ ਕੇ ਨਹੀਂ ਸੀ ਦੇਖਿਆ ਉਹਨਾਂ ਨੇ। ਤਪੱਸਿਆ ਵਿਚ ਬੈਠੇ ਰਹੇ ਸੀ। ਮਹਾਰਾਜ ਜੀ ਇਕ ਗਰੀਬ ਨੂੰ ਆਪਣਾ ਬਣਾ ਲੈਂਦੇ ਸੀ। ਨਿੱਕੇ ਜਿਹੇ ਤੁੱਛ ਜੀਵ ਸੀ ਅਸੀਂ। ਗਰੀਬ ਸੀ ਬਿਲਕੁਲ। ਮਨੋ ਵੀ ਤਨੋ ਵੀ। ਕੁਛ ਵੀ ਨਹੀਂ ਸੀ ਕੋਲ ਸਾਡੇ। ਮਹਾਰਾਜ ਜੀ ਕੋਲ ਜਾ ਕੇ ਅਰਦਾਸ ਕਰਦੇ ਸੀ। ਮਹਾਰਾਜ ਜੀ! ਜ਼ਰੂਰ ਸਾਡੇ ਆਇਓ। ਜਿਥੇ ਬਾਬਾ ਜੀ ਨੇ ਅਰਦਾਸ ਕਰਨੀ, ਉਥੇ ਮਹਾਰਾਜ ਜੀ ਨੇ ਹਾਂ ਕਰ ਦੇਣੀ ਕਿ ਅਸੀਂ ਜ਼ਰੂਰ ਆਵਾਂਗੇ। ਜਵਾਬ ਨਹੀਂ ਸੀ ਦਿੰਦੇ। ਕੁਆਰਟਰਾਂ 'ਚ ਬੈਠਿਆਂ ਨੂੰ, ਦੋ-ਦੋ ਕਮਰੇ ਸਾਡੇ ਕੋਲ। ਮਹਾਰਾਜ ਜੀ ਨੇ ਹੋਰਨ ਵਜਾ ਦੇਣਾ ਆ ਕੇ। ਉਹ ਕਿਹੜੀਆਂ ਘੜੀਆਂ ਸਨ, ਉਹ ਕਿਹੜਾ ਸਮਾਂ ਸੀ ਜਿਸ ਸਮੇਂ ਮਹਾਰਾਜ ਜੀ ਨੇ ਆ ਕੇ ਸਾਡੀਆਂ ਝੌਂਪੜੀਆਂ ਵਿਚ ਹੌਰਨ ਵਜਾਏ। ਉਸੇ ਪਿਆਰ ਨੇ, ਉਸੇ ਸੱਚੀ-ਸੁੱਚੀ ਆਤਮਾ ਨੇ ਇਸ ਰਸਤੇ ਸਾਨੂੰ ਤੋਰਿਆ। ਮੈਂ ਤਾਂ ਅੱਜ ਕਹਿੰਦੀ ਸੀ ਜਦੋਂ ਗੁਰੂ ਮਹਾਰਾਜ ਜੀ ਨੂੰ ਅੱਜ ਲੈ ਕੇ ਆ ਰਹੇ ਸੀ, ਸਦਕਾ ਮਹਾਰਾਜ ਜੀ ਦਾ, ਮੇਰਾ ਦਿਲ ਕਰਦਾ ਸੀ, ਅੱਜ ਦਿਲ ਖੋਲ੍ਹ ਕੇ ਮੈਂ ਨੱਚ ਲਵਾਂ, ਉੱਚੀ-ਉੱਚੀ ਰੌਲਾ ਪਾ ਲਵਾਂ, ਸ਼ਬਦ ਪੜ੍ਹ ਲਵਾਂ, ਗਾ ਲਵਾਂ। ਆਪਣੇ ਆਪ ਤੋਂ ਮੈਂ ਬਾਹਰ ਹੋ ਗਈ। ਆਪਣੇ ਆਪ ਤੋਂ ਬਾਹਰ ਹੋਈ ਮੈਂ ਚੁੱਪ ਕਰਕੇ ਓਧਰ ਨੂੰ ਚਲੀ ਗਈ। ਬਹੁਤ ਅੰਦਰੋਂ ਉਛਾਲੇ ਉਠੇ। ਮਹਾਰਾਜ ਜੀ ਮੁੜ-ਮੁੜ ਮੇਰੇ ਸਾਮ੍ਹਣੇ ਆਉਂਦੇ ਸੀ। ਕਿੱਡਾ ਸਦਕਾ ਤੁਹਾਡਾ।

ਹਾਂ ਅੱਜ ਦੇ ਸੰਤਾਂ ਨੂੰ ਜੋ ਇਹਨਾਂ ਗੱਲ ਆਖੀ ਹੈ ਇਹ ਮੇਰੇ ਅੰਦਰ ਜ਼ਰੂਰ ਬੈਠ ਗਈ ਹੈ। ਭੂਤ ਕੱਢਣ ਤੋਂ ਬਗੈਰ ਹੋਰ ਕੋਈ ਗੱਲ ਹੈ ਨਹੀਂ। ਹੁਣ ਸੰਤ ਬਣਦੇ ਨੇ, ਬੱਚੇ ਹੁੰਦੇ ਨੇ ਛੋਟੇ-ਛੋਟੇ, ਪਰ ਕਰਨੀ ਕੋਈ ਨਹੀਂ ਹੈ, ਤਪੱਸਿਆ ਕੋਈ ਨਹੀਂ ਹੈ, ਘਾਲਣਾ ਕੋਈ ਨਹੀਂ ਹੈ। ਗ੍ਰੰਥੀ ਲਗ ਜਾਂਦੇ ਨੇ, ਪਾਠੀ ਲਗ ਜਾਂਦੇ, ਚੋਲੇ ਪਾ ਲਏ ਜੀ, ਹੁਣ ਨਵਾਂ ਫੈਸ਼ਨ ਤੁਰਿਐ ਕਿ ਰੁਮਾਲ ਬੰਨ੍ਹ ਲਿਆ ਜੀ, ਸ਼ਕੀਨੀ ਲਾ ਲਈ ਜੀ। ਕੋਈ ਬੰਦਗੀ ਦਾ ਪਤਾ ਨਹੀਂ ਹੈ, ਗੁਰੂ ਸਾਹਿਬ ਦੀ ਬਾਣੀ ਦਾ ਕੋਈ ਪਤਾ ਨਹੀਂ, ਗੁਰੂ ਨਾਨਕ ਸਾਹਿਬ ਦੀ ਬਾਣੀ ਕੀ ਕਹਿੰਦੀ ਹੈ-

*ਭੇਖ ਦਿਖਾਇਓ ਜਗਤ ਕਉ ਲੋਗਨ ਕੋ ਬਸ ਕੀਨ।*

ਅੰਦਰੋਂ ਕੁਛ ਬਾਹਰੋਂ ਕੁਛ। ਵੀਰ ਜੀ ਗੱਲ ਤਾਂ ਕਰਦੇ ਸਨ, ਪਰ ਕੱਲ੍ਹ ਨੂੰ ਦਿਨੇ ਦੀਵਾਨ ਲੱਗੇਗਾ। ਇਹ ਸਾਰੀ ਗੱਲ ਖੋਲ੍ਹ ਕੇ ਵਿਸਥਾਰ ਨਾਲ ਸੁਣਾਉਣ। ਮੇਰੇ ਮਨ ਵਿਚ ਵੀ ਆ ਜਾਂਦੀ ਹੈ ਗੱਲ। ਮੈਂ ਇਹੋ ਜਿਹੀ ਹੀ ਹਾਂ, ਮੈਂ ਟੋਕ ਵੀ ਦਿੰਦੀ ਹਾਂ। ਬੇਟਾ! ਕੁਛ ਬਣ ਤਾਂ ਜਾ। ਪਰ ਹੁਣ ਸਮਾਂ ਹੀ ਹੋਰ ਆ ਗਿਆ। ਸਾਡਾ ਜੋ 40-50 ਸਾਲ ਪਹਿਲਾਂ ਸਮਾਂ ਸੀ ਉਹ ਤਾਂ ਚਲਿਆ ਗਿਆ। ਜਦੋਂ ਉਹ ਯਾਦ ਆ ਜਾਂਦੈ ਤਾਂ ਚੁੱਪ ਕਰ ਜਾਈਦੈ ਕਿ ਔਹ! ਸਮਾਂ ਨਿਕਲ ਗਿਆ। ਹੱਥ ਨਹੀਂ ਲੱਗਣਾ। ਉਸ ਸਮੇਂ ਨੂੰ ਅਸੀਂ ਬਾਰ-ਬਾਰ ਕਹਿੰਦੇ ਹਾਂ ਕਿ ਆ ਜਾਵੇ ਕਿਸੇ ਤਰ੍ਹਾਂ, ਪਰ ਨਹੀਂ ਆਉਂਦਾ। ਹੁਣ ਤਾਂ ਕਿਧਰੇ ਹੋਰ ਹੀ ਪਾਸੇ ਦੁਨੀਆਂ ਜਾ ਰਹੀ ਹੈ। ਇਸ ਚੰਚਲਤਾਈ ਨੇ, ਇਸ ਭੇਖ ਨੇ, ਗਿਆਨ ਧਿਆਨ ਸਾਨੂੰ ਬਾਹਰੋਂ ਹੈ, ਅੰਦਰ ਸਾਡੇ ਕੁਛ ਨਹੀਂ ਹੈ। ਜੇ ਬੱਚੇ ਨੂੰ ਸਮਝਾਓ, ਬਿਲਕੁਲ ਨਹੀਂ ਸਮਝਦਾ। ਵੱਡੇ ਨੂੰ ਅਸੀਂ ਕਹਿੰਦੇ ਹਾਂ ਠੀਕ ਹੈ, ਵੱਡੇ ਦੀ ਵੀ ਬਿਰਤੀ ਹੈ ਨਹੀਂ। ਧੌਲੀਆਂ ਦਾੜ੍ਹੀਆਂ ਵਾਲੇ ਸੰਤ ਮੈਂ ਦੇਖੇ ਨੇ, ਨਾਮ ਜਪਦੇ ਨੇ, ਸਿਮਰਨੇ ਹੱਥਾਂ ਵਿਚ ਫੜ੍ਹੇ ਹੋਏ ਨੇ, ਮਾਲਾ ਫੜੀਆਂ ਹੋਈਆਂ ਨੇ ਪਰ ਅੰਦਰ ਕੁਛ ਨਹੀਂ। ਗੁਰੂ ਦੀ ਬਾਣੀ ਨੂੰ ਨਹੀਂ ਕੁਛ ਮੰਨਦੇ। ਆਪਣੇ ਖਿਆਲਾਂ ਦੇ ਨਾਲ ਚਲਦੇ ਹਨ। ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਅਸੀਂ ਛੱਡ

ਗਏ ਤਾਂਹੀ ਸਾਡਾ ਇਹ ਹਾਲ ਹੋਇਐ। ਇਸ ਇਲਾਕੇ ਵਿਚ ਆ ਕੇ ਬਾਬਾ ਜੀ ਚੱਪੇ-ਚੱਪੇ 'ਤੇ ਗਏ ਨੇ। ਜਿਸ ਪਿੰਡ ਨਹੀਂ ਗਏ, ਉਸ ਪਿੰਡ ਦੀ ਸੰਗਤ ਬਣੀਓ ਹੈ ਨਹੀਂ। ਗਿੱਠ-ਗਿੱਠ 'ਤੇ ਪਿੰਡ ਸੀ, ਗਿੱਠ 'ਤੇ ਫਿਰੇ ਨੇ ਇਹ। ਉਥੇ ਜਾ-ਜਾ ਕੇ ਜਗਾਏ। ਆਪਣਾ ਸਮਾਨ ਲੈ ਕੇ, ਆਪਣੀਆਂ ਕਾਰਾਂ ਲੈ ਕੇ, ਬੱਚਿਆਂ ਨੂੰ ਨਾਲ ਲੈ ਕੇ ਕਿਸੇ ਢੋਲਕੀ ਵਾਲੇ ਨੂੰ ਲੈਣਾ, ਚਿਮਟੇ ਵਾਲੇ ਨੂੰ ਲੈਣਾ। ਬੱਚਿਆਂ ਨੂੰ ਤਨਖਾਹਾਂ 'ਤੇ ਰੱਖ ਕੇ ਪਿੰਡ-ਪਿੰਡ ਫਿਰੇ। ਤਿੰਨ-ਤਿੰਨ ਘੰਟਿਆਂ ਦੇ ਤਿੰਨ-ਤਿੰਨ ਦੀਵਾਨ ਲਾਉਣੇ ਕੋਈ ਖੇਡ ਨਹੀਂ ਹੈ। ਪਰ ਐਨਾ ਪ੍ਰੇਮ ਵਾਲਾ ਹੈ ਇਲਾਕਾ, ਅਸੀਂ ਨਹੀਂ ਕੋਈ ਦੇਖਿਆ ਐਸਾ। ਮੇਲੇ ਤਾਂ ਸਾਡੇ ਇਲਾਕਿਆਂ ਵਿਚ ਵੀ ਬਹੁਤ ਲਗਦੇ ਨੇ ਪਰ ਚੰਚਲਤਾਈ ਬਹੁਤ ਹੈ ਸਾਡੇ 'ਚ। ਰੋਪੜ ਜ਼ਿਲਾ ਐਸਾ ਹੈ, ਜੇ ਸਮਝ ਜਾਂਦੈ ਤਾਂ ਸਮਝ ਹੀ ਜਾਂਦਾ ਹੈ। ਮਨੋ ਨਹੀਂ ਗਰੀਬ, ਤਨੋ ਕਿੰਨੇ ਗਰੀਬ, ਉਂਵ ਵੀ ਪਾਣੀ ਨਾ ਹੋਣ ਕਰਕੇ ਘਾਟ ਦਾ ਇਲਾਕਾ ਕਿਹਾ ਜਾਂਦੈ। ਥੋੜ੍ਹੀਆਂ ਫਸਲਾਂ ਹੁੰਦੀਆਂ ਨੇ। ਵਾਹਿਗੁਰੂ ਦੇ ਸਿਰ 'ਤੇ ਰਹਿੰਦੇ ਨੇ। ਕਿੱਡਾ ਦਿਲ ਇਹਨਾਂ ਦਾ। ਵੱਡੇ-ਵੱਡੇ ਅਮੀਰ ਨਹੀਂ ਕਰ ਸਕਦੇ, ਵੱਡੇ ਪੈਸਿਆਂ ਵਾਲੇ ਨਹੀਂ ਕਰ ਸਕਦੇ। ਜੋ ਘਾਲਣਾ ਇਹਨਾਂ ਨੇ ਕੀਤੀ ਹੈ ਜ਼ਮੀਨ ਦਾਨ ਕਰ ਦੇਣੀ। ਗਰੀਬ ਆਦਮੀ ਲਈ ਖੇਡ ਨਹੀਂ ਹੈ ਇਹ। ਵੱਡੀ ਗੱਲ ਕੀਤੀ ਹੈ, ਕਿੱਡਾ ਵੱਡਾ ਦਾਨ ਫੈਲ ਰਿਹਾ ਹੈ ਉਹਨਾਂ ਦਾ। ਬਾਬਾ ਜੀ ਕਹਿੰਦੇ, ਨਹੀਂ ਇਹ ਗੱਲ ਕਹੀਦੀ ਹੁੰਦੀ। ਕਿਸੇ ਨੂੰ ਵੱਡੇ ਨਹੀਂ ਬਣਾਈਦਾ, ਵਾਹਿਗੁਰੂ ਸਭ ਕੁਛ ਜਾਣਦਾ ਹੈ -

*ਵਿਣੁ ਬੋਲਿਆ ਸਭੁ ਕਿਛੁ ਜਾਣਦਾ*
*ਕਿਸੁ ਆਗੈ ਕੀਚੈ ਅਰਦਾਸਿ॥* *ਅੰਗ- ੧੪੨੦*

ਪਰ ਕਹੇ ਬਿਨਾਂ ਰਹਿ ਨਹੀਂ ਸਕੀਦਾ। ਬੜਾ ਪ੍ਰੇਮ ਹੈ, ਮਨੀਮਾਜਰੇ ਦੀ ਸੰਗਤ ਨੂੰ ਐਨਾ ਪ੍ਰੇਮ, ਮੈਂ ਹੈਰਾਨ ਹੋ ਗਈ। ਮੰਜੀ ਸਾਹਿਬ ਬਣਾਉਣ ਲੱਗੇ ਤਾਂ ਮੰਜੀ ਸਾਹਿਬ ਹੀ ਬਹੁਤ ਵੱਡੀ ਬਣਾ ਦਿਤੀ। ਦੋਝੀ ਕਹਿੰਦੇ ਨਿਸ਼ਾਨ ਅਸੀਂ ਲਾਉਣੈ। ਅਸੀਂ ਕਿਹਾ ਛੋਟਾ ਜਿਹਾ ਨਿਸ਼ਾਨ ਸਾਹਿਬ ਲਾ ਦਿਓ। ਕਹਿੰਦੇ, ਜੀ ਅਸੀਂ ਤਾਂ ਬਹੁਤ ਵੱਡਾ ਨਿਸ਼ਾਨ ਸਾਹਿਬ ਲਾਉਣੈ। ਸਾਡਾ ਚਾਹੇ 20 ਹਜ਼ਾਰ ਰੁਪਿਆ ਲਗ ਜਾਵੇ। ਵੱਡੀ ਤੋਂ ਵੱਡੀ ਗੱਲ ਕਰਦੇ ਨੇ। ਗਦੇਲੇ ਨਾਲ ਭਰਾ ਕੇ ਬੀਬੀਆਂ ਨੇ ਐਨੇ ਉਤਸ਼ਾਹ ਨਾਲ ਸੇਵਾ ਕਰੀ ਹੈ ਮਨੀਮਾਜਰੇ। ਗਦੇਲੇ ਨਾਲ ਭਰਾਏ ਨੇ। ਉਹ ਕਹੇ ਮੇਰੀ ਰੂੰ ਪਾ, ਮੇਰਾ ਗੱਦਾ ਲਵੋ, ਗੁਰੂ ਮਹਾਰਾਜ ਜੀ ਲਈ ਰਜਾਈ ਬਣਾਈ। ਪਾਲਕੀਆਂ ਬਣਾਈਆਂ, ਰੁਮਾਲਾ ਸਾਹਿਬ ਨਵੇਂ ਤੋਂ ਨਵੇਂ ਲਿਆਂਦੇ। ਐਨਾ ਉਤਸ਼ਾਹ ਉਹਨਾਂ ਨੂੰ ਧਰਤੀ 'ਤੇ ਪੈਰ ਨਾ ਲੱਗੇ। ਇਕ ਦੂਜੇ ਨੂੰ ਪਿਆਰ ਕਰਨ ਆਪਸ ਵਿਚ। ਸਾਨੂੰ ਮਜ਼ਬੂਰੀ ਕਰੀ ਕਿ ਤੁਸੀਂ ਜ਼ਰੂਰ ਆਉਣੈ। ਬੀਜੀ, ਤੁਸੀਂ ਵੀ ਜ਼ਰੂਰ ਆਉਣੈ। ਇਹਨਾਂ ਦੇ ਪਿਆਰ ਦੇ ਸਦਕੇ ਸਾਨੂੰ ਉਥੇ ਜਾਣਾ ਲਗਿਆ। ਇਹਨਾਂ ਨੇ ਨਹੀਂ ਦੇਖਿਆ ਕਿ ਬਾਰਿਸ਼ ਹੋ ਰਹੀ ਹੈ ਜਾਂ ਸਰਦੀ ਪੈ ਰਹੀ ਹੈ। ਸਾਡੀਆਂ ਦਿਹਾੜੀਆਂ ਛੁਟ ਰਹੀਆਂ ਨੇ। ਸਭ ਕਿਰਤੀ ਸਿੰਘ ਨੇ। ਕੋਈ ਨਹੀਂ ਹੈ ਕਿ ਐਵੇਂ ਚੋਲੇ ਪਾਈਂ ਫਿਰਦੇ ਨੇ ਜਾਂ ਐਵੇਂ ਭਾਈ ਬਣੇ ਫਿਰਦੇ ਨੇ। ਬਿਲਕੁਲ ਨਹੀਂ ਹੈ, ਅੰਦਰ ਪ੍ਰੇਮ, ਸਾਰੇ ਹੀ ਭਗਤ ਨੇ। ਇਥੇ ਦੀ ਸੰਗਤ ਨੇ, ਕਿਸੇ ਪਿੰਡ ਦੀ ਸੰਗਤ ਨੇ ਨਹੀਂ ਕਿਹਾ ਕਿ ਮੈਂ ਟਰੈਕਟਰ ਨਹੀਂ ਲੈ ਕੇ ਆਉਣਾ। ਦੂਰੋਂ-ਦੂਰੋਂ ਟਰੈਕਟਰ ਆਏ ਨੇ। ਕੋਈ ਇਲਾਕਾ ਨਹੀਂ ਰਿਹਾ ਜਿਥੋਂ ਟਰੈਕਟਰ ਨਹੀਂ ਆਇਆ। ਤੁਸੀਂ ਆਪਣੇ ਅੱਖੀਂ ਦੇਖ ਲਓ ਕਿ ਜਗ੍ਹਾ ਨੂੰ ਇਕ ਪੱਧਰ ਕਰਕੇ ਰਖ ਦਿਤਾ ਤੇ ਬਾਗ ਲਾ ਦਿਤਾ। ਡਾਕਟਰ ਕੀਨੂੰ ਲਾ ਗਿਆ ਆ ਕੇ, ਫਲਾਂ ਦੇ ਬੂਟੇ ਲਾ ਗਿਆ ਆ ਕੇ। ਸਫੇਦਿਆਂ ਵਾਲੇ ਸਫੇਦੇ ਲਾ ਆਏ। ਕਈ ਸੌ ਸਫੇਦਾ ਲਾ ਗਏ ਆ ਕੇ ਬੱਚੇ। ਕੋਈ ਪਤਾ ਨਹੀਂ ਕੀ ਕੰਮ ਹੋ ਰਿਹਾ ਹੈ ਇਹ। ਵਾਹਿਗੁਰੂ ਜਾਣਦਾ ਹੈ। ਜੋ ਇਸ ਧਰਤੀ 'ਤੇ ਕੋਈ ਸ਼ਕਤੀ ਹੈ, ਵਰਤ ਰਹੀ ਹੈ। ਸਿਆਣੇ ਬਜ਼ੁਰਗਾਂ ਨੇ ਦਸਿਐ ਕਿ ਬਾਬੇ ਨਥਲਪੁਰ ਵਾਲੇ ਆਏ ਸੀ, ਬਹੁਤ ਕਰਨੀ ਵਾਲੇ ਸੀ, ਬ੍ਰਹਮ ਗਿਆਨੀ ਸੀ। ਉਹਨਾਂ ਨੇ ਕਹਿੰਦੇ ਇਥੇ ਖੜ੍ਹ ਕੇ ਆਖਿਆ ਸੀ, ਇਧਰ ਨੂੰ ਮੂੰਹ ਕਰਕੇ ਕਿ ਇਥੇ ਇਕ ਵੱਡੀ ਚੀਜ਼ ਬਣੂੰਗੀ। ਪੁਛਿਆ ਕਿ ਮਹਾਰਾਜ ਜੀ! ਕਦੋਂ ਬਣੂੰਗੀ? ਕਹਿੰਦੇ, ਮੌਕੇ 'ਤੇ ਤੁਹਾਨੂੰ ਆਪੇ ਪਤਾ ਲਗ ਜਾਊ।

ਹੁਣ ਕੋਈ ਪਤਾ ਨਹੀਂ ਹੈ ਕਿ ਸਾਡੇ ਬਾਅਦ ਇਥੇ ਕੀ ਕੁਛ ਬਣ ਜਾਵੇ। ਉਹਨਾਂ ਦੀ ਬੁਨਿਆਦ ਰੱਖੀ ਗਈ ਹੈ, ਬਹੁਤ ਪੱਕੀ ਬੁਨਿਆਦ ਰੱਖੀ ਗਈ ਹੈ। ਇਸ ਤਰ੍ਹਾਂ ਨਹੀਂ ਹੈ ਕਿ ਮਾੜੀ ਜਿਹੀ ਝੁੰਗੀ ਪਾ ਕੇ ਬਹਿ ਗਏ ਤੇ ਇਹ ਮਗਰੋਂ ਵਿਚਾਰੇ ਕੀ ਕਰਨਗੇ। ਸਿੰਘ ਵੀ ਵਾਹਿਗੁਰੂ ਨੇ ਭੇਜ ਦਿਤੇ। ਸ਼ਹਿਰ ਦੀ ਸੰਗਤ ਆ-ਆ ਕੇ, ਟਿੱਬਿਆਂ ਤੋਂ ਲੰਘਿਆ ਨਹੀਂ ਸੀ ਜਾਂਦਾ। ਟਰੱਕਾਂ ਨੇ ਇੱਟਾਂ ਦੂਰ ਹੀ ਸੁੱਟ ਦਿਤੀਆਂ ਸੀ। ਬੀਬੀਆਂ ਨੇ 13-13 ਇੱਟਾਂ ਸਿਰਾਂ 'ਤੇ ਚੁੱਕ ਕੇ, ਇਥੇ ਲਿਆ-ਲਿਆ ਕੇ ਸੁੱਟ ਦਿਤੀਆਂ। ਐਨੀ ਸੇਵਾ ਕਰੀ ਹੈ। ਭਰਤ ਪਾਇਆ, ਸ਼ਹਿਰ ਦੀਆਂ ਬੀਬੀਆਂ ਨੇ ਆ ਕੇ ਪਾਇਆ। ਧੰਨ ਨੇ ਮਾਈਆਂ ਰੱਬ ਰਜਾਈਆਂ। ਐਡੀ ਬਖਸ਼ਿਸ਼ ਬਖਸ਼ੀ ਹੈ ਮਾਲਕ ਨੇ ਇਹਨਾਂ ਨੂੰ। ਬਾਬਾ ਜੀ ਦਾ ਪ੍ਰੇਮ ਐਨਾ ਵਧਾਇਆ ਇਹਨਾਂ ਨੇ ਆਪਣੇ। ਮੈਂ ਹੈਰਾਨ ਹਾਂ, ਕਿਸ ਤਰ੍ਹਾਂ ਪੁਗਾਉਂਦੇ ਨੇ, ਇਕ ਤਾਂ ਬਚਨ ਭੁੱਲ ਜਾਣ। ਇਕ ਤਾਂ ਬਚਨ ਹਾਰ ਜਾਣ। ਜਿਹੜੇ ਇਥੇ ਬਣ ਜਾਂਦੇ ਨੇ ਕਿ ਸੰਤ ਬਣ ਗਏ ਅਸੀਂ, ਭਾਈ ਬਣ ਗਏ ਅਸੀਂ, ਪਾਠੀ ਬਣ ਗਏ ਅਸੀਂ, ਅਸੀਂ ਕੀਰਤਨ ਕਰਨ ਲਗ ਪਏ, ਅਸੀਂ ਬੋਲਣ ਵੀ ਲਗ ਪਏ; ਉਹਨਾਂ ਨੂੰ ਮਾਣ ਹੋ ਜਾਂਦੈ ਉਸੇ ਵੇਲੇ। ਉਸੇ ਸਮੇਂ ਡਰੈਸ (ਕੱਪੜੇ) ਵੀ ਬਦਲ ਜਾਂਦੀ ਹੈ। ਰੱਬ ਦੀ ਤਾਂ ਗੱਲ ਕਰਨੀ ਹੈ ਨਹੀਂ, ਪਾਠ ਕਰਦੇ ਨੇ। ਪਾਠ ਨੂੰ ਸਮਝਣਾ ਹੈ ਨਹੀਂ। ਸਾਡੇ ਗੁਰੂ ਦੀ ਬਾਣੀ ਸਾਨੂੰ ਕੀ ਕਹਿ ਰਹੀ ਹੈ? ਗੁਰੂ ਦੀ ਬਾਣੀ ਨਾਲੋਂ ਵਿਛੜ ਕੇ ਕਿਉਂ ਅਕ੍ਰਿਤਘਣ ਬਣਨੈ। ਅਕ੍ਰਿਤਘਣਾਂ ਦਾ ਕੀ ਹਾਲ ਹੁੰਦੈ। ਅਕ੍ਰਿਤਘਣ ਨੂੰ ਤਾਂ ਮਹਾਰਾਜ ਨੇ ਮਾਫ਼ ਹੀ ਨਹੀਂ ਕਰਿਆ। ਭਾਈ ਗੁਰਦਾਸ ਜੀ ਲਿਖ ਗਏ ਨੇ ਕਿ ਧਰਤੀ ਕਹਿੰਦੀ ਹੈ ਕਿ ਵੱਡੇ ਤੋਂ ਵੱਡੇ

ਪਾਪੀਆਂ ਦਾ ਭਾਰ ਮੈਂ ਝੱਲ ਸਕਦੀ ਹਾਂ, ਅਕ੍ਰਿਤਘਣ ਦਾ ਭਾਰ ਨਹੀਂ ਮੈਂ ਝੱਲ ਸਕਦੀ। ਤਾਂਹੀ ਸਾਡਾ ਇਹ ਹਾਲ ਹੋ ਰਿਹਾ ਹੈ। ਕੌਮ ਦਾ ਸਿਰ ਨੀਵਾਂ ਅਸੀਂ ਆਪੇ ਆਪਣੇ ਆਪ ਹੀ ਕੀਤਾ ਹੈ। ਕਿੱਡਾ ਸਰਦਾਰ ਉੱਚਾ ਸੀ। ਕਿੱਡੇ-ਕਿੱਡੇ ਮਹਾਤਮਾ ਹੋਏ ਨੇ, ਤੁਹਾਨੂੰ ਦਸਿਐ ਗਿਆਨੀ ਮੇਹਰ ਸਿੰਘ ਜੀ ਨੇ। ਗਿਆਨੀ ਮੇਹਰ ਸਿੰਘ ਜੀ, ਇਹ ਨੌਜਵਾਨ ਜਿਹੇ ਸੀ, ਬੱਚੇ ਇਕੱਠੇ ਹੋ ਕੇ ਗਏ ਹੋਏ ਸੀ ਮਹਾਰਾਜ ਜੀ ਕੋਲ। ਲਗਨ ਬਹੁਤ ਸੀ ਇਹਨਾਂ ਨੂੰ ਜਿਵੇਂ ਹੁਣ ਬੱਚੇ ਬਾਬਾ ਜੀ ਕੋਲ ਆਏ ਹੋਏ ਨੇ। ਭਾਈ ਲਖਬੀਰ ਸਿੰਘ ਓਨੀਂ ਜਿਵੇਂ ਲੱਗੇ ਹੋਏ। ਯੂ.ਪੀ ਉਹ ਕੀਰਤਨ ਕਰ ਰਹੇ ਨੇ। ਇਸ ਤਰ੍ਹਾਂ ਉਹਨਾਂ ਦਾ ਜਾਗ ਲੱਗਿਆ ਹੋਇਐ। ਯੂ.ਪੀ ਵਿਚੋਂ ਬੱਚੇ ਆ ਕੇ ਸੇਵਾ ਕਰਦੇ ਨੇ ਇਸੇ ਤਰ੍ਹਾਂ ਇਹਨਾਂ ਨੂੰ ਲਗਨ ਲੱਗੀ ਹੋਈ ਸੀ। ਪੁਲੀ ਸੀ, ਛੋਟੀ ਜਿਹੀ ਨਹਿਰ ਉਤੇ ਛਪਰੀਆਂ ਪਾਈਆਂ ਹੋਈਆਂ ਸੀ। ਇਕ-ਇਕ ਕੜਛਾ ਮਿਲਦਾ ਹੁੰਦਾ ਸੀ ਇਹਨਾਂ ਨੂੰ ਖਿਚੜੀ ਦਾ। ਛਪਰੀਆਂ ਦੇ ਵਿਚ ਟੋਏ ਪੁੱਟੇ ਹੋਏ ਸੀ ਉਹਦੇ ਵਿਚ ਰਹਿੰਦੇ ਹੁੰਦੇ ਸੀ। ਮਹਾਰਾਜ ਜੀ ਨੇ ਕਹਿਣਾ ਤਪੱਸਿਆ ਕਰੋ ਬੈਠ ਕੇ ਇਥੇ। ਪੁਲੀ ਦੇ ਉਤੇ ਬਹਾਲ ਦਿੰਦੇ ਸੀ। ਗਿਆਨੀ ਮਿਹਰ ਸਿੰਘ ਜੀ ਆਪ ਹੀ ਦਸਦੇ ਹੁੰਦੇ, ਜਦੋਂ ਨੀਂਦ ਆਉਣੀ ਦੜੰਮ ਨਹਿਰ ਦੇ ਵਿਚ ਡਿੱਗਦੇ ਸੀ। ਪਤਾ ਨਹੀਂ ਉਥੋਂ ਤਰ ਕੇ ਨਿਕਲਦੇ ਸੀ ਕਿਵੇਂ ਨਿਕਲਦੇ ਸੀ। ਮੁੜ ਕੇ ਆ ਕੇ ਫੇਰ ਉਥੇ ਹੀ ਬੈਠ ਜਾਣਾ। ਬਚਨ ਮੰਨਦੇ ਸੀ ਉਹਨਾਂ ਦਾ। ਹਜ਼ਾਰਾਂ-ਲੱਖਾਂ ਪ੍ਰੇਮੀ ਸੀ ਉਹਨਾਂ ਦੇ, ਕਹਿੰਦੇ ਸੀ ਜੀਵਨ ਲਿਖੋ ਉਹਨਾਂ ਦਾ। ਮਹਾਰਾਜ ਜੀ ਕਹਿੰਦੇ, ਜੀਵਨ ਕੋਈ ਨਹੀਂ ਲਿਖ ਸਕਦਾ। ਗਿਆਨੀ ਮੇਹਰ ਸਿੰਘ ਲਿਖ ਸਕਦੈ, ਇਕ ਭਾਈ ਵਰਿਆਮ ਸਿੰਘ ਲਿਖ ਸਕਦੈ। ਇਹ ਮਹਾਰਾਜ ਜੀ ਦੇ ਮੁਖ ਤੋਂ ਅਸੀਂ ਆਪ ਸਾਮ੍ਹਣੇ ਬੈਠੇ ਸੁਣੀ ਹੈ ਇਹ ਗੱਲ।

ਮਹਾਰਾਜ ਜੀ ਨੂੰ ਕਿਹਾ ਕਿ ਮਹਾਰਾਜ ਜੀ, ਯੂ.ਪੀ ਆ ਜਾਓ। ਜੰਗਲਾਂ ਵਿਚ ਪਹੁੰਚ ਗਏ ਉਥੇ। ਸਾਡੀਆਂ ਝੁੰਗੀਆਂ ਦੇ ਵਿਚ ਪਹੁੰਚ ਗਏ। ਸਾਡੇ ਕੋਲ ਕੋਈ ਉਥੇ ਕੋਠੀਆਂ ਨਹੀਂ ਸੀ। ਕੋਈ ਚੀਜ਼ ਨਹੀਂ ਸੀ ਸਾਡੇ ਕੋਲ ਜਿਸ ਵਕਤ ਮਹਾਰਾਜ ਜੀ ਨੇ ਸਾਨੂੰ ਯੂ.ਪੀ ਭੇਜਿਆ ਸੀ। ਮਹਾਰਾਜ ਜੀ ਆਏ, ਬਹੁਤ ਸੰਗਤ ਇਕੱਠੀ ਹੋਈ, ਸਾਡੇ ਤੋਂ ਸੰਭਾਲੀ ਨਾ ਗਈ। ਪਹਿਲਾਂ ਇਕ ਵਾਰ ਯੂ.ਪੀ ਭੇਜਿਆ ਇਹਨਾਂ ਨੂੰ ਇਹ ਵਾਪਸ ਚਲੇ ਗਏ। ਕਹਿੰਦੇ, ਕਿਉਂ ਆ ਗਿਆ? ਕਹਿੰਦੇ, ਮਹਾਰਾਜ ਜੀ ਸੰਗਤ ਹੈ ਨਹੀਂ। ਕਹਿੰਦੇ, ਸੰਗਤ ਐਨੀ ਹੋਣੀ ਹੈ ਤੇਰੇ ਤੋਂ ਸੰਭਾਲੀ ਨਹੀਂ ਜਾਣੀ।

ਮਹਾਰਾਜ ਜੀ ਕਹਿਣ ਲੱਗੇ, ਐਨੀ ਸੰਗਤ?

ਬਾਬਾ ਜੀ ਕਹਿਣ ਲੱਗੇ, ਮਹਾਰਾਜ ਜੀ! ਤੁਹਾਡਾ ਹੀ ਬਚਨ ਸੀ।

ਮਹਾਰਾਜ ਜੀ ਬੜੇ ਹੱਸੇ। ਟਿਊਬਵੈੱਲ ਦੇ ਕੋਲ ਖੜ੍ਹ ਕੇ ਕਹਿੰਦੇ ਨੇ ਕਿ ਓ ਭਾਈ! ਸਾਧ ਤਾਂ ਤੂੰ ਹੈਂ। ਸਾਧਗਿਰੀ ਤਾਂ ਤੇਰੀ ਹੈ।

ਇਹ ਕਹਿਣ ਲੱਗੇ, ਮਹਾਰਾਜ ਜੀ! ਸਭ ਤੁਹਾਡਾ ਹੀ ਸਦਕਾ ਹੈ। ਤੁਹਾਡੀ ਹੀ ਬਖਸ਼ਿਸ਼ ਹੈ ਇਹ। ਅਸੀਂ ਤਾਂ ਕੂਕਰ ਹਾਂ ਤੁਹਾਡੇ ਦਰ ਦੇ।

ਮੈਂ ਮਹਾਰਾਜ ਜੀ ਨਾਲ ਕਦੇ ਗੱਲ ਨਹੀਂ ਸੀ ਕਰੀ। ਮਹਾਰਾਜ ਜੀ ਕੋਲ ਬਾਰ-ਬਾਰ ਕਦੇ ਨਹੀਂ ਸੀ ਗਈ। ਮਹਾਰਾਜ ਜੀ 25-25 ਦਿਨ, ਮਹੀਨਾ-ਮਹੀਨਾ ਠਹਿਰਦੇ ਸੀ ਆ ਕੇ। ਮਹਾਰਾਜ ਜੀ ਦੇ ਖਿਆਲਾਂ ਦੇ, ਮਹਾਰਾਜ ਜੀ ਦੀ ਬਿਰਤੀ, ਮਹਾਰਾਜ ਜੀ ਦੇ ਵਰਗੇ ਹੀ, ਨਹੀਂ ਕੋਈ ਦੂਸਰਾ ਹੁੰਦਾ। ਸਾਨੂੰ ਅੱਜ ਤਕ ਨਹੀਂ ਉਹਨਾਂ ਵਰਗਾ ਕੋਈ ਮਿਲਿਆ। ਬੜੇ ਮਹਾਤਮਾ ਅਸੀਂ ਆਪਣੀ ਜ਼ਿੰਦਗੀ ਵਿਚ ਦੇਖੇ ਨੇ। ਪਰ ਉਹਨਾਂ ਵਰਗਾ ਨਹੀਂ ਕੋਈ ਦੇਖਿਆ। ਇਸ ਕਰਕੇ ਬੀਬੀਆਂ ਨੂੰ ਵੀ ਮੈਂ ਕਹਿੰਦੀ ਹਾਂ ਕਿ ਬੀਬੀਓ! ਹਰ ਕਿਸੇ ਸੰਤ ਦੇ ਮਗਰ ਨਾ ਲੱਗਿਆ ਕਰੋ। ਪਹਿਲਾਂ ਦੇਖੋ ਕੁਛ ਹੈ? ਬਿਰਤੀ ਟਿਕਦੀ ਹੈ ਤੁਹਾਡੀ, ਕੁਛ ਅੰਦਰ ਠੰਢ ਪਈ ਜਾਂ ਨਹੀਂ ਪਈ? ਕੋਈ ਖਿਆਲ ਬਦਲਿਆ? ਜੋ ਦੁਨੀਆਂਦਾਰੀ ਦੀਆਂ ਗੱਲਾਂ ਅਸੀਂ ਕਰਦੇ ਹਾਂ, ਉਹ ਇਥੇ ਹੀ ਰਹਿ ਜਾਣੀਆਂ ਨੇ। ਸਾਡੀ ਮੱਝ ਬੀਮਾਰ ਹੈ ਜੀ, ਸਾਨੂੰ ਤਾਪ ਚੜ੍ਹਿਆ ਹੋਇਆ ਹੈ ਜੀ, ਸਾਡਾ ਆਹ ਕੰਮ ਨਹੀਂ ਹੁੰਦਾ, ਸਾਡਾ ਆਹ ਨਹੀਂ ਹੁੰਦਾ। ਇਹ ਤਾਂ ਹੋਈ ਜਾਣੇ ਨੇ ਕਰਮਾਂ ਅਨੁਸਾਰ। ਪਿੱਛੇ ਜੋ ਅਸੀਂ ਲਿਖਾ ਕੇ ਲਿਆਏ ਹਾਂ, ਉਹ ਹੋਣਾ ਹੀ ਜ਼ਰੂਰ ਹੈ। ਜੇ ਅਸੀਂ ਬੰਦਗੀ ਕਰੀਏ, ਸੱਚੇ ਬਣ ਜਾਈਏ, ਹੋ ਜਾਂਦੈ ਸਭ ਠੀਕ।

ਮਹਾਰਾਜ ਜੀ ਦੇ ਬਚਨ ਅਟੱਲ ਸੀ, ਸਾਡੇ ਯੂ.ਪੀ ਕਿਸੇ ਬੀਬੀ ਨੇ ਆ ਕੇ ਬਚਨ ਕਰਿਆ, ਕਿਸੇ ਭਾਈ ਨੇ ਬਚਨ ਕਰ ਲਿਆ, ਉਹ ਬਚਨ ਇਸ ਤਰ੍ਹਾਂ ਖੜ੍ਹੇ ਨੇ ਜਿਵੇਂ ਚੂਨੇ ਵਿਚ ਇੱਟ ਹੁੰਦੀ ਹੈ। ਐਡੀ ਉਹਨਾਂ ਦੀ ਬਖਸ਼ਿਸ਼ ਸੀ। ਹਰ ਇਕ ਨੂੰ ਵਰ ਦਿੰਦੇ ਹੀ ਚਲੇ ਗਏ। ਬੜਾ ਉਥੇ ਅੰਮ੍ਰਿਤ ਛਕਾਇਆ ਮਹਾਰਾਜ ਜੀ ਨੇ। ਮਗਰੋਂ ਵੀ ਯੂ.ਪੀ ਦੇ ਸਿੰਘ ਘਿਉ ਜੋੜ ਲੈਣ, ਹੋਰ ਕੋਈ ਵੀ ਚੀਜ਼ ਕਰ ਲੈਣ, ਸ਼ਾਦੀਆਂ ਕਰਨ, ਰਾੜਾ ਸਾਹਿਬ ਪਹੁੰਚਦੇ ਨੇ ਪਹਿਲਾਂ। ਮਗਰੋਂ ਫੇਰ ਬਾਬਾ ਜੀ ਪਾਸ ਆਉਂਦੇ ਨੇ। ਮਹਾਰਾਜ ਜੀ ਦੀ ਤਾਂ ਵਡਿਆਈ ਕੋਈ ਕਰ ਹੀ ਨਹੀਂ ਸਕਦਾ। ਕੀ ਅਸੀਂ ਉਹਨਾਂ ਦੀ ਵਡਿਆਈ ਕਰ ਲਵਾਂਗੇ। ਅਸੀਂ ਆਪਣੇ ਆਪ ਨੂੰ ਹੀ ਵਡਿਆਉਂਦੇ ਰਹਿੰਦੇ ਹਾਂ ਕਿ ਮੈਂ ਕੁਛ ਹੈਗਾ। ਇਕ ਆ ਗਿਆ, ਫੇਰ ਦੂਜਾ ਆ ਗਿਆ, ਸਟੇਜ 'ਤੇ ਅਸੀਂ ਉਹਦੀ ਵਡਿਆਈ ਕਰ ਦਿਤੀ। ਤੀਜਾ ਉਹਦੇ ਨਾਲ ਦਾ ਆ ਗਿਆ, ਫੇਰ ਅਸੀਂ ਉਹਦੀ ਵਡਿਆਈ ਕਰ ਦਿਤੀ। ਬੰਦਾ ਬੰਦੇ ਦੀ ਵਡਿਆਈ ਕਰੀ ਜਾਂਦੈ।

ਮੈਂ ਵਡਿਆਈ ਨਹੀਂ ਕੀਤੀ ਗਿਆਨੀ ਜੀ ਦੀ, ਸੱਚਮੁੱਚ ਹੀ ਇਹਨਾਂ ਦੇ ਖਿਆਲ ਇਹੋ ਜਿਹੇ ਨੇ। ਇਹ ਸੀ, ਬਾਬਾ ਜੀ ਸੀ ਇਕ ਭਾਈ ਨਾਹਰ ਸਿੰਘ ਸੀਗੇ। ਇਹ ਇਕੋ ਜਿਹੇ ਹੀ ਸਭ ਭਗਤੀ ਕਰਦੇ ਸੀ।

ਇਕ ਮੁੰਡਾ ਆਇਆ ਮੇਰੇ ਕੋਲ। ਗ੍ਰੰਥੀ ਲੱਗਿਆ ਹੋਇਆਂ, ਰਾੜੇ ਸਾਹਿਬ ਰਹਿੰਦਾ ਸੀ। ਚੁੱਪ ਕਰ ਰਹੀ ਮੈਂ। ਠੀਕ ਹੈ। ਮਹਾਰਾਜ ਜੀ ਕਹਿੰਦੇ ਹੁੰਦੇ ਸੀ ਭਾਈ, ਤੁਸੀਂ ਤਾਂ ਪਛਾਣਦੇ ਓ ਬੰਦੇ ਨੂੰ, ਉਹਦੀ ਡਰੈਸ ਪਾਈ ਦੇਖਦੇ ਹੋਂ, ਉਹਦੇ ਕੱਪੜੇ ਲੀੜੇ ਦੇਖਦੇ ਹੋਂ। ਸਾਨੂੰ ਤਾਂ ਕਹਿੰਦੇ, ਅੰਦਰੋਂ ਦਿਸ ਜਾਂਦੈ।

ਜੇ ਤੁਸੀਂ ਆਪਣੇ ਅੰਦਰ ਰਹੋ, ਤੁਹਾਨੂੰ ਵੀ ਪਤਾ ਲਗ ਜਾਵੇ ਕਿ ਕਿਹੋ ਜਿਹਾ ਬੰਦਾ ਆਉਂਦੈ, ਕਿਹੋ ਜਿਹੇ ਖਿਆਲ ਨੇ ਇਸ ਦੇ। ਮਹਾਰਾਜ ਜੀ ਕਹਿੰਦੇ ਹੁੰਦੇ ਸੀ ਕਿ ਭਾਈ! 12 ਸਾਲ ਝੂਠ ਨਾ ਬੋਲੇ, ਸਿੱਧੀ ਆ ਜਾਂਦੀ ਹੈ, ਜ਼ੁਬਾਨ ਦੇ ਉਤੇ। ਇਹ ਸਭ ਸਹੀ ਗੱਲਾਂ ਦੱਸੀਏ। ਬਹੁਤ ਵੱਡੀਆਂ-ਵੱਡੀਆਂ ਗੱਲਾਂ ਸਾਡੀ ਜ਼ਿੰਦਗੀ ਵਿਚ ਹੋਈਆਂ ਨੇ।

ਬਾਬਾ ਜੀ ਦੀ ਜੋ ਜ਼ਿੰਦਗੀ ਹੈ ਇਹ ਤਾਂ ਮਹਾਰਾਜ ਜੀ ਦੇ ਚਰਨਾਂ ਵਿਚ ਹੀ ਨਿਭੀ ਹੈ। ਜੇ ਅਸੀਂ ਕਹਿ ਦੇਈਏ ਕਿ ਮਹਾਰਾਜ ਜੀ ਦੇ ਪ੍ਰੇਮੀ ਨੇ ਇਹ। ਮਹਾਰਾਜ ਜੀ ਦੇ ਵਿਜੋਗ ਵਿਚ, ਪਿਆਰ ਵਿਚ ਰਹਿ ਕੇ ਕਿਰਤ ਕੀਤੀ ਹੈ ਇਹਨਾਂ ਨੇ।

ਦੂਸਰੇ ਕਹਿ ਦਿੰਦੇ ਨੇ ਕਈ ਵਾਰ ਕਿ ਕਿੱਡਾ ਰਾੜੇ ਵਾਲਾ ਬਣਿਆ ਫਿਰਦੈ ਇਹ। ਬਿਲਕੁਲ ਨਹੀਂ ਰਾੜੇ ਵਾਲਾ ਕਹਾਇਆ। ਪਰ ਇਹਨਾਂ ਦੀ ਗੱਡੀ ਜਦੋਂ ਲੰਘਣੀ ਸਿਆਣਿਆਂ ਨੇ ਆਪੇ ਹੀ ਕਹਿਣਾ ਕਿ ਰਾੜੇ ਵਾਲੇ ਸੰਤ ਜਾਂਦੇ ਨੇ। ਕਿਸੇ ਨੇ ਆਖਿਆ ਸੀ ਇਹਨਾਂ ਨੂੰ, ਬਿਲਕੁਲ ਨਹੀਂ। ਬੱਚੇ ਖੇਡਦੇ ਸੀ, ਇਕ ਬੱਚਾ ਛੋਟਾ ਜਿਹਾ ਕ੍ਰਿਪਾਨ ਲਾਹ ਕੇ ਰਖ ਆਇਆ। ਟਿਊਬਵੈਲ 'ਤੇ ਚਲਿਆ ਗਿਆ ਕਿ ਮੈਂ ਨਹੀਂ ਜਾਣਾ ਕਿ ਅੰਮ੍ਰਿਤ ਛਕੋ ਤੇ ਕ੍ਰਿਪਾਨ ਪਾ ਲਓ। ਇਕ ਚਿੱਟੇ ਵਸਤਰ ਵਾਲਾ, ਬਹੁਤ ਵਧੀਆ ਬਜ਼ੁਰਗ ਉਹਨਾਂ ਨੇ ਬਾਂਹ ਤੋਂ ਫੜ ਕੇ ਥੱਪੜ ਮਾਰਿਆ। ਕਹਿੰਦਾ, ਦਸ ਕਿੱਥੇ ਕ੍ਰਿਪਾਨ ਲਾਹ ਕੇ ਆਇਆ ਹੈਂ? ਕਹਿੰਦਾ, ਮਹਾਰਾਜ! ਘਰ ਟੰਗ ਆਇਆ। ਕਹਿੰਦੇ, ਲੈ ਕੇ ਆ, ਚੱਲ ਉਥੇ ਦੀਵਾਨ ਲੱਗਿਆ ਹੋਇਐ, ਤੁਰ ਉਥੇ। ਨੱਠਿਆ-ਨੱਠਿਆ ਬੱਚਾ ਘਰ ਆ ਗਿਆ, ਕਹਿੰਦਾ ਮੈਨੂੰ ਤਾਂ ਕਿਸੇ ਨੇ ਕੁੱਟਿਆ, ਸ਼ਹੀਦ ਸਿੰਘ ਸੀ ਕੋਈ। ਜਦੋਂ ਉਸ ਨੂੰ ਪੁਛਿਆ ਕਿ ਕੌਣ ਸੀ? ਫੋਟੋਆਂ ਦਿਖਾਈਆਂ। ਸੰਤ ਮਹਾਰਾਜ ਜੀ ਦੀ ਫੋਟੋ ਨੂੰ ਦੇਖ ਕੇ ਕਹਿੰਦਾ, ਇਹ ਬਾਬੇ ਸੀਗੇ, ਇਹਨਾਂ ਨੇ ਮਾਰਿਆ ਮੈਨੂੰ।

ਇਕ ਪ੍ਰੇਮੀ ਹਜ਼ੂਰ ਸਾਹਿਬ ਅੰਮ੍ਰਿਤ ਛਕਣ ਚਲਿਆ ਗਿਆ। ਜਗੀਰ ਸਿੰਘ ਰੋਪੜ ਦਾ। ਉਥੇ ਅੰਮ੍ਰਿਤ ਛਕਣ ਨੂੰ ਤਿਆਰ ਹੋ ਗਏ। ਲਾਈਨ ਵਿਚ ਆ ਕੇ ਲੱਗ ਗਏ। ਭੀੜ ਬਹੁਤ ਸੀ। ਉਥੇ ਉਸ ਨੂੰ ਅਵਾਜ਼ ਆਈ, ਕਹਿਣ ਲੱਗੇ, ਸਿੰਘਾਂ ਕੀ ਕਰਨ ਆਏ ਹੋਂ ਇਥੇ? ਕਹਿੰਦਾ, ਜੀ ਮੈਂ ਅੰਮ੍ਰਿਤ ਛਕਣ ਆਇਆ ਹਾਂ। ਕਹਿੰਦੇ, ਉਥੇ ਸਿੰਘ ਭੇਜਿਆ ਹੋਇਐ ਰੋਪੜ ਜ਼ਿਲ੍ਹੇ 'ਚ, ਉਥੇ ਛਕੋ ਅੰਮ੍ਰਿਤ ਜਾ ਕੇ। ਕਹਿੰਦੇ, ਮਹਾਰਾਜ! ਅਸੀਂ ਨਾਉਂ ਨਹੀਂ ਜਾਣਦੇ? ਮੈਨੂੰ ਤਾਂ ਪਤਾ ਨਹੀਂ ਕੌਣ ਹੈ ਉਹ? ਕਹਿੰਦੇ, ਵਰਿਆਮ ਸਿੰਘ ਨਾਉਂ ਹੈ ਉਸਦਾ।

ਉਹ ਵਾਪਸ ਆ ਗਏ, ਹੈਰਾਨ ਹੋ ਕੇ। ਇਧਰੋਂ-ਉਧਰੋਂ ਪੁਛਣ ਲਗ ਪਏ। ਭਾਈ ਸਾਹਿਬ ਸਿੰਘ ਉਹਨੀਂ ਦਿਨੀਂ ਉਥੇ ਰਹਿੰਦੇ ਸੀ ਇਹਨਾਂ ਨੂੰ ਮਿਲੇ। ਕਹਿਣ ਲੱਗੇ, ਮੈਨੂੰ ਪਤਾ ਨਹੀਂ ਲਗ ਰਿਹਾ, ਉਥੇ ਮੈਨੂੰ ਅਵਾਜ਼ ਆਈ ਸੀ, ਕੌਣ ਅੰਮ੍ਰਿਤ ਛਕਾ ਰਿਹੈ? ਇਹ ਕਹਿਣ ਲੱਗੇ, ਮੈਂ ਵੀ ਉਥੇ ਹੀ ਛਕ ਕੇ ਆਇਆ ਹਾਂ, ਉਹ ਛਕਾ ਰਹੇ ਨੇ। ਚਲ ਤੈਨੂੰ ਵੀ ਲੈ ਕੇ ਚੱਲੀਏ ਨਾਲ।

ਜਿਵੇਂ ਬਾਬਾ ਜੀ ਨੇ ਆਖਿਆ ਸੀ ਕਿ ਡੇਰੇ ਤਾਂ ਬਣ ਜਾਂਦੇ ਨੇ, ਅਸਥਾਨ ਵੀ ਬਣ ਜਾਂਦੇ ਨੇ, ਸੰਭਾਲਣ ਵਾਲਾ ਨਹੀਂ ਕੋਈ ਆਉਂਦਾ। ਮਹਾਰਾਜ ਜੀ ਨੇ ਆਖਿਆ ਸੀ ਕਿ ਭਾਈ! ਸਭ ਕੁਛ ਹੋ ਜਾਂਦੈ, ਸੰਭਾਲਣ ਵਾਲਾ ਨਹੀਂ ਕੋਈ ਹੁੰਦਾ। ਪਤਾ ਨਹੀਂ ਕੀ ਬਣੂੰਗਾ ਅਸਥਾਨ ਦਾ।

ਸੋ ਉਹ ਮੁੰਡਾ ਕਹਿੰਦਾ ਮੈਂ ਰਾੜਾ ਸਾਹਿਬ ਤੋਂ ਆਇਆ ਹਾਂ। ਮੈਂ ਚੁੱਪ ਕਰ ਰਹੀ। ਆਪੇ ਲਗ ਗਿਆ ਬੋਲਣ ਕਿ ਰਾੜਾ ਸਾਹਿਬ ਸੰਤ ਮਹਾਰਾਜ ਇਸ ਤਰ੍ਹਾਂ ਸੀ। ਸੰਤ ਮਹਾਰਾਜ ਇੰਗਲੈਂਡ ਗਏ ਸੀ, ਇਸ ਤਰ੍ਹਾਂ ਉਹਨਾਂ ਨੇ ਸਰੀਰ ਛੱਡਿਆ। ਮੈਂ ਕਿਹਾ, ਬੇਟਾ! ਮੈਂ ਕਰਦੀ ਹਾਂ ਪਾਠ। ਮੈਂ ਦੋਵੇਂ ਹੱਥ ਬੰਨ੍ਹੇ, ਮੈਂ ਕਿਹਾ ਜਾਹ, ਘਰ ਨੂੰ। ਜਦੋਂ ਮਹਾਰਾਜ ਜੀ ਹੋਏ ਸੀ, ਤੂੰ ਤਾਂ ਜੰਮਿਆ ਵੀ ਨਹੀਂ ਸੀ ਜਦ। ਕਿੰਨੀ ਉਮਰ ਹੈ ਤੇਰੀ? ਬਿਲਕੁਲ ਨਹੀਂ ਮਹਾਰਾਜ ਜੀ ਦੀ ਗੱਲ ਕਰਨੀ ਕਿ ਮਹਾਰਾਜ ਕਿਸ ਤਰ੍ਹਾਂ ਗਏ ਤੇ ਕਿਸ ਤਰ੍ਹਾਂ ਆਏ। ਰਾੜਾ ਸਾਹਿਬ ਦੋ ਦਿਨ ਰਹਿ ਕੇ, ਆ ਕੇ ਕਹਿ ਦਿੰਦੇ ਨੇ ਜੀ ਅਸੀਂ ਰਾੜਾ ਸਾਹਿਬ ਦੇ ਸੇਵਕ ਹਾਂ।

ਗਿਆਨੀ ਜੀ ਨੇ ਜੋ ਗੱਲ ਆਖੀ ਸੀ ਇਹ ਗੱਲਾਂ ਬਹੁਤ ਹੋ ਰਹੀਆਂ ਨੇ। ਜੋ ਭੂਤਾਂ ਦੀ ਗੱਲ ਕਰਦੈ ਉਹ ਭੂਤ ਬਣਦੈ, ਜੋ ਸੱਪਾਂ ਦੀ ਗੱਲ ਕਰਦੈ ਉਹ ਸੱਪ ਬਣਦੈ। ਕਿਸੇ ਵੀ ਗੱਲ ਦਾ ਧਿਆਨ ਕਰ ਲਓ ਓਹੀ ਬਣੂੰਗਾ। ਜੀਵ ਮਰ ਜਾਂਦੈ, ਬਿਲਕੁਲ ਨਹੀਂ ਮਰਦਾ। ਜੀਵ ਜਿਉਂਦਾ ਹੀ ਰਹਿੰਦੈ। ਸਰੀਰ ਸੜਦੈ, ਚੋਲਾ ਬਦਲਦੈ। ਇਸ ਜੀਵਪੁਣੇ ਨੂੰ ਮਿਟਾਉਣ ਵਾਸਤੇ ਅਸੀਂ ਗੁਰੂ ਦੀ ਸ਼ਰਨ ਲੈਣੀ ਹੈ। ਗੁਰੂ ਦੀ ਬਾਣੀ ਨੂੰ ਸਮਝਣਾ ਹੈ। ਗੁਰੂ ਦਾ ਲੜ ਨਹੀਂ ਛੱਡਣਾ। ਸਭਨਾਂ ਗੱਲਾਂ ਸਮਰੱਥ ਹੈ। ਤੁਸੀਂ ਜੋ ਕੁਛ ਮੰਗਣਾ ਹੈ ਮੰਗੋ, ਤੁਹਾਨੂੰ ਪੂਰਾ ਦਏਗਾ। ਪਰ ਦਿਲੋਂ ਲਗ ਕੇ ਮੰਗੋ। ਏਧਰ ਓਧਰ ਘੁੰਮੀ ਜਾਂਦੇ ਹਾਂ ਸਿਆਣਿਆਂ ਕੋਲ, ਫਲਾਣੇ ਸੰਤ ਕੋਲ, ਢਿਮਕੇ ਕੋਲ; ਉਹਨੇ ਮੈਨੂੰ ਔਹ ਦੇ ਦਿਤਾ ਸੀ, ਉਹਨੇ ਆਹ ਦੇ ਦਿਤਾ ਸੀ।

ਇਕ ਬੀਬੀ ਆਈ। ਕਹਿੰਦੀ ਮੇਰਾ ਪੁੱਤਰ ਬਹੁਤ ਜ਼ਿਆਦਾ ਸ਼ਰਾਬ ਪੀਂਦੈ। ਫਲਾਣੇ ਨੇ ਮੈਨੂੰ ਆਹ ਦਿਤੈ, ਮੈਂ ਸੰਤ ਕੋਲ ਗਈ। ਉਸ ਕਿਹਾ ਕਿ ਇਹ ਤੂੰ ਜ਼ਰਾ ਕੁ ਉਹਨੂੰ ਦੇ ਦੇ, ਸ਼ਰਾਬ ਪੀਣ ਤੋਂ ਹਟ ਜਾਏਗਾ। ਉਹ

ਕਹਿੰਦੀ, ਮੈਂ ਉਸ ਨੂੰ ਦੇ ਦਿਤਾ। ਉਹਦਾ ਦਿਮਾਗ ਹੀ ਫਿਰ ਗਿਆ। ਮੈਂ ਕਿਹਾ, ਸੱਸ ਨੂੰ ਵੀ ਦੇ ਦੇ, ਮਾਂ-ਪੁੱਤ ਦੋਵੇਂ ਤੁਰੇ ਫਿਰਨਗੇ। ਸੱਸ ਲੈ ਕੇ ਆਈ ਹੈ ਨਾ? ਕਹਿੰਦੀ, ਹਾਂ। ਮੈਂ ਕਿਹਾ, ਤੂੰ ਅਰਾਮ ਨਾਲ ਟਿਕ ਕੇ ਬਹਿ। ਆਹ ਹਾਲਤ ਸਾਡੀ ਹੋ ਰਹੀ ਹੈ। ਅਸੀਂ ਸਿਆਣਿਆਂ ਨੂੰ ਮੰਨਦੇ ਹਾਂ, ਭੂਤਾਂ ਨੂੰ ਮੰਨਦੇ ਹਾਂ, ਮੜ੍ਹੀਆਂ, ਮਸਾਣੀਆਂ ਨੂੰ ਮੰਨਦੇ ਹਾਂ। ਕਬਰਾਂ ਨੂੰ ਮੰਨਦੇ ਹਾਂ। ਛੱਡਦੇ ਹੀ ਨਹੀਂ ਕੁਛ ਵੀ ਆ ਜਾਵੇ ਮੂਹਰੇ। ਜਿਹੜੀ ਇਕ ਜੋਤ ਹੈ ਉਸ ਨੂੰ ਨਹੀਂ ਮੰਨਦੇ।

*ਤਜਹੁ ਸਿਆਨਪ ਸੁਰਿ ਜਨਹੁ*
*ਸਿਮਰਹੁ ਹਰਿ ਹਰਿ ਰਾਇ ॥*
*ਏਕ ਆਸ ਹਰਿ ਮਨਿ ਰਖਹੁ*
*ਨਾਨਕ ਦੂਖੁ ਭਰਮੁ ਭਉ ਜਾਇ ॥ ੧ ॥* *ਅੰਗ- ੨੮੧*

ਇਕ ਨੂੰ ਸਿਮਰੋ। ਸਾਰੇ ਸੁਖ ਮਿਲ ਜਾਂਦੇ ਨੇ ਉਸ ਤੋਂ।

ਆਹ ਪ੍ਰੇਮੀ ਭਾਈ ਕ੍ਰਿਪਾਲ ਸਿੰਘ। ਵੱਡੀ ਸੇਵਾ ਕਰਦੇ ਨੇ, ਇਕ ਟਰੱਕ ਕਹੋ, ਦਸ ਲਿਆ ਕੇ ਖੜ੍ਹਾ ਦਿੰਦੇ। ਐਨੀ ਸੰਗਤ ਗੁਰੂ ਸਾਹਿਬ ਦੀ ਸੇਵਾ ਕਰ ਰਹੀ ਹੈ। ਐਨਾ ਤਨ, ਮਨ, ਧਨ ਸਭ ਸਉਂਪਿਆ ਪਿਆ ਹੈ ਉਹਨਾਂ ਨੇ ਮਹਾਰਾਜ ਨੂੰ। ਸੰਤ ਕੋਈ ਕਿਹੋ ਜਿਹਾ ਵੀ ਆ ਜਾਵੇ ਇਹਨਾਂ ਨੇ ਸੇਵਾ ਕਰਨੀ ਹੈ।

ਮਹਾਰਾਜ ਜੀ ਨੂੰ ਮੈਂ ਇਹ ਕਿਹਾ ਸੀ ਕਿ ਮਹਾਰਾਜ ਜੀ! ਸਭ ਕੰਮ ਤੁਸੀਂ ਆਪੇ ਹੀ ਕਰ ਰਹੇ ਹੋਂ ਆਪ ਦੇ। ਹੁਣ ਤਾਂ ਸਾਡੇ ਕੋਲ ਕੋਈ ਚੀਜ਼ ਹੀ ਨਹੀਂ ਹੈ। ਜੋ ਜ਼ਮੀਨ, ਘਰ ਬਾਰ ਹੈ, ਇਹ ਸਭ ਤੁਹਾਡਾ ਹੀ ਹੈ। ਤੁਸੀਂ ਆਖਿਆ ਸੀ ਇਹਨਾਂ ਨੂੰ ਕਿ ਸਭ ਚੀਜ਼ ਮੇਰੀ ਹੀ ਹੈ ਨਾ। ਠੀਕ ਹੈ, ਮੇਰਾ ਸਮਝ ਕੇ ਤੂੰ ਇਹ ਸੇਵਾ ਕਰੀ ਚੱਲ। ਹੁਣ ਸੇਵਾ ਪੂਰੀ ਹੋ ਗਈ ਹੈ। ਇਹ ਸਭ ਤੁਹਾਡੇ ਨਵਿਰਤ ਹੈ, ਇਹ ਲੈ ਲਓ ਤੁਸੀਂ।

ਮਹਾਰਾਜ ਜੀ ਹੱਸ ਪਏ। ਦੋ ਦਿਨ ਚੁੱਪ ਕਰ ਰਹੇ, ਤੀਸਰੇ ਦਿਨ ਜਵਾਬ ਦਿਤਾ। ਕਹਿੰਦੇ, ਭਾਈ! ਮੇਰਾ ਹੀ ਹੈ ਸਭ ਕੁਛ। ਮੇਰਾ ਸਮਝ ਕੇ ਸੇਵਾ ਕਰੋ ਤੁਸੀਂ। ਕੀਰਤਨ ਨਹੀਂ ਛੱਡਣਾ। ਇਹਨਾਂ ਯੂ.ਪੀ ਵਿਚ ਕਹਿ ਕੇ ਆਏ ਸੀ। ਹਜ਼ਾਰਾਂ ਸੰਗਤਾਂ ਉਥੇ ਬੈਠੀਆਂ ਰੋਂਦੀਆਂ ਸੀ। ਸਾਨੂੰ ਬਹਾਲਣ ਨੂੰ ਥਾਂ ਨਹੀਂ ਸੀ ਲੱਭਦਾ, ਐਨਾ ਪ੍ਰੇਮ ਸੀ ਸੰਗਤਾਂ ਨੂੰ। ਕਹਿੰਦੇ, ਸੰਗਤ ਨੂੰ ਨਹੀਂ ਛੱਡਣਾ, ਕੀਰਤਨ ਨਹੀਂ ਛੱਡਣਾ। ਜਿੰਨਾਂ ਚਿਰ ਜ਼ਿੰਦਗੀ ਹੈ ਕੀਰਤਨ ਕਰੀਂ। ਕੋਈ ਕੁਛ ਵੀ ਕਹੀ ਜਾਵੇ। ਸਾਨੂੰ ਥੋੜ੍ਹਾ ਕੁਛ ਆਖਿਆ ਸੀ ਦੁਨੀਆਂ ਨੇ? ਨਹੀਂ ਆਪਣਾ ਸੁਭਾਅ ਛੱਡੀਦਾ। ਆਪਣਾ ਸੁਭਾਅ ਬਦਲ ਕੇ ਕਿਸੇ ਹੋਰ ਪਾਸੇ ਨਹੀਂ ਲਾਈਦਾ। ਸੋ ਇਹ ਸਭ ਉਹਨਾਂ ਦਾ ਹੀ ਸਦਕਾ ਹੈ ਇਹ।

ਇਸ ਤਰ੍ਹਾਂ ਭਾਈ ਦੀਵਾਨ ਲੱਗੂਗਾ, ਸੇਵਾ ਬਹੁਤ ਕੀਤੀ ਹੈ ਤੁਸੀਂ ਸਾਰਿਆਂ ਨੇ। ਮਗਰੋਂ ਇਹਨਾਂ ਦੇ ਨਾਮ ਲਏ ਜਾਣ। ਨਾਉਂ ਲੈਣ ਨਾਲ ਵੀ ਵਿਚਾਰਿਆਂ ਦਾ ਦਿਲ ਲਗ ਜਾਂਦੈ, ਕੋਈ ਨਾਮ ਜਪਣ ਲਗ ਜਾਂਦੈ, ਸੱਚੇ ਦੇ ਘਰ ਵਿਚ ਆ ਜਾਂਦੈ, ਲੈਣਾ ਹੀ ਚਾਹੀਦਾ। ਅਣਜਾਣਾਂ ਨੂੰ ਦਸਣਾ ਹੀ ਪੈਂਦੈ, ਉਂਗਲੀ ਲਾ ਕੇ ਲਿਆਉਣਾ ਹੀ ਪੈਂਦੈ ਬੱਚੇ ਨੇ ਨੂੰ, ਪੜ੍ਹਾਉਣਾ ਪੈਂਦੈ, ਤਾਂ ਫੇਰ ਉਹਨੂੰ ਏ.ਬੀ.ਸੀ ਸਿਖਾਉਣੀ ਪੈਂਦੀ ਹੈ। ਫੇਰ ਉਹ ਪਹਿਲੀ ਦੂਜੀ 'ਚ ਹੋ ਜਾਂਦੈ। ਉਹ ਫੇਰ ਮੈਟ੍ਰਿਕ ਪਾਸ ਕਰ ਜਾਂਦੈ। ਫੇਰ ਉਹ ਐਮ.ਏ ਤੋਂ ਅਗਾਂਹਾਂ ਪੀਐਚ.ਡੀ ਵੀ ਕਰ ਜਾਂਦੈ। ਡਾਕਟਰ ਵੀ ਬਣ ਜਾਂਦੈ, ਇੰਜਨੀਅਰ ਵੀ ਬਣ ਜਾਂਦੈ। ਫੇਰ ਬਣ ਜਾਂਦੇ ਨੇ ਸਭ ਕੁਛ। ਐਨਾ ਉਤਸ਼ਾਹ ਅੱਜ ਦੇਖਿਐ ਅਸੀਂ ਅੱਜ ਪਿੰਡਾਂ ਦਾ, ਬਹੁਤ ਪਿਆਰ ਦੇਖਿਐ। ਇਸ ਤਰ੍ਹਾਂ ਸਾਰੀ ਸੰਗਤ ਪਿਆਰ ਵਾਲੀ ਹੈ। ਮਨੀਮਾਜਰੇ ਦੀ ਸੰਗਤ, ਚੰਡੀਗੜ੍ਹ, ਰੋਪੜ, ਹੋਰ ਪਿੰਡਾਂ ਦੀ ਸੰਗਤ ਸਭ ਪਿਆਰ ਵਾਲੀ ਹੈ। ਕਾਕਾ ਹਰਪਾਲ ਸਿੰਘ ਹੈ ਇਹ ਕੋਰਸ ਕਰ ਰਿਹੈ, ਓਵਸੀਅਰੀ ਦਾ, ਪੜ੍ਹ ਵੀ ਰਿਹੈ, ਪੂਰਾ ਮਨ ਏਧਰ ਲਾਇਆ ਹੋਇਐ ਸੇਵਾ ਵਿਚ। ਭਾਈ ਲਖਬੀਰ ਸਿੰਘ ਯੂ.ਪੀ ਤੋਂ ਆਏ ਹੋਏ ਨੇ। ਪੂਰਾ ਤਨ ਮਨ ਲਾ ਕੇ ਕੰਮ ਕਰ ਰਹੇ ਹਨ।

ਅੱਗੇ ਜੋ ਸੇਵਾ ਕਰੇ ਦੁਨੀਆਂ ਦੀ ਉਹ ਜਥੇਦਾਰ ਬਣਦਾ ਸੀ। ਹੁਣ ਉਹ ਜਥੇਦਾਰ ਬਣਦੇ ਨੇ ਜਿਹੜੇ ਦੁਨੀਆਂ ਦੇ ਉਤੇ ਆਪਣੇ ਪੈਰ ਧੁਆਉਣ ਲਗ ਜਾਂਦੈ। ਆਪ ਨੂੰ ਹੀ ਵੋਟਾਂ ਪੁਆਉਣ ਲਗ ਜਾਂਦੈ। ਆਪਣੀ ਹੀ ਸੇਵਾ ਕਰਾਉਣ ਲਗ ਜਾਂਦੈ। ਪਤਾ ਨਹੀਂ ਕੀ-ਕੀ ਜਥੇਦਾਰ ਬਣੇ ਫਿਰਦੇ ਨੇ। ਉਹਨਾਂ ਨੂੰ ਵਾਹਿਗੁਰੂ ਹੀ ਬਖਸ਼ੇ।

ਜੋ ਰੌਲਾ-ਰੱਪਾ ਨਹੀਂ ਪੈਂਦਾ, ਇਹ ਵੀ ਉਸ ਮਾਲਕ ਦਾ ਹੀ ਸਦਕਾ ਹੈ। ਸਾਡਾ ਤਾਂ ਇਹਦੇ ਵਿਚ ਕੁਛ ਨਹੀਂ ਹੈ। ਜੋ ਝਗੜੇ ਪੁਆਉਂਦੈ ਤਾਂ ਵੀ ਓਹੀ ਪੁਆਉਂਦੈ, ਇਤਫਾਕ ਕਰਾਉਂਦੈ ਤਾਂ ਵੀ ਓਹੀ ਕਰਾਉਂਦੈ। ਸਮਾਂ ਹੁੰਦਾ ਬਸ ਕਦੇ ਉਤੇ, ਕਦੇ ਥੱਲੇ। ਇਸ ਤਰ੍ਹਾਂ ਹੁੰਦਾ ਹੀ ਆਇਆ, ਇਹਨਾਂ ਗੱਲਾਂ 'ਚ ਤਾਂ ਪੈਣਾ ਨਹੀਂ ਆਪਾਂ ਨੇ। ਆਪਾਂ ਨੇ ਤਾਂ ਨਾਮ ਜਪਣੈ, ਵਾਹਿਗੁਰੂ ਦੀ ਵਡਿਆਈ ਕਰਨੀ ਹੈ। ਸਾਡਾ ਪ੍ਰੀਤਮ ਸਾਡੇ ਉਪਰ ਸਭ ਕੁਛ ਵਾਰ ਗਿਐ। ਕੁਛ ਲਕੋ ਕੇ ਨਹੀਂ ਛੱਡਿਆ ਉਹਨਾਂ ਨੇ। ਬੱਚੇ ਵੀ ਵਾਰ ਗਏ ਨੇ, ਮਾਤਾਵਾਂ ਵੀ, ਇਸ ਹਿੰਦੁਸਤਾਨ ਦੇ ਖ਼ਾਤਰ, ਇਸ ਧਰਮ ਦੇ ਵਾਸਤੇ। ਅਸੀਂ ਤਾਂ ਉਸੇ ਨੂੰ ਅਪਨਾਉਣੈ, ਉਹਦੀ ਹੀ ਸੇਵਾ ਕਰਨੀ ਹੈ। ਜਿਸ ਤਰ੍ਹਾਂ ਸਾਨੂੰ ਉਹ ਕਹਿ ਗਏ ਨੇ ਓਹੀ ਗੱਲ ਕਰਨੀ ਹੈ ਅਸੀਂ। ਉਹੀ ਬਚਨ ਮੰਨਣੈ।

*ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ॥*

ਅਸੀਂ ਸਭ ਨੂੰ ਇਕੋ ਹੀ ਸਮਝਣੈ। ਕੋਈ ਜਾਤ, ਪਾਤ ਨਹੀਂ ਉਸ ਦੇ ਘਰ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥*
*ਅੰਗ- ੧੩੪੯*

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥*

# ਰਤੇ ਸੇਈ ਜਿ ਮੁਖੁ ਨ ਮੋੜੰਨਿ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ।*

***(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-28)***

*ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥*
*ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥ ੪ ॥*
*ਅੰਗ- ੧੩੬੪*

ਇਥੇ ਦੁਖਾਂ ਦੇ ਵਿਚ ਜ਼ਿੰਦਗੀ ਬੀਤੇਗੀ। ਦਰਗਾਹ ਦੇ ਵਿਚ ਕੋਈ ਥਾਂ ਨਹੀਂ ਮਿਲਣਾ। ਨਾਮ ਨੂੰ ਭੁੱਲ ਕੇ।

ਨਾਮ ਤੋਂ ਹੀਣੇ ਪੁਰਸ਼ ਦਾ ਮੁਖ ਡਰਾਉਣਾ ਹੋਇਆ ਕਰਦੈ। ਬੰਦਗੀ ਕਰਨ ਵਾਲੇ ਦਾ ਮੁਖ ਖਿੱਚ ਪਾਉਂਦੈ। ਨੇਤਰਾਂ ਦੇ ਵਿਚ ਖਿੱਚ ਹੁੰਦੀ ਹੈ, ਮਿਕਨਾਤੀਸੀ ਖਿੱਚ ਹੁੰਦੀ ਹੈ। ਮੱਲੋ-ਮੱਲੀ ਆਦਮੀ ਖਿਚਿਆ ਜਾਂਦੈ ਉਹਦੇ ਵਿਚ। ਸੋ ਇਸ ਤਰ੍ਹਾਂ ਦੇ ਨਾਲ ਨਾਮ ਦੀ ਬਾਤ ਮੈਂ ਬੇਨਤੀ ਕਰ ਰਿਹਾਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਮਰਦਾਨਿਆਂ! ਸੰਸਾਰ ਨੂੰ ਕਿੰਨਾ ਹੀ ਸਮਝਾ ਲੈ, ਨਾਮ ਵਲ ਨਹੀਂ ਆਉਂਦਾ। ਦੁਖੀ ਤਾਂ ਹੋਈ ਜਾਂਦੈ। ਜੋ ਵੀ ਦੁਨੀਆਂ ਦੀਆਂ ਮੁਸ਼ਕਿਲਾਂ ਨੇ ਸੰਸਾਰ ਵਿਚ, ਉਹ ਸਾਰਿਆਂ ਦਾ ਗੁਰੂ ਮਹਾਰਾਜ ਨੇ ਇਕ ਇਲਾਜ ਦੱਸਿਐ-

*ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇਕੋ ਨਾਮ ਵਾਹਿਗੁਰੂ ਦਾ।*

*ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - ੨੭੪*

ਚਾਹੇ ਉਹ ਮਾਨਸਿਕ ਰੋਗ ਨੇ, ਚਾਹੇ ਉਹ ਸਰੀਰਕ ਰੋਗ ਨੇ, ਸਾਰਿਆਂ ਦਾ ਦਾਰੂ ਵਾਹਿਗੁਰੂ ਦਾ ਨਾਮ ਹੁੰਦੈ।

ਮੈਨੂੰ ਡਾ. ਸਵਾਮੀ ਰਾਮ ਜੀ, ਜੋ ਰਿਸ਼ੀਕੇਸ਼ ਰਹਿੰਦੇ ਨੇ। ਦੁਨੀਆਂ ਦੇ ਬਹੁਤ ਵੱਡੇ ਯੋਗੀ ਨੇ ਪੜ੍ਹੇ ਲਿਖੇ, ਕਈ ਡਾਕਟਰੇਟਾਂ ਕੀਤੀਆਂ ਹੋਈਆਂ ਨੇ। ਕਈ ਉਹਨਾਂ ਕੋਲ ਡੀ.ਲਿਟ ਰਹਿੰਦੇ ਨੇ, ਅਮਰੀਕਾ ਦੇ ਅੰਦਰ 650 ਏਕੜ ਦਾ ਉਹਨਾਂ ਦਾ ਯੋਗਾ ਆਸ਼ਰਮ ਹੈ। ਉਹਨਾਂ ਨੇ 2500 ਬੈੱਡ ਦਾ ਹਸਪਤਾਲ ਜੌਲੀ ਗਰਾਂਟ, ਦੇਹਰਾਦੂਨ ਤੇ ਰਿਸ਼ੀਕੇਸ਼ ਦੇ ਵਿਚਾਲੇ ਬਣਾਇਆ ਹੈ। ਉਹਨਾਂ ਨੇ ਕਾਲਜ ਬਣਾਉਣਾ ਸੀ। ਪਤਾ ਨਹੀਂ ਕਿਵੇਂ ਉਹਨਾਂ ਦੇ ਮਨ 'ਚ ਖਿਆਲ ਆਇਆ ਕਿ ਕਿਸੇ ਮਹਾਤਮਾ ਤੋਂ ਨੀਂਹ ਪੱਥਰ ਰਖਵਾਈਏ। ਉਹਨਾਂ ਦੀ ਚੋਣ ਪੈ ਗਈ ਮੇਰੇ 'ਤੇ। ਮੈਂ ਕਿਹਾ, ਸਵਾਮੀ ਜੀ! ਮੈਂ ਤਾਂ ਮਹਾਤਮਾ ਹੈ ਨਹੀਂ, ਮੈਂ ਤਾਂ ਸਿੱਧਾ-ਸਾਦਾ ਬੰਦਾ ਹਾਂ। ਕਹਿੰਦੇ, ਜਿਹੋ ਜਿਹਾ ਮੈਨੂੰ ਚਾਹੀਦਾ ਸੀ ਲੱਭ ਗਿਆ। ਮੈਂ 156 ਦੇਸ਼ਾਂ ਵਿਚ ਗਿਆ ਹਾਂ, ਮੈਨੂੰ ਨਹੀਂ ਮਿਲਿਆ। ਕੁੜਤੇ ਪਜਾਮੇ 'ਚ ਲੱਭ ਗਿਆ, ਕਾਲਜ ਦੀ ਬੁਨਿਆਦ ਤੁਹਾਡੇ ਤੋਂ ਹੀ ਰਖਵਾਉਣੀ ਹੈ। ਉਥੇ ਸਾਰੇ ਡਾਕਟਰ ਇਕੱਠੇ ਹੋਏ-ਹੋਏ ਸੀ, ਅਮਰੀਕਾ ਦੇ ਵੀ, ਭਾਰਤ ਦੇ ਵੀ, ਆਪਣੇ ਪੀ.ਜੀ.ਆਈ ਦੇ ਵੀ। ਜਦੋਂ ਮੇਰੀ ਵਾਰੀ ਆਈ, ਮੈਂ ਗੱਲ ਕੀਤੀ ਕਿ ਠੀਕ ਹੈ ਤੁਸੀਂ ਪੰਜ ਬਰਾਚਾਂ ਖੋਲ੍ਹੀਆਂ ਨੇ। ਆਯੁਰਵੈਦਿਕ ਦੀ, ਹੋਮਿਓਪੈਥੀ ਦੀ, ਐਲੋਪੈਥੀ ਦੀ, ਯੋਗਾ ਦੀ ਤੇ ਨੈਚਰੋਪੈਥੀ ਦੀ। ਪੜ੍ਹਾਈ ਸ਼ੁਰੂ ਹੋ ਗਈ ਉਥੇ। ਮੈਂ ਕਿਹਾ ਕਿ ਇਥੇ ਤੁਸੀਂ 'ਸਰਬ ਰੋਗ ਕਾ ਅਉਖਦੁ ਨਾਮੁ' ਦੀ ਇਕ ਬਰਾਂਚ ਖੋਲ੍ਹ ਦਿਓ। ਮਿਸਾਲਾਂ ਦਿਤੀਆਂ ਕਿ ਨਾਮ ਦੇ ਨਾਲ ਕਿਸ ਤਰ੍ਹਾਂ ਆਦਮੀ ਰਾਜ਼ੀ ਹੋ ਜਾਂਦੈ। ਕਾਰੋਬਾਰ ਸ਼ੁੱਧ ਹੋ ਜਾਂਦੇ ਨੇ। ਬੇਅੰਤ ਵਿਘਨਾਂ ਦਾ ਨਾਸ਼ ਹੋ ਜਾਂਦੈ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ-੨੬੨*

ਬੜੀ ਲੰਮੀ ਚੌੜੀ ਉਥੇ ਮੈਂ ਗੱਲ ਕਰੀ ਤਾਂ ਉਹ ਸਾਰੇ ਡਾਕਟਰ ਮੰਨ ਗਏ। ਡਾਕਟਰ ਪਾਠਕ ਮੇਰੇ ਤੋਂ ਬਾਅਦ ਬੋਲੇ ਕਿ ਅੱਜ ਤੱਕ ਤਾਂ ਅਸੀਂ ਸੁਣਦੇ ਆਏ ਸੀ, ਅੱਜ ਜਿਹੜਾ ਇਹਨਾਂ ਨੇ ਤਰੀਕਾ ਦਸਿਆ ਹੈ, ਉਹ ਸਾਡੇ ਮਨ ਵਿਚ ਬਹਿ ਗਿਆ। ਹੁਣ ਅਸੀਂ ਮਰੀਜ਼ਾਂ ਨੂੰ ਪਹਿਲਾਂ ਮਾਨਸਿਕ ਤੌਰ 'ਤੇ ਵੇਖਿਆ ਕਰਾਂਗੇ ਕਿ ਇਹਦੇ ਘਰ ਵਿਚ ਕੋਈ ਗੜਬੜ ਤਾਂ ਨਹੀਂ ਹੈ। ਸਮਾਜ ਵਿਚ ਇਹਦੇ ਉਤੇ ਦਬਾਅ ਤਾਂ ਨਹੀਂ ਹੈ। ਕੋਈ ਬੋਝ ਤਾਂ ਨਹੀਂ ਹੈ। 80% ਬਿਮਾਰੀਆਂ ਦਾ ਇਲਾਜ 'ਸਰਬ ਰੋਗ ਕਾ ਅਉਖਦੁ ਨਾਮੁ' ਹੈ। ਜਿਹੜੀ 20% ਰਹਿੰਦੀ ਹੈ, ਉਹ ਵੀ ਦ੍ਰਿੜ੍ਹਤਾ ਹੋਵੇ ਬੰਦੇ 'ਚ, ਉਸ ਦਾ ਵੀ ਇਲਾਜ ਹੋ ਜਾਂਦੈ। ਪਰ ਕਰੇ ਕੌਣ ਮਿਹਨਤ, ਨਿਸ਼ਚਾ ਹੈ ਨਹੀਂ। ਜੀਵਨ ਵਿਗੜਿਆ ਪਿਆ ਹੈ ਨਿੰਦਿਆ ਵਿਚ, ਈਰਖਾ ਵਿਚ। ਇਹ ਸਭ ਛੱਡ ਕੇ ਇਕ ਨੇਕ ਜ਼ਿੰਦਗੀ ਗੁਜ਼ਾਰਨੀ ਪੈਂਦੀ ਹੈ। ਉਹਦੇ ਮੁਤਾਬਿਕ ਜਦੋਂ ਇਹ ਅਭਿਆਸ ਕਰਦੈ, ਉਸ ਵੇਲੇ ਬਿਮਾਰੀਆਂ ਹਟ ਜਾਂਦੀਆਂ ਨੇ। ਬੜੇ ਵਿਸਥਾਰ ਵਿਚ ਮੈਂ ਉਥੇ ਦਸਿਆ। ਸਾਡੇ ਕੋਲ ਹਜ਼ਾਰਾਂ ਦੀ ਤਦਾਦ ਵਿਚ ਨਾਮ ਨਾਲ ਰਾਜ਼ੀ ਹੋਏ ਨੇ। ਐਡੀ ਨਾਮ ਦੀ ਕੀਮਤ, ਐਡੀ ਇਹਦੇ ਵਿਚ ਬਰਕਤ ਤੇ ਫੇਰ ਸੰਸਾਰ ਕਿਉਂ ਨਹੀਂ ਲਗਦਾ।

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ, ਮਰਦਾਨਿਆਂ! ਸੰਸਾਰ ਨੂੰ ਨਾਮ ਦੀ ਕਦਰ ਨਹੀਂ ਹੈ। ਫੋਕੀਆਂ ਚੀਜ਼ਾਂ ਦੀ ਕਦਰ ਹੈ। ਪੁੱਤਰ ਨਾ ਹੋਵੇ, ਸਾਰੀ ਜ਼ਿੰਦਗੀ ਪੁੱਤਰ-ਪੁੱਤਰ ਕਰਦਾ ਗੁਜ਼ਾਰ ਦਿੰਦੈ। ਇਹੋ ਜਿਹੇ ਮਾੜੇ ਕੰਮ ਕਰ ਦਏਗਾ, ਪੁੱਤਰ ਪ੍ਰਾਪਤੀ ਵਾਸਤੇ। ਦੂਸਰੇ ਦੇ ਜੀਵ ਮਾਰ ਕੇ ਆਪਣੇ ਘਰ ਆਬਾਦ ਕਰਨਾ ਚਾਹੁੰਦੈ। ਬੜੇ ਐਸੇ ਕੇਸ ਹੁੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ

ਪੈਸੇ ਵਾਸਤੇ ਦੁਨੀਆਂ ਤੁਰੀ ਫਿਰਦੀ ਹੈ ਕਿਉਂਕਿ ਪੈਸੇ ਦੀ ਕਦਰ ਹੈ। ਜ਼ਮੀਨਾਂ, ਜਾਇਦਾਦਾਂ ਬਣਾਉਣ ਵਾਸਤੇ ਫਿਰਦੀ ਹੈ, ਅਹੁਦੇ ਪਦਵੀਆਂ ਲੈਣ ਵਾਸਤੇ ਤੁਰੀ ਫਿਰਦੀ ਹੈ। ਪਰ ਇਹ ਸਾਰੀਆਂ ਚੀਜ਼ਾਂ ਇਥੇ ਹੀ ਰਹਿ ਜਾਣੀਆਂ ਨੇ। ਦਰਗਾਹ ਵਿਚ ਨਹੀਂ ਜਾਣੀਆਂ। ਇਸ ਗੱਲ ਦਾ ਇਸ ਬੰਦੇ ਨੂੰ ਪਤਾ ਨਹੀਂ ਲਗਦਾ। ਸੋ ਇਸ ਕਰਕੇ ਕਹਿੰਦੇ, ਰੁਚੀ ਨਹੀਂ ਹੈ, ਸਮਝ ਨਹੀਂ ਹੈ ਜਾਂ ਇਸ ਤਰ੍ਹਾਂ ਕਹਿ ਲਓ, ਇਹਦੇ ਭਾਗਾਂ ਵਿਚ ਨਹੀਂ ਹੈ। ਐਨੀਆਂ ਅਵਾਜ਼ਾਂ ਲੈਣ ਤੋਂ ਬਾਅਦ ਵੀ, ਫੇਰ ਇਹ ਨਾ ਗੁਰਮੰਤਰ ਲਵੇ, ਨਾ ਗੁਰੂ ਵਾਲਾ ਬਣੇ। ਨਿਗੁਰਾ ਹੀ ਤੁਰਿਆ ਫਿਰਦੈ, ਆਪਣਾ ਜਨਮ ਬਰਬਾਦ ਕਰ ਦਿੰਦੈ।

ਇਸ ਤਰ੍ਹਾਂ ਦੇ ਬਚਨ ਗੁਰੂ ਮਹਾਰਾਜ ਕਰ ਰਹੇ ਸੀ। ਸਾਲਸਰਾਇ ਨੇ ਆ ਕੇ ਤਾਰੀਫ ਕਰੀ। ਮਹਾਰਾਜ ਕਹਿੰਦੇ, ਸਾਲਸਰਾਇ ਤੇਰੇ ਅੰਦਰ ਨਾਮ ਹੈ। ਉਸ ਦੀ ਪੜਚੋਲ ਕਰ। ਸਭ ਤੋਂ ਜ਼ਿਆਦਾ ਕੀਮਤੀ ਹੈ। ਦੇਖ ਤੈਨੂੰ ਅਸੀਂ ਇਕ ਕਥਾ ਸੁਣਾਉਂਦੇ ਹਾਂ। ਤ੍ਰੇਤੇ ਯੁੱਗ ਦੇ ਅੰਦਰ ਇਕ ਮਿਥਲਾਪੁਰੀ ਜਿਸ ਨੂੰ ਉੜੀਸਾ ਕਹਿੰਦੇ ਨੇ, ਇਥੇ 16 ਰਾਜੇ ਸੀ। ਸਭ ਦਾ ਨਾਉਂ ਜਨਕ ਸੀ। ਪਹਿਲਾਂ, ਦੂਜਾ, ਤੀਜਾ, ਚੌਥਾ....ਇਸ ਤਰ੍ਹਾਂ 16ਵਾਂ ਜਨਕ ਸੀ। ਸ਼ੀਰਧ੍ਵਜ ਇਸ ਦਾ ਅਸਲੀ ਨਾਉਂ ਸੀ। ਪਰ ਰਾਜਾ ਜਨਕ ਕਹਿੰਦੇ ਸੀ, ਕਿਉਂਕਿ ਜਨਕ ਦੇ ਸਿੰਘਾਸ਼ਨ 'ਤੇ ਬੈਠਾ ਸੀ। ਇਹ ਪ੍ਰੇਮੀ ਸੀ।

ਇਕ ਵਾਰੀ ਇਹ ਸੰਤਾਂ ਦੇ ਵਿਚ, ਸਿੱਧ ਪੁਰਸ਼ਾਂ ਦੇ ਵਿਚ ਬੈਠਾ ਸੀ। ਉਥੇ ਮਾਇਆ ਦਾ ਅਸਰ ਚੱਲ ਪਿਆ ਕਿ ਮਾਇਆ ਜਿਹੜੀ ਪ੍ਰਮੇਸ਼ਰ ਨੇ ਬਣਾਈ ਹੈ, ਇਹਦੇ 'ਚ ਸਾਰੇ ਹੀ ਭੁੱਲ ਜਾਂਦੇ ਨੇ। ਇਹ ਮਾਇਆ ਐਨੀ ਪ੍ਰਬਲ ਹੈ ਕਿ ਕੋਈ ਇਹਦੇ ਸਾਮ੍ਹਣੇ ਥਿਰ ਨਹੀਂ ਰਹਿੰਦਾ। ਕੁੱਲ ਬੰਦੇ ਭੁੱਲ ਜਾਂਦੇ ਨੇ। ਕ੍ਰਿਸ਼ਨ ਮਹਾਰਾਜ ਅਰਜਨ ਨੂੰ ਕਹਿਣ ਲੱਗੇ, ਹੇ ਅਰਜਨ! ਇਹ ਜਿਹੜੀ ਮੇਰੀ ਤ੍ਰਿਗੁਣੀ ਮਾਇਆ ਹੈ, ਰਜੋ ਗੁਣ, ਤਮੋ ਗੁਣ, ਸਤੋ ਗੁਣ। ਇਹ ਐਨੀ ਪ੍ਰਬਲ ਹੈ ਕਿ ਆਦਮੀ ਨੂੰ ਭੁਲਾ ਦਿਤਾ ਇਹਨੇ। ਆਦਮੀ ਸੀਗਾ ਤਾਂ ਜੋਤ ਸਰੂਪ, ਲੇਕਿਨ ਆਪਣੇ ਆਪ ਨੂੰ ਭੁੱਲ ਕੇ ਸਾਢੇ ਤਿੰਨ ਹੱਥ ਦੀ ਦੇਹ ਮੰਨਣ ਲਗ ਗਿਆ। ਇਹ ਐਨਾ ਭੁਲਿਆ ਕਿ ਆਪਣਾ ਆਪ ਵੀ ਭੁੱਲ ਗਿਆ ਤੇ ਰੱਬ ਨੂੰ ਵੀ ਭੁੱਲ ਗਿਆ। ਕਹਿੰਦੇ, ਮਾਇਆ ਨੇ ਅਖੰਡ ਬ੍ਰਹਮ ਦੇ ਤਿੰਨ ਟੁਕੜੇ ਕਰ ਦਿਤੇ। ਹੋਏ ਤਾਂ ਨਹੀਂ। ਲੇਕਿਨ ਮਾਇਆ 'ਚ ਦੋਸ਼ ਹੈ। ਕਿਵੇਂ ਦੋਸ਼ ਹੈ? ਚੰਦ ਚਾਨਣਾ ਹੋਵੇ, ਤੁਸੀਂ ਕੋਠੇ 'ਤੇ ਪਏ ਹੋਂ। ਉਂਗਲੀ ਅੱਖ ਦੇ ਕੋਏ 'ਚ ਦੇ ਲਵੋ, ਦੋ ਚੰਦ ਦਿਸਣ ਲਗ ਜਾਣਗੇ। ਜੇ ਅੱਖ 'ਚ ਨੁਕਸ ਹੈ ਟੀਰ ਪੈਂਦੈ, ਉਹਨੂੰ ਵੀ ਦੋ ਦਿਸਣਗੇ। ਬਸ ਕਹੀ ਜਾਓ ਕਿ ਇਕ ਹੈ। ਜਿੰਨਾਂ ਚਿਰ ਉਂਗਲੀ ਅੱਖ ਦੇ ਕੋਏ 'ਚੋਂ ਨਹੀਂ ਚੁਕਦਾ, ਦੋ ਹੀ ਦਿਸੀ ਜਾਣਗੇ। ਇਸੇ ਤਰ੍ਹਾਂ ਇਹ ਮਾਇਆ ਹੈ। ਜਦੋਂ ਤਕ ਮਾਇਆ ਨਹੀਂ ਲਹਿੰਦੀ, ਇਥੇ ਪ੍ਰਮੇਸ਼ਰ ਦੇ ਦਰਸ਼ਨ ਨਹੀਂ ਹੁੰਦੇ। ਹੈਗਾ ਪ੍ਰਮੇਸ਼ਰ ਸਾਰੇ। ਜਿਧਰ ਤੁਸੀਂ ਦੇਖਦੇ ਹੋਂ, ਹਰ ਥਾਂ ਦੇ ਉਤੇ ਪ੍ਰਮੇਸ਼ਰ ਹੈ। ਚਾਹੇ ਉਹ ਨਿਰਗੁਨ ਰੂਪ 'ਚ ਹੈ, ਚਾਹੇ ਉਹ ਸਰਗੁਨ ਰੂਪ 'ਚ ਹੈ। ਲੇਕਿਨ ਉਹ ਮਾਇਆ ਨੇ ਤਿੰਨ ਬਣਾ ਦਿਤੇ। ਇਕ ਤਾਂ ਰੱਬ ਵੱਖਰਾ ਕੱਢ ਦਿਤਾ ਈਸ਼ਵਰ। ਇਕ ਜੀਵ ਬਣਾ ਦਿਤਾ ਜਿਹਦੇ 'ਚ ਅਸੀਂ ਫਸੇ ਬੈਠੇ ਹਾਂ। ਤੀਸਰਾ ਸੰਸਾਰ ਬਣਾ ਦਿਤਾ ਜਿਹਦੇ ਵਿਚ ਅਸੀਂ ਰਹਿ ਰਹੇ ਹਾਂ। ਕਹਿੰਦੇ, ਐਨਾ ਭੁੱਲ ਜਾਂਦੈ। ਐਸੀ ਪ੍ਰਬਲ ਹੈ ਇਹ।

ਅਰਜਨ ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗਿਆ, ਕੀ ਮੈਂ ਵੀ ਭੁੱਲ ਸਕਦਾ ਹਾਂ। ਕਹਿੰਦੇ, ਹਾਂ ਤੂੰ ਵੀ ਭੁੱਲ ਸਕਦੈਂ, ਇਥੇ ਤਾਂ ਵੱਡੇ-ਵੱਡੇ ਭੁੱਲ ਗਏ। ਕਹਿੰਦਾ, ਮੈਂ ਨਹੀਂ ਭੁੱਲਦਾ। ਕਹਿੰਦੇ, ਤੂੰ ਤਾਂ ਮੈਨੂੰ ਵੀ ਭੁੱਲ ਜਾਏਂਗਾ। ਆਪਣੇ ਆਪ ਨੂੰ ਵੀ ਭੁੱਲ ਜਾਏਂਗਾ।

ਕਹਿੰਦਾ, ਨਹੀਂ ਮਹਾਰਾਜ। ਹੱਠ ਕਰਿਆ ਉਹਨੇ। ਕਹਿੰਦਾ, ਮੈਂ ਦੇਖਣੀ ਚਾਹੁੰਦਾ ਹਾਂ।

ਕਹਿੰਦੇ, ਨਾ ਦੇਖ। ਤੇਰਾ ਰੋਣਾ ਸਾਡੇ ਤੋਂ ਸਹਿ ਨਹੀਂ ਹੋਣਾ। ਮਿੱਤਰ ਹੈਂ ਤੂੰ, ਪਿਆਰਾ ਹੈਂ। ਐਵੇਂ ਭਟਕਦਾ ਫਿਰੇਂਗਾ। ਜਦੋਂ ਨਾ ਹੀ ਹਟਿਆ ਤਾਂ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਕਿ ਜਾਹ, ਤਲਾਬ ਦੇ ਵਿਚੋਂ ਪਾਣੀ ਲਿਆ, ਅਸੀਂ ਦਾਤਨ ਕਰਨੀ ਹੈ। ਪਾਣੀ ਲੈਣ ਗਿਆ ਜਦੋਂ, ਪੈਰ ਪਾਇਆ ਤਲਾਬ ਦੇ ਅੰਦਰ, ਮਾਇਆ ਪੈ ਗਈ। ਉਹ ਵਾਤਾਵਰਣ ਬਦਲ ਗਿਆ ਸਾਰਾ ਹੀ। ਹੈਰਾਨ ਹੋ ਗਿਆ ਕਿ ਕ੍ਰਿਸ਼ਨ ਮਹਾਰਾਜ ਕਿੱਥੇ ਚਲੇ ਗਏ। ਪਹਿਲਾਂ ਕੋਈ ਜੰਗਲ ਨਹੀਂ ਸੀ, ਬਹੁਤ ਸੰਘਣੇ ਜੰਗਲ, ਭਿਆਨਕ ਅਵਾਜ਼ਾਂ ਆਉਣ ਲਗ ਗਈਆਂ। ਸ਼ੇਰ ਦਹਾੜਦੇ ਨੇ, ਹੋਰ ਵੱਡੇ-ਵੱਡੇ ਜਾਨਵਰ ਤੁਰੇ ਫਿਰਦੇ ਨੇ। ਇਹ ਦੌੜਿਆ ਫਿਰਦੈ ਅੱਗੇ ਹੀ ਅੱਗੇ। ਦਰਖ਼ਤਾਂ 'ਤੇ ਪੈ ਕੇ ਰਾਤ ਕੱਢਦੈ। ਤਿੰਨ ਦਿਨ, ਤਿੰਨ ਰਾਤਾਂ ਦੌੜਿਆ ਹੀ ਫਿਰਦੈ। ਅਵਾਜ਼ ਦੇਈ ਗਿਆ ਕਿ ਕ੍ਰਿਸ਼ਨ ਮਹਾਰਾਜ ਤੁਸੀਂ ਕਿਥੇ ਚਲੇ ਗਏ। ਮੈਨੂੰ ਬਚਾਓ। ਅਖੀਰ ਜੰਗਲ ਤੋਂ ਬਾਹਰ ਹੋਇਆ ਤਾਂ ਹੋਰ ਤਰ੍ਹਾਂ ਦਾ ਵਾਤਾਵਰਣ ਆਇਆ। ਇਕ ਪ੍ਰੇਮੀ ਮਿਲ ਗਿਆ। ਕਹਿੰਦਾ, ਪ੍ਰੇਮੀਆਂ! ਕੀ ਗੱਲ? ਤੂੰ ਐਨਾ ਰੋਂਦੈ ਤੇ ਐਨਾ ਰੌਲਾ ਪਾਇਐ। ਕਹਿੰਦਾ, ਮੈਂ ਅਰਜਨ ਹਾਂ। ਕ੍ਰਿਸ਼ਨ ਮਹਾਰਾਜ ਮੇਰੇ ਕੋਲ ਸੀ। ਉਹ ਕਹਿੰਦਾ ਕਿ ਤੂੰ ਕਿਤੇ ਪਾਗਲ ਖਾਨੇ 'ਚੋਂ ਤਾਂ ਨਹੀਂ ਨੱਠ ਕੇ ਆਇਆ? ਅਰਜਨ ਨੂੰ ਹੋਏ ਨੂੰ ਤਾਂ 300 ਸਾਲ ਹੋ ਗਿਆ। ਇਸ ਵੇਲੇ ਉਹਦਾ ਪੜੋਤਾ ਰਾਜ ਕਰ ਰਿਹੈ। ਉਹਦਾ ਪੁੱਤਰ ਅਭਿਮਨਯੂ ਮਾਰਿਆ ਗਿਆ ਸੀ। ਪੋਤਰਾ ਜਿਹੜਾ ਸੀਗਾ ਪ੍ਰੀਸ਼ਦ

ਉਹ ਸੱਪ ਲੜਨ ਕਾਰਨ ਮਰ ਗਿਆ। ਜਨਮੇਜਾ ਜਿਹੜਾ ਸੀ ਉਹ ਕੋਹੜ ਦੇ ਨਾਲ ਮਰ ਗਿਆ। ਹੁਣ ਉਹਦਾ ਪੜੋਤਾ ਬੈਠਾ ਹੈ ਰਾਜਗੱਦੀ 'ਤੇ। ਕਿਹੜੇ ਵੇਲੇ ਦੀ ਗੱਲ ਕਰਦਾ ਹੈਂ, ਉਹ ਤਾਂ ਤਿੰਨ ਸੌ ਸਾਲ ਬੀਤ ਚੁੱਕੇ ਨੇ। ਉਮਰਾਂ ਵੱਡੀਆਂ ਹੁੰਦੀਆਂ ਸੀ। ਉਹ ਕਹਿੰਦਾ, ਚੱਲ ਤੈਨੂੰ ਮੈਂ ਸੁਣਾਵਾਂ। ਧਰਮਸਾਲਾ 'ਚ ਲੈ ਗਿਆ। ਉਥੇ ਕਥਾ ਹੋ ਰਹੀ ਹੈ। ਸਾਰੀ ਕਥਾ ਸੁਣੀ। ਭਰਮ ਪੈ ਗਿਆ ਕਿ ਹੈਂ ਇਹ ਮਹਾਂਭਾਰਤ ਦੀ ਕਥਾ ਕਰ ਰਹੇ ਨੇ। ਅਰਜਨ ਦੀ (ਮੇਰੀ) ਕਰਦੇ ਨੇ। ਅਗਾਂਹਾਂ ਦਸਦੇ ਨੇ ਕਿ ਉਥੇ ਜਾ ਕੇ ਮਰ ਗਏ ਉਹ। ਬਰਫਾਂ 'ਚ ਗਲ ਗਏ ਤੇ ਫੇਰ ਅਗਾਂਹਾਂ ਦੀ ਗੱਲ ਕਰਦੇ ਨੇ। ਅਗਲੇ ਰਾਜਿਆਂ ਦੀ ਗੱਲ ਕਰ ਰਹੇ ਨੇ। ਉਹ ਕਹਿਣ ਲੱਗਿਆ ਕਿ ਤੂੰ ਆਪਣੇ ਆਪ ਨੂੰ ਅਰਜਨ ਨਾ ਕਹੀਂ। ਸਾਡਾ ਰਾਜਾ ਜਿਹੜਾ ਹੈ ਉਹ ਕ੍ਰਿਸ਼ਨ ਭਗਤ ਹੈ, ਜੇ ਉਹਨੂੰ ਪਤਾ ਲਗ ਗਿਆ ਤੈਨੂੰ ਫਾਂਸੀ ਦੇ ਦਏਗਾ ਉਹ। ਉਹ ਇਸ ਮਾਮਲੇ 'ਚ ਸਖਤ ਹੈ। ਤੂੰ ਪਰਦੇਸੀ ਹੈਂ, ਪਰਦੇਸੀ ਹੀ ਬਣਿਆ ਰਹਿ। ਅਰਜਨ, ਅਰਜਨ ਨਾ ਕਰ। ਨਾਉਂ ਪਰਦੇਸੀ ਧਰਾ ਲਿਆ। ਧਨੀ ਸੀਗਾ ਤੀਰ ਅੰਦਾਜ਼ੀ ਦਾ। ਉਹਦੇ ਨਾਲ ਫੌਜ ਵਿਚ ਜਗ੍ਹਾ ਮਿਲ ਗਈ। ਉਹਨੂੰ ਜਰਨੈਲ ਬਣਾ ਦਿਤਾ। ਆਪਣੀ ਲੜਕੀ ਦਾ ਰਿਸ਼ਤਾ ਕਰ ਦਿਤਾ। ਕਾਫੀ ਸਮਾਂ ਲੰਘ ਗਿਆ। ਉਸ ਤੋਂ ਬਾਅਦ ਇਕ ਦਿਨ ਘਰਵਾਲੀ ਚੜ੍ਹਾਈ ਕਰ ਗਈ। ਪਿਆਰ ਐਨਾ ਸੀ ਕਹਿਣ ਲੱਗਿਆ, ਮੈਂ ਤਾਂ ਤੇਰੇ ਨਾਲ ਹੀ ਮਰਾਂਗਾ। ਤੂੰ ਚੜ੍ਹਾਈ ਕਰ ਰਹੀ ਹੈਂ, ਮੈਂ ਚਿਖਾ ਦੇ ਉਤੇ ਨਾਲ ਜਲਾਂਗਾ। ਰੌਲਾ ਪਾ ਲਿਆ ਉਹਨੇ। ਜੇ ਕੋਈ ਸਮਝਾਉਂਦੈ ਕ੍ਰਿਸ਼ਨ ਮਹਾਰਾਜ ਦਾ ਨਾਉਂ ਲੈ ਕੇ। ਉਹਦੇ ਗਲ ਪੈ ਜਾਂਦੈ। ਤੂੰ ਕ੍ਰਿਸ਼ਨ ਦੀ ਗੱਲ ਕਰਦੈਂ, ਕਿਹੜਾ ਕ੍ਰਿਸ਼ਨ? ਅਖੀਰ ਜਦੋਂ ਨਾ ਮੰਨਿਆ ਤਾਂ ਜਿਹੜੇ ਬ੍ਰਾਹਮਣ ਸੀਗੇ ਉਹ ਕਹਿਣ ਲੱਗੇ, ਭਾਈ! ਜੇ ਤੂੰ ਨਹੀਂ ਮੰਨਣਾ, ਫੇਰ ਤੂੰ ਇਸ ਤਰ੍ਹਾਂ ਕਰ, ਇਸ਼ਨਾਨ ਤਾਂ ਕਰ ਆ। ਸਰੋਵਰ ਹੈ ਸਾਮ੍ਹਣੇ। ਜਦੋਂ ਉਹ ਇਸ਼ਨਾਨ ਕਰਨ ਲੱਗਿਆ, ਟੁੱਭੀ ਮਾਰੀ। ਉਹ ਵਾਤਾਵਰਣ ਸਾਰਾ ਹੀ ਗਾਇਬ ਹੋ ਗਿਆ। ਕ੍ਰਿਸ਼ਨ ਮਹਾਰਾਜ ਆ ਗਏ। ਕਹਿਣ ਲੱਗੇ, ਅਰਜਨ! ਕੀ ਸੋਚਦੈਂ? ਕਹਿੰਦੇ, ਮੈਨੂੰ ਨਹੀਂ ਪਛਾਣਦਾ, ਮੈਂ ਕ੍ਰਿਸ਼ਨ ਹਾਂ? ਕਹਿੰਦਾ, ਕ੍ਰਿਸ਼ਨ ਨੂੰ ਤਾਂ 300 ਸਾਲ ਹੋ ਗਿਆ। ਅਰਜਨ ਮਰੇ ਨੂੰ ਵੀ 300 ਸਾਲ ਹੋ ਗਏ। ਮੈਂ ਤਾਂ ਪਰਦੇਸੀ ਹਾਂ। ਉਹ ਕਹਿੰਦੇ, ਅਸੀਂ ਤੇਰੇ 'ਤੇ ਮਾਇਆ ਪਾਈ ਹੈ। ਤੂੰ ਕਹਿੰਦਾ ਸੀ, ਮਾਇਆ ਪਾ ਕੇ ਦਿਖਾਓ। ਕਹਿੰਦਾ, ਉਹ ਤਾਂ ਮੈਂ ਸਾਖੀ ਸੁਣੀ ਹੈ ਸਾਰੀ ਮਾਇਆ ਵਾਲੀ। ਪਰ ਮੈਂ ਤਾਂ ਪਰਦੇਸੀ ਹਾਂ, ਅਰਜਨ ਨਹੀਂ ਹੈਗਾ ਤੇ ਤੂੰ ਕ੍ਰਿਸ਼ਨ ਨਹੀਂ ਹੈਗਾ। ਕ੍ਰਿਸ਼ਨ ਨੂੰ ਤਾਂ ਬੱਧਕ ਨੇ ਬਾਣ ਮਾਰਿਆ ਸੀ, ਉਸ ਨਾਲ ਉਹ ਜੋਤੀ ਜੋਤ ਸਮਾਅ ਗਏ ਸੀ। ਮੈਂ ਸਾਰਾ ਪਰਿਵਾਰ ਲੈ ਕੇ ਆਇਆ ਸੀ। ਹਸਤਨਾਪੁਰ ਦੇ ਅੰਦਰ ਅਰਜਨ ਲੈ ਕੇ ਆਇਆ ਸੀ, ਇਹ ਗੱਲਾਂ ਤਾਂ ਮੈਂ ਸਾਰੀਆਂ ਸੁਣ ਲਈਆਂ ਤੇ ਮੈਂ ਅਰਜਨ ਨਹੀਂ ਹਾਂ।

ਕਹਿੰਦੇ, ਅਰਜਨ! ਤੂੰ ਐਨਾ ਭੁੱਲ ਗਿਆ ਮੈਨੂੰ ਵੀ ਤੇ ਆਪਣੇ ਆਪ ਨੂੰ ਵੀ?

ਕਹਿਣ ਲੱਗਿਆ, ਤੁਸੀਂ ਮੇਰਾ ਖਹਿੜਾ ਛੱਡੋ। ਤੁਸੀਂ ਆਪਣੀ ਕਿਤੇ ਹੋਰ ਗੱਲਬਾਤ ਕਰੋ। ਮੇਰੇ ਨਾਲ ਨਾ ਗੱਲ ਕਰੋ, ਮੇਰੀ ਘਰਵਾਲੀ ਚੜ੍ਹਾਈ ਕਰ ਗਈ ਹੈ। ਮੈਂ ਤਾਂ ਨਾਲ ਜਾ ਕੇ ਸਤੀ ਹੋਣੈ ਉਹਦੇ। ਉਹ ਬਥੇਰਾ ਸਮਝਾਉਂਦੇ ਨੇ। ਊਧੋ ਸਮਝਾਉਂਦੈ। ਕਿਸੇ ਦੀ ਗੱਲ ਨਹੀਂ ਮੰਨਦਾ।

ਅਖੀਰ ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਥੱਪੜ ਮਾਰਿਆ ਮੂੰਹ 'ਤੇ, ਮਾਇਆ ਲਾਹ ਦਿਤੀ। ਆਲਾ-ਦੁਆਲਾ ਸਭ ਬਦਲ ਗਿਆ। ਕੀ ਦੇਖਦੈ, ਪਾਣੀ ਲੈਣ ਆਇਆ ਸੀ। ਕਹਿੰਦੇ, ਅਰਜਨ! ਤੂੰ ਪਾਣੀ ਲੈ ਕੇ ਨਹੀਂ ਆਇਆ, ਕੀ ਸੋਚਣ ਲਗ ਗਿਆ ਖੜ੍ਹ ਕੇ? ਯਾਨਿ ਇਕ ਮਿੰਟ ਦੇ ਅੰਦਰ-ਅੰਦਰ 400 ਸਾਲ ਲੰਘਾ ਦਿਤੇ, ਜਿਵੇਂ ਮੰਡੀ ਸਕੇਤ ਦੇ ਰਾਜੇ ਨੂੰ ਪੰਜਵੇਂ ਪਾਤਸ਼ਾਹ ਨੇ ਸੁਪਨੇ ਦੇ ਵਿਚ 400 ਸਾਲ ਦਾ ਚੰਡਾਲਾਂ ਦੇ ਘਰ ਦਾ ਜੀਵਨ ਬਤੀਤ ਕਰਾ ਦਿਤਾ ਸੀ।

ਉਸ ਵੇਲੇ ਇਹਨਾਂ ਨੇ ਕ੍ਰਿਪਾ ਕਰਕੇ ਬੁਲਾਇਆ। ਕਹਿੰਦੇ, ਦੇਖਿਆ ਨਾਲੇ ਮੈਨੂੰ ਭੁੱਲ ਗਿਆ ਤੂੰ, ਨਾਲੇ ਆਪ ਨੂੰ ਭੁੱਲ ਗਿਆ। ਇਹ ਕੰਮ ਮਾਇਆ ਦਾ ਹੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੁਮਰੇ ਚਰਨ ਬਿਸਾਰੇ ਜੀ,*
*ਇਨ ਮਾਇਆ ਜਗਦੀਸ ਗੁਸਾਈਂ।*

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰਰੇ ਚਰਨ ਬਿਸਾਰੇ॥*
*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ*
*ਜਨ ਕਹਾ ਕਰਹਿ ਬੇਚਾਰੇ ॥* *ਅੰਗ- ੮੫੭*

ਕਹਿੰਦੇ, ਭੋਰਾ ਜਿੰਨਾ ਵੀ ਪਿਆਰ ਨਹੀਂ ਰੱਬ ਨਾਲ ਪੈਦਾ ਹੁੰਦਾ। ਦੇਖਣ ਵਾਲੀਆਂ ਚੀਜ਼ਾਂ, ਮਾਇਆ ਨਾਲ ਪਿਆਰ। ਮਾਇਆ ਪੈਸੇ ਟਕੇ ਨੂੰ ਨਹੀਂ ਕਹਿੰਦੇ, ਵਾਹਿਗੁਰੂ ਤੋਂ ਬਗੈਰ ਜਿੰਨਾਂ ਕੁਛ ਦਿਸਦੈ, ਜਿੰਨਾਂ ਕੁਛ ਸੁਣਦੈ, ਜਿੰਨਾਂ ਕੁਛ ਜਾਣਿਆ ਜਾ ਸਕਦੈ, ਜਿੰਨਾਂ ਨੂੰ ਛੋਹ ਸਕਦੇ ਹਾਂ, ਜਿੰਨੇ ਦੀ ਸੁਗੰਧੀ ਲੈ ਸਕਦੇ ਹਾਂ, ਉਸ ਤੋਂ ਬਗੈਰ ਜਿੰਨੀਆਂ ਚੀਜ਼ਾਂ ਨੇ ਸਾਰੀ ਹੀ ਮਾਇਆ ਕਹਾਉਂਦੀ ਹੈ। ਇਹ ਮੋਟੀਆਂ ਨੇ ਲੇਕਿਨ ਮਾਇਆ ਤਾਂ ਸ਼ਕਤੀ ਹੈ। ਨਿਰਗੁਣ ਸ਼ਕਤੀ ਜਿਹੜੀ ਹੈ ਉਹ ਬੰਦੇ ਦੇ ਮਨ ਉਤੇ ਅਸਰ ਪਾਉਂਦੀ ਹੈ। ਬੰਦਾ ਨਹੀਂ ਸਮਝ ਸਕਦਾ, ਜਿੰਨਾਂ ਜੀਅ ਕਰਦੈ ਸਮਝਾ ਲਓ। ਮਹਾਰਾਜ! ਕਹਿੰਦੇ ਬੰਦਾ ਨਾ ਤਾਂ ਆਪਣੇ ਆਪ ਨੂੰ ਸਮਝਦੈ ਕਿ ਮੈਂ ਕੌਣ ਹਾਂ, ਨਾ ਰੱਬ ਨਾਲ ਇਹਦੀ ਪ੍ਰੀਤੀ ਪੈਂਦੀ ਹੈ।

ਨਾ ਨਾਮ ਜਪਦੈ। ਹਾਲਾਂਕਿ ਕਿ ਸਾਧੂ ਸੰਤ ਬੋਲਦੇ-ਬੋਲਦੇ ਬੇਅੰਤ ਗੱਲਾਂ ਨਾਲ ਸਮਝਾਉਂਦੇ ਨੇ ਪਰ ਇਹਦੀ ਸਮਝ 'ਚ ਨਹੀਂ ਪੈਂਦੀ। ਅਸਰ ਹੀ ਐਸਾ ਹੈ ਉਸਦਾ, ਐਸੀ ਚੀਜ਼ ਹੈ। ਨਾ ਇਸ ਜਗਤ ਦਾ ਪਤਾ ਲੱਗੇ।

ਰਾਜੇ ਜਨਕ ਬਾਰੇ ਭਾਈ ਗੁਰਦਾਸ ਜੀ ਨੇ ਲਿਖਿਆ ਹੈ -

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ।     ਭਾਈ ਗੁਰਦਾਸ ਜੀ*

ਉਹ ਰਹਿੰਦਾ ਮਾਇਆ ਵਿਚ ਸੀ ਲੇਕਿਨ ਬੇਲਾਗ (detached) ਸੀਗਾ। ਉਸ 'ਤੇ ਅਸਰ ਨਹੀਂ ਸੀ ਕੋਈ ਮਾਇਆ ਦਾ। ਉਹਦੇ ਬਾਰੇ ਐਸਾ ਦਸਦੇ ਨੇ ਕਿ ਜਿਸ ਵਕਤ ਇਹ ਸਿੱਧ ਲੋਕਾਂ ਦੀ ਸਭਾ ਵਿਚ ਬੈਠਾ ਹੈ। ਉਥੇ ਮਾਇਆ ਦੀ ਗੱਲ ਚੱਲ ਪਈ। ਇਹਨੇ ਇਤਰਾਜ਼ ਕਰਿਆ ਕਿ ਮਾਇਆ ਬਿਲਕੁਲ ਨਹੀਂ ਭੁਲਾ ਸਕਦੀ। ਉਹ ਕਹਿੰਦੇ, ਪੈਰ-ਪੈਰ 'ਤੇ ਮਾਇਆ ਭੁਲਾਉਂਦੀ ਹੈ ਰਾਜਨ। ਜਿਸ ਵਕਤ ਮਾਂ ਦੇ ਪੇਟ 'ਚ ਬੱਚਾ ਹੁੰਦੈ ਜੀਵ, ਉਥੇ ਪ੍ਰਮੇਸ਼ਰ ਦੀ ਐਸੀ ਕ੍ਰਿਪਾ ਹੁੰਦੀ ਹੈ ਕਿ ਇਹਦੀ ਸੁਰਤੀ ਸੁਖਮਨਾ ਨਾੜੀ ਦੇ ਵਿਚ ਪ੍ਰਵੇਸ਼ ਕੀਤੀ ਹੁੰਦੀ ਹੈ ਜਿਹੜੀ ਦਸਵੇਂ ਦੁਆਰ ਨੂੰ ਜਾਂਦੀ ਹੈ। ਉਸ ਵੇਲੇ ਉੱਤਮ ਗਤੀ ਹੁੰਦੀ ਹੈ, ਜਿਹਦੇ ਆਸਰੇ ਨਾ ਇਹਨੂੰ ਅੱਗ ਦਾ ਦੁਖ ਹੁੰਦਾ ਹੈ, ਨਾ ਪੁੱਠੇ ਲਟਕਣ ਦਾ, ਲੇਕਿਨ 100 ਜਨਮ ਇਹ ਦੇਖ ਰਿਹਾ ਹੁੰਦੈ, ਤਮਾਸ਼ਾ। ਇਕ ਧੁਨ ਇਹਦੇ ਨਾਲ ਹਰ ਵਕਤ ਚਲਦੀ ਹੈ ਮਾਂ ਦੇ ਪੇਟ 'ਚ। ਉਸ ਧੁਨ ਦੀ ਮਸਤੀ ਦੇ ਵਿਚ ਮਸਤ ਹੋਇਆ ਦੁਖ ਨਹੀਂ ਮੰਨਦਾ। ਲੇਕਿਨ ਉਥੇ ਬਾਰ-ਬਾਰ ਪ੍ਰਾਰਥਨਾਂ ਕਰਦੈ ਕਿ ਹੇ ਪ੍ਰਭੂ! ਤੂੰ ਮੈਨੂੰ ਇਥੋਂ ਕੱਢ ਲੈ, ਮੈਂ ਤੇਰਾ ਨਾਮ ਜਪਾਂਗਾ। ਮੈਂ ਬੜਾ ਔਖਾ ਹਾਂ। ਜਵਾਬ ਆਉਂਦੈ ਕਿ ਤੂੰ ਝੂਠਾ ਹੈਂ, ਤੂੰ ਕਿਹੜਾ ਇਕ ਵਾਰੀ ਮਨੁੱਖ ਬਣਿਐਂ, ਸੈਂਕੜੇ ਵਾਰੀ ਬਣਿਐ। ਉਥੇ ਜਾ ਕੇ ਕਰਦਾ ਕੀ ਹੈਂ, ਦੁਨੀਆਂ ਵਿਚ ਜਦੋਂ ਪੈਦਾ ਹੋ ਜਾਂਦੈ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥  ਅੰਗ- ੨੬੮*

ਇਕ ਵਾਰੀ ਤਾਂ ਨਹੀਂ ਤੈਨੂੰ ਮਨੁੱਖ ਬਣਾਇਆ। ਵਾਰੀ ਆਉਂਦੀ ਹੈ, 84 ਲੱਖ ਜੂਨਾਂ ਤੋਂ ਬਾਅਦ, ਫੇਰ ਤੈਨੂੰ ਮਨੁੱਖ ਬਣਾ ਦਿੰਦਾ ਹਾਂ। ਪਰ ਤੇਰੇ ਵਰਗਾ ਵਾਅਦਾ ਫਰਾਮੋਸ਼ ਨਹੀਂ ਹੈ ਕੋਈ। ਜਾਹ, ਕੋਈ ਜ਼ਮਾਨਤੀ ਲਿਆ। ਅਕਾਸ਼ ਨੂੰ ਪੁਛਿਆ। ਉਹ ਕਹਿੰਦਾ, ਮੇਰਾ ਤਾਂ ਵਜੂਦ ਹੀ ਕੋਈ ਨਹੀਂ। ਮੈਂ ਤੇਰੀ ਕੀ ਜ਼ਮਾਨਤ ਦੇਵਾਂ, ਅਰ ਝੂਠਾ ਹੈਂ ਤੂੰ ਹੱਦ ਦਰਜੇ ਦਾ। ਤੇਰੇ ਵਰਗਾ ਤਾਂ ਮਾੜਾ ਦੁਨੀਆਂ 'ਚ ਹੈ ਹੀ ਨਹੀਂ। ਪਸ਼ੂ, ਪੰਛੀ ਵੀ ਨਹੀਂ, ਉਹ ਵੀ ਆਪਣੇ ਅਸੂਲਾਂ 'ਤੇ ਕਾਇਮ ਨੇ। ਤੂੰ ਬੇਅਸੂਲੀ ਕਰਦੈਂ। ਅੱਗ ਨੂੰ ਪੁਛਿਆ ਕਿ ਅਗਨ ਦੇਵਤਾ ਤੂੰ ਮੇਰੀ ਹਾਮੀ ਭਰ ਦੇ। ਉਹ ਕਹਿਣ ਲੱਗਿਆ ਕਿ ਮੈਂ ਫਸਣੈਂ, ਨਿਰੰਕਾਰ ਕੋਲ। ਤੇਰੀ ਹਾਮੀ ਭਰ ਕੇ। ਪਉਣ ਨੂੰ ਪੁਛਿਆ ਉਹਨੇ ਜਵਾਬ ਦੇ ਦਿਤਾ। ਮਿੱਟੀ ਨੂੰ ਪੁਛਿਆ, ਉਹ ਕਹਿੰਦੀ ਕਿ ਤੂੰ ਤਾਂ ਮੇਰੇ ਤੋਂ ਨੱਠਿਆ ਹੀ ਜਾਨੈਂ, ਜੇ ਮੈਂ ਜ਼ਰਾ ਕੁ ਤੇਰੇ ਕੱਪੜਿਆਂ 'ਤੇ ਪੈ ਗਈ। ਧੋਣ ਜਾਂਦੈ, ਤੇਰਾ ਮੇਰਾ ਕੀ ਸਾਥ। ਪਾਣੀ ਰਹਿ ਗਿਆ। ਕਹਿੰਦਾ, ਵਰੁਣ ਦੇਵਤਾ ਦੇਖ, ਕ੍ਰਿਪਾ ਕਰ ਮੇਰੇ 'ਤੇ। ਮੈਂ ਜ਼ਰੂਰ ਨਾਮ ਜਪਾਂਗਾ। ਉਹ ਕਹਿੰਦਾ, ਤੂੰ ਹੈਂ ਝੂਠਾ, ਤੂੰ ਬਿਲਕੁਲ ਨਹੀਂ ਜਪਣਾ। ਕਿਉਂਕਿ ਤੇਰੇ ਪੈਦਾ ਹੁੰਦੇ ਸਾਰ ਹੀ ਤੇਰੀ ਸੁਰਤੀ ਦਸਮ ਦੁਆਰ 'ਚ ਨਹੀਂ ਰਹਿਣੀ। ਇਹ ਆ ਜਾਣੀ ਹੈ ਸਰੀਰ ਵਿਚ। ਮੁੜ ਕੇ ਤੂੰ ਨਾਮ ਨੂੰ ਵੀ ਭੁੱਲ ਜਾਣੈ ਤੇ ਆਹ ਗੱਲਾਂ ਨੂੰ ਵੀ ਭੁੱਲ ਜਾਣੈ। ਤੈਨੂੰ ਸਾਧੂ ਸੰਤ ਯਾਦ ਕਰਾਉਣਗੇ। ਤੂੰ ਵਿਸ਼ਵਾਸ਼ ਹੀ ਨਹੀਂ ਕਰਨਾ, ਉਹਨਾਂ ਦੀ ਗੱਲ ਨੂੰ ਕਹਿਣੈ, ਐਵੇਂ ਮਾਰਦੇ ਨੇ ਇਹ। ਹੁਣ ਰਹਿ ਗਿਆ ਮੈਂ ਹੀ ਜ਼ਮਾਨਤ ਵਾਸਤੇ। ਮੈਂ ਤੇਰੀ ਸ਼ਰਤ ਰਖ ਕੇ ਜ਼ਮਾਨਤ ਦੇਵਾਂਗਾ। ਆਗਿਆ ਹੋਈ ਕਿ ਕੀ ਦੇਣੀ ਚਾਹੁੰਦੈ ਸ਼ਰਤ ਰਖ ਕੇ ਜ਼ਮਾਨਤ? ਉਹ ਕਹਿੰਦਾ, ਮਹਾਰਾਜ! ਸੱਚੇ ਪਾਤਸ਼ਾਹ! ਇਹ ਜੀਵ ਹੈ ਬੇਇਤਬਾਰਾ ਪਰ ਮੈਂ ਐਨੀ ਜ਼ਮਾਨਤ ਦਿੰਦਾਂ ਕਿ ਜਦੋਂ ਇਹ ਪਾਣੀ ਭਰ ਕੇ ਇਸ਼ਨਾਨ ਕਰਨ ਵੇਲੇ ਆਪਣੇ ਸਰੀਰ ਦੇ ਉਤੇ ਕੱਪ ਪਾਏਗਾ, ਇਕ ਵਾਰੀ ਮੈਂ ਇਹਦੇ ਮੂੰਹ 'ਚੋਂ ਵਾਹਿਗੁਰੂ, ਅੱਲਾਹ, ਰਾਮ, ਗੋਬਿੰਦ, ਨਾਰਾਇਣ ਕਹਾ ਦੂੰ, ਅਗਾਂਹਾਂ ਇਹ ਜਾਣੇ ਇਹਦਾ ਕੰਮ। ਐਨੀ ਲੰਗੜੀ ਜ਼ਮਾਨਤ ਦੇ ਉਤੇ ਅਸੀਂ ਸਰੀਰ ਧਾਰਨ ਕਰਿਐ। ਲੇਕਿਨ ਹੁੰਦਾ ਕੀ ਹੈ ਮਹਾਰਾਜ ਕਹਿੰਦੇ -

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ*
*ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*
*ਲਿਵ ਛੁੜਕੀ ਲਗੀ ਤ੍ਰਿਸਨਾ*
*ਮਾਇਆ ਅਮਰੁ ਵਰਤਾਇਆ ॥          ਅੰਗ - ੯੨੧*

ਉਹ ਜਿਹੜੀ ਨਾਮ ਦੀ ਧੁਨ ਅੰਦਰ ਸੁਣਦੀ ਸੀ ਉਹ ਟੁੱਟ ਗਈ ਪੈਦਾ ਹੁੰਦੇ ਸਾਰ ਤੇ ਹੁਣ ਖਿਆਲ ਕਿਧਰ ਚਲਿਆ ਗਿਆ -

*ਪਹਿਲੈ ਪਿਆਰਿ ਲਗਾ ਥਣ ਦੁਧਿ ॥*
*ਦੂਜੈ ਮਾਇ ਬਾਪ ਕੀ ਸੁਧਿ ॥*
*ਤੀਜੈ ਭਯਾ ਭਾਭੀ ਬੇਬ ॥*
*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*

*ਅਠਵੈ ਕ੍ਰੋਧੁ ਹੋਆ ਤਨ ਨਾਸੁ ॥* *ਅੰਗ- ੧੩੨*

ਕਹਿੰਦੇ, ਇਹਦੇ ਵਿਚ ਜੀਵਨ ਮਾਇਆ ਦੇ ਵਿਚ ਪੈ ਜਾਂਦੈ। ਉਹ ਜਿਹੜੀ ਧੁਨ ਸੁਣਦੀ ਸੀ ਨਾਮ ਦੀ ਉਹਨੂੰ ਤਾਂ ਭੁੱਲ ਗਿਆ। ਕਹਿੰਦੇ, ਜੀ ਬੱਚਾ ਰੋਂਦੈ। ਅਚਾਨਕ ਰੋਣ ਲੱਗ ਜਾਂਦੈ। ਉਹ ਤਾਂ ਰੋਂਦੇ ਸਵਾ ਮਹੀਨਾ ਉਹਦੇ ਅੰਦਰ ਧੁਨ ਫੇਰ ਰਹਿੰਦੀ ਹੈ, ਪੈਦਾ ਹੋਣ ਤੋਂ ਬਾਅਦ ਵੀ। ਜਦੋਂ ਇਹਦੀ ਸੁਰਤੀ ਫੈਲਣ ਲਗਦੀ ਹੈ, ਉਹ ਟੁੱਟ ਜਾਂਦੀ ਹੈ। ਫੇਰ ਰੋਣ ਲਗ ਜਾਂਦੈ, ਜਦੋਂ ਧੁਨ ਚਲ ਪੈਂਦੀ ਹੈ, ਫੇਰ ਹੱਥ ਵੀ ਮਾਰੂ, ਪੈਰ ਵੀ ਮਾਰੂ। ਖੇਲ੍ਹਦਾ ਹੈ ਫੇਰ ਇਹ ਬਹੁਤ ਜ਼ੋਰ ਨਾਲ ਧੁਨ ਦੀ ਮਸਤੀ ਦੇ ਅੰਦਰ। ਹੁੰਦਾ ਕੀ ਹੈ, ਵਿਸਰ ਗਿਆ -

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ- ੨੫੧*

ਭੁੱਲ ਗਿਆ ਪ੍ਰਮੇਸ਼ਰ ਨੂੰ, ਮਾਇਆ ਦਾ ਜਾਲ ਪੈ ਗਿਆ। ਮਹਾਰਾਜ ਕਹਿੰਦੇ, ਬਗੈਰ ਦੰਦਾਂ ਤੋਂ ਸੰਸਾਰ ਖਾ ਲਿਆ -

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਅੰਗ - ੬੪੩*

ਜਿਹੜਾ ਰਾਜਾ ਜਨਕ ਸੀ। ਸਾਧੂ ਐਸੇ ਬਚਨ ਕਰਦੇ ਨੇ ਕਹਿੰਦਾ, ਨਹੀਂ ਮਾਇਆ ਕੋਈ ਅਸਰ ਨਹੀਂ ਕਰ ਸਕਦੀ। ਉਹ ਕਹਿੰਦੇ, ਰਾਜਨ! ਮਾਇਆ ਤਾਂ ਵੱਡਿਆਂ-ਵੱਡਿਆਂ ਦੇ ਗੋਡੇ ਲਵਾ ਦਿੰਦੀ ਹੈ, ਤੂੰ ਕੀ ਚੀਜ਼ ਹੈਂ। ਕਹਿੰਦਾ, ਨਹੀਂ ਮਾਇਆ ਮੇਰੇ ਉਪਰ ਨਹੀਂ ਅਸਰ ਕਰ ਸਕਦੀ। ਮੈਂ ਸੰਤ ਸੇਵੀ ਹਾਂ। ਮੈਂ ਵੇਦਾਂ ਦਾ ਪਾਠ ਸੁਣਦਾ ਹਾਂ। ਉਹ ਕਹਿੰਦੇ, ਉਹ ਤਾਂ ਕਿਤੇ ਦੇ ਕਿਤੇ ਜਾਣਗੇ, ਜਦੋਂ ਮਾਇਆ ਪੈ ਗਈ। ਚੰਗਾ, ਤੂੰ ਸੇਵਾ ਸਾਧੂਆਂ ਦੀ ਕੀਤੀ ਹੈ ਤੇਰੇ ਉਪਰ ਅਸੀਂ ਸਖ਼ਤ ਮਾਇਆ ਤਾਂ ਨਹੀਂ ਪਾਉਂਦੇ ਕਿ ਜਨਮ ਦਰ ਜਨਮ ਤੇਰਾ ਲੰਘ ਜਾਵੇ। ਪਰ ਅੱਠ ਸਾਲ ਤੈਨੂੰ ਬੜਾ ਦੁਖ ਸਹਿਣਾ ਪਵੇਗਾ। ਕਹਿੰਦੇ, ਜਾਹ ਤੂੰ।

ਸਾਧੂਆਂ ਨੇ ਤੋਰ ਦਿਤਾ। ਕਿਉਂਕਿ ਸਾਧੂ ਬੇਪਰਵਾਹ ਹੁੰਦੇ ਨੇ ਸਾਧਸੰਗਤ ਜੀ। ਕਹਿੰਦੇ ਨੇ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ- ੧੮੬*

ਦਰਗਾਹ ਮੰਨਦੀ ਹੈ, ਧਰਮਰਾਜਾ ਮੰਨਦੈ। ਲੇਖ ਲਿਖਣ ਵਾਲੇ ਮੰਨਦੇ ਨੇ, ਉਹਦੀ ਨਿਗ੍ਹਾ ਥੱਲੇ ਕੌਣ ਆਉਂਦੈ? ਮਹਾਰਾਜ ਕਹਿੰਦੇ, ਉਹ ਤਾਂ ਆਪਣੀ ਮੌਜ ਦੇ ਵਿਚ ਆਪ ਹੀ ਹੁੰਦੇ ਨੇ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਰੰਗ ਹਸਦੇ, ਰੰਗ ਰੋਂਦੇ,*
*ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।*

*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥*
*ਅੰਗ- ੪੭੩*

ਜਿਹਦੀ ਪ੍ਰਮੇਸ਼ਰ ਨਾਲ ਬਣ ਆਵੇ, ਉਹਨੂੰ ਕੀ ਲੋੜ ਹੈ ਦੁਨੀਆਂ ਦੀ। ਬਾਦਸ਼ਾਹੀਆਂ ਤਾਂ ਉਹਦੇ ਚਰਨਾਂ 'ਚ ਰੁਲਦੀਆਂ ਫਿਰਦੀਆਂ ਨੇ। ਉਹ ਨਹੀਂ ਚਾਹੁੰਦਾ ਕਿ ਫਲਾਣਾ ਵਜ਼ੀਰ ਆ ਰਿਹੈ, ਜਾ ਕੇ ਲੈ ਕੇ ਆਵਾਂ। ਆਪੇ ਹੀ ਆ ਕੇ ਮੱਥੇ ਟੇਕਦੈ। ਵੱਡੇ ਤੋਂ ਵੱਡੇ ਜਿਹੜੇ ਆਪਣੇ ਆਪ ਨੂੰ ਕਹਾਉਂਦੇ ਨੇ ਕਿਉਂਕਿ ਉਹਨੂੰ ਨਹੀਂ ਪਰਵਾਹ ਹੁੰਦੀ, ਉਹਦਾ ਨਿਰੰਕਾਰ ਨਾਲ ਸਿੱਧਾ ਰਿਸ਼ਤਾ ਹੁੰਦੈ। ਉਹ ਨਿਗ੍ਹਾ ਥੱਲੇ ਨਹੀਂ ਕਿਸੇ ਨੂੰ ਵੀ ਲਿਆਉਂਦਾ। ਬਾਕੀ ਉਹਦੇ ਵਿਚ ਨਿਰਮਾਨਤਾ ਹੁੰਦੀ ਹੈ, ਪਿਆਰ ਕਰਦੈ, ਅਭਿਮਾਨ ਵਿਚ ਨਹੀਂ ਆਉਂਦਾ। ਲੇਕਿਨ ਅੰਦਰੋਂ ਬੇਗਰਜ਼ ਹੁੰਦੈ। ਕੋਈ ਗਰਜ਼ ਨਹੀਂ ਹੁੰਦੀ। ਕੋਈ ਇਹ ਨਹੀਂ ਹੁੰਦਾ ਕਿ ਫਲਾਣੇ ਥਾਂ ਜਾਈਏ, ਫਾਇਦਾ ਹੋ ਜਾਏਗਾ। ਜਿਹੜਾ ਇਹ ਗੱਲਾਂ ਸੋਚਦੈ ਉਹ ਸਾਧੂ ਨਹੀਂ ਹੋਇਆ ਕਰਦਾ। ਸੋ ਇਸ ਤਰ੍ਹਾਂ ਉਹਨਾਂ ਨੇ ਕਿਹਾ ਕਿ ਰਾਜਾ ਜਨਕ! ਜਾਹ।

ਥੋੜ੍ਹੇ ਸਮੇਂ ਤੋਂ ਬਾਅਦ ਇਕ ਦਿਨ ਗਰਮੀ ਦਾ ਮਹੀਨਾ ਹੈ ਤੇ ਪ੍ਰਸ਼ਾਦਾ ਛਕ ਕੇ ਥੋੜ੍ਹਾ ਬਿਰਾਜਮਾਨ ਹੋਣ ਲੱਗਿਐ। ਪੱਖੇ ਝੱਲੇ ਜਾ ਰਹੇ ਨੇ, ਖਸ ਦੀਆਂ ਟਟੀਆਂ ਦੇ ਵਿਚ ਠੰਢੀ ਹਵਾ ਆਉਂਦੀ ਹੈ। ਨੀਂਦ ਆ ਗਈ। ਨੀਂਦ ਵਿਚ ਇਕ ਭਿਆਨਕ ਸੁਪਨਾ ਦੇਖਣ ਲਗ ਗਿਆ। ਸੁਪਨੇ 'ਚ ਕੀ ਦੇਖਦੈ ਕਿ ਕੋਈ ਵੱਡਾ ਭਾਰੀ ਪਾਪ ਹੋ ਗਿਆ, ਮਾੜਾ ਕਰਮ ਹੋ ਗਿਆ। ਸਾਰੇ ਰਾਜ ਵਿਚ ਨਿੰਦਿਆ ਚਲ ਪਈ। ਬੜਾ ਮਾੜਾ ਕੰਮ ਕਰਿਐ ਕਿ ਇਹ ਰਾਜਾ ਨਹੀਂ ਚੰਗਾ। ਉਹਨਾਂ ਨੇ ਨਾਲ ਦੇ ਰਾਜੇ ਨੂੰ ਕਹਿ ਕੇ, ਸਾਰੇ ਅਮੀਰਾਂ ਵਜ਼ੀਰਾਂ ਨੇ ਫੌਜਾਂ ਚੜ੍ਹਾ ਦਿਤੀਆਂ। ਇਹਦੀਆਂ ਫੌਜਾਂ ਬਹੁਤ ਜ਼ੋਰ ਨਾਲ ਲੜੀਆਂ ਲੇਕਿਨ ਹਾਰ ਖਾ ਗਿਆ। ਜਿਹੜੇ ਸ਼ਹਿਰ ਦੇ ਪੰਚ ਸੀ ਉਹਨਾਂ ਸਾਰਿਆਂ ਨੂੰ ਨਵੇਂ ਰਾਜੇ ਨੇ ਕਿਹਾ ਕਿ ਇਹ ਬੜਾ ਪਾਪੀ ਰਾਜਾ ਹੈ ਇਹਨੂੰ ਸਖ਼ਤ ਸਜ਼ਾ ਦਿਓ। ਉਸ ਵੇਲੇ ਆ ਕੇ ਰਾਣੀਆਂ ਤੇ ਸਭ ਚੀਜ਼ਾਂ ਦੇ ਉਤੇ ਨਵੇਂ ਰਾਜੇ ਨੇ ਕਬਜ਼ਾ ਕਰ ਲਿਆ ਤੇ ਨਾਲ ਕਿਹਾ ਕਿ ਇਸ ਨੂੰ ਇਕ ਲੰਗੋਟੀ ਪਹਿਨਾਅ ਕੇ, ਨਗਨ ਕਰਕੇ, ਨੰਗੇ ਪੈਰੀਂ ਰਾਜ 'ਚੋਂ ਕੱਢ ਦਿਓ। ਕੋਈ ਬੰਦਾ ਇਹਨੂੰ ਪਾਣੀ ਨਾ ਦੇਵੇ, ਜਿਹੜਾ ਦੇਵੇਗਾ ਉਹਦਾ ਹਾਲ ਵੀ ਐਸਾ ਹੀ ਹੋਏਗਾ। ਰੋਟੀ ਨਾ ਕੋਈ ਦੇਵੇ, ਕਿੰਨੀਆਂ ਹੀ ਇਹ ਮਿੰਨਤਾਂ

ਕਰੇ। ਇਹਦੇ ਵਿਪਰੀਤ ਜਿਹੜਾ ਇਹਨੂੰ ਇੱਟ ਵੱਟੇ ਮਾਰੇਗਾ, ਨਿਰਾਦਰ ਕਰੇਗਾ ਇਹਦਾ, ਉਹਨੂੰ ਅਸੀਂ ਇਨਾਮ ਦੇਵਾਂਗੇ। ਕੰਮ ਸ਼ੁਰੂ ਹੋ ਗਿਆ। ਜੇਠ ਦਾ ਮਹੀਨਾ ਸੀ। ਨੰਗੇ ਪੈਰੀਂ ਜਾਂਦੈ। ਕਦੇ ਤੁਰਿਆ ਨਹੀਂ ਸੀ। ਬਹੁਤ ਦੁਖੀ ਹੋ ਕੇ ਪੁਕਾਰਾਂ ਕਰਦੈ। ਪਾਣੀ ਦੀ ਪਿਆਸ ਲੱਗੀ ਹੋਈ ਹੈ, ਜਾਨ ਨਿਕਲਦੀ ਜਾਂਦੀ ਹੈ। ਕੋਈ ਪਾਣੀ ਨਹੀਂ ਦਿੰਦਾ। ਕੋਈ ਠਹਿਰਨ ਨਹੀਂ ਦਿੰਦਾ। ਬੱਚੇ ਜਿਹੜੇ ਨੇ ਉਹ ਮਗਰ ਪਏ ਹੋਏ ਨੇ ਕਿ ਪਾਗਲ ਜਾ ਰਿਹੈ। ਇੱਟਾਂ, ਵੱਟੇ ਮਾਰਦੇ ਨੇ। ਨੱਠਿਆ ਜਾਂਦੈ। ਪਾਗਲਾਂ ਵਾਲਾ ਹਾਲ ਕਰ ਦਿਤਾ ਉਹਦਾ। ਜੰਗਲ 'ਚ ਪਹੁੰਚ ਜਾਂਦੈ, ਪੈਣ ਨੂੰ ਥਾਂ ਨਹੀਂ, ਦਰਖੱਤਾਂ 'ਤੇ ਚੜ੍ਹ ਕੇ ਰਾਤ ਕੱਟਦੈ। ਦੋ-ਤਿੰਨ ਦਿਨ ਲਗਾਤਾਰ ਇਸ ਤਰ੍ਹਾਂ ਹੁੰਦੀ। ਬਹੁਤ ਦੁਖੀ ਹੁੰਦੈ, ਭੁੱਖਾ, ਪਿਆਸਾ ਅਗਲੇ ਰਾਜ 'ਚ ਚਲਿਆ ਗਿਆ। ਉਥੇ ਜਾ ਕੇ ਬੈਠ ਗਿਆ। ਉਥੇ ਇਕ ਕਾਫਲਾ ਜਾਂਦਾ ਸੀ। ਉਹਨਾਂ ਤੋਂ ਮੰਗਣਾ ਸ਼ੁਰੂ ਕਰ ਦਿਤਾ ਕਿ ਮੈਂ ਬੜਾ ਦੁਖੀ ਹਾਂ। ਮੈਂ ਕੱਲ੍ਹ ਤਕ ਰਾਜਾ ਸੀ, ਅੱਜ ਮੇਰਾ ਇਹ ਹਾਲ ਹੋ ਗਿਆ। ਭੁੱਖਾ ਮਰਿਆ ਪਿਆਂ, ਮੈਨੂੰ ਕੁਛ ਦੇਵੋ। ਕੋਈ ਨਹੀਂ ਇਹਦੀ ਅਵਾਜ਼ ਸੁਣਦਾ। ਕੋਈ-ਕੋਈ ਰੱਬ ਦਾ ਪਿਆਰਾ, ਤਰਸ ਕਰਕੇ ਇਹਨੂੰ ਇਕ ਕੌਡੀ ਦੇ ਦਿੰਦੈ। ਕਾਫਲਾ ਸੈਂਕੜੇ ਬੰਦਿਆਂ ਦਾ ਲੰਘ ਗਿਆ, ਲੇਕਿਨ ਸਿਰਫ ਇਹਨੂੰ 19 ਕੌਡੀਆਂ ਇਹਦੇ ਹੱਥ 'ਚ ਆਈਆਂ। ਨਾਲ ਇਹਨੂੰ ਦਸ ਦਿਤਾ ਕਿ ਉਥੇ ਚਲਿਆ ਜਾਹ, ਉਥੇ ਲੰਗਰ ਚਲਦੈ ਸ਼ੇਤਰ। ਉਥੇ ਜਾ ਕੇ ਪ੍ਰਸ਼ਾਦਾ ਛਕ ਲੈ। ਉਥੇ ਗਿਆ ਤਾਂ ਲਾਈਨ ਵਿਚ ਖੜ੍ਹਾ ਹੋ ਗਿਆ। ਜਦੋਂ ਇਹਦੀ ਵਾਰੀ ਆਈ ਉਹ ਕਹਿੰਦਾ, ਭਾਂਡਾ ਤਾਂ ਲਿਆ ਕੋਈ, ਕਾਹਦੇ 'ਤੇ ਪਾਏਂਗਾ ਖਿੱਚੜੀ। 19 ਕੌਡੀਆਂ ਦਾ ਜਾ ਕੇ ਠੂਠਾ ਲੈ ਕੇ ਆਇਆ। ਲਿਆ ਕੇ ਜਦੋਂ ਪਹੁੰਚਿਆ ਓਸ ਵੇਲੇ ਨੂੰ ਖਿੱਚੜੀ ਖਤਮ ਹੋ ਗਈ। ਬੜਾ ਰੋਇਆ, ਕਲਪਿਆ। ਉਹ ਕਹਿੰਦੇ, ਹੁਣ ਖਤਮ ਹੋ ਗਈ। ਕਹਿੰਦਾ, ਪਹਿਲਾਂ ਮੈਂ ਆਇਆ ਸੀ, ਮੇਰੀ ਹਾਜ਼ਰੀ ਤੁਸੀਂ ਲਾਈ ਹੈ। ਉਹ ਕਹਿੰਦੇ ਹੁਣ ਤਾਂ ਖੁਰਚਣ ਹੈ, ਖੁਰਚਣ ਨਾਲ ਠੂਠਾ ਭਰ ਦਿਤਾ। ਕਹਿੰਦੇ, ਜਾਹ ਉਥੇ ਘਿਉ ਮਿਲਦੈ, ਉਹ ਘਿਉ ਲੈ ਲਿਆ, ਪਹਿਲਾਂ ਹੀ ਡੁੱਲ ਗਿਆ, ਫੇਰ ਰੋ-ਰੋ ਕੇ, ਪੁਆਇਆ ਕਿ ਇਕ ਚਮਚਾ ਪਾ ਦੇ, ਮੇਰੇ ਤੋਂ ਲੰਘਣੀ ਨਹੀਂ ਇਹ ਜਲੀ ਹੋਈ ਖਿੱਚੜੀ। ਉਹਨੇ ਫੇਰ ਪਾ ਦਿਤਾ। ਨਾਲ ਕਹਿ ਦਿਤਾ ਕਿ ਦੂਰ ਜਾ ਕੇ ਖਾਹ। ਪਰ੍ਹੇ ਇਕ ਦੁਕਾਨ ਦੇ ਕੋਲ ਬੈਠ ਕੇ ਜਦੋਂ ਖਾਣ ਲੱਗਿਆ, ਦੋ ਸਾਂਡ ਭਿੜ ਪਏ ਆਪਸ ਵਿਚ ਉਹਨਾਂ ਦੀ ਫੇਟ 'ਚ ਆ ਗਿਆ। ਉਹ ਠੂਠਾ ਫੁੱਟ ਗਿਆ, ਮੂੰਹ ਵਿਚ ਪਾਉਣ ਤੋਂ ਪਹਿਲਾਂ ਹੀ। ਉਸੇ ਵੇਲੇ ਜਾਗ ਆ ਗਈ।

ਜਾਗ ਆਈ ਤਾਂ ਸਾਰੇ ਜਿਹੜੇ ਸੇਵਾਦਾਰ ਸੀ ਉਹਨਾਂ ਨੇ ਨਮਸ਼ਕਾਰ ਕਰੀ। ਜੈ-ਜੈਕਾਰ ਕਰੀ। ਰਾਣੀਆਂ ਵੀ ਆ ਗਈਆਂ। ਲੇਕਿਨ ਬੋਲਦਾ ਨਹੀਂ ਕਿਸੇ ਨਾਲ, ਉਦਾਸ ਹੋ ਗਿਆ। ਉਹ ਸੁਪਨਾ ਅੱਖਾਂ ਤੋਂ ਪਾਸੇ ਨਹੀਂ ਹੁੰਦਾ। ਇਸ ਤਰ੍ਹਾਂ ਹੀ ਹੈ ਜਿਵੇਂ ਬਿਲਕੁਲ ਸਾਮ੍ਹਣੇ ਖੜ੍ਹੈ। ਇਧਰਲੇ ਪਾਸੇ ਰਾਣੀਆਂ ਨੇ, ਮਹੱਲ ਹੈ ਆਪਣਾ। ਉਹਨਾਂ ਨੂੰ ਪੁੱਛੀ ਜਾਂਦੈ ਕਿ ਮੈਂ ਸੁੱਤਾ ਹਾਂ ਕਿ ਜਾਗਦਾ ਹਾਂ। ਉਹ ਕਹਿੰਦੇ, ਹਜ਼ੂਰ! ਆਪ ਜਾਗਦੇ ਹੋਂ। ਕਹਿੰਦਾ, ਨਹੀਂ ਜਾਗਦਾ ਨਹੀਂ ਮੈਨੂੰ ਸੁਪਨਾ ਆ ਰਿਹੈ। ਐਸਾ ਦਿਮਾਗ ਦੇ ਉਤੇ ਅਸਰ ਪੈ ਗਿਆ ਕਿ ਜਿਹੜੀ ਗੱਲ ਦਿਮਾਗ ਦੇ ਵਿਚ ਆ ਜਾਵੇ, ਦਿਮਾਗ ਹਿੱਲ ਜਾਵੇ, ਫੇਰ ਨਹੀਂ ਆਦਮੀ ਹਟਦਾ ਹੁੰਦਾ, ਜਿੰਨਾਂ ਜੀਅ ਕਰਦੈ, ਸਮਝਾ ਲਵੋ।

ਇਥੇ ਮੈਂ ਇਕ ਵਾਰੀ ਗਿਆ ਧਲੇਤੇ। ਉਥੇ ਇਕ ਤਾਂਗੇ ਵਾਲਾ ਸਾਨੂੰ ਲੈਣ ਆਉਂਦਾ ਸੀ। ਉਹ ਲੰਘਿਆ ਜਾਂਦਾ ਅਵਾਜ਼ਾਂ ਦੇਣ ਲਗ ਗਿਆ। ਮੈਂ ਰੁਕ ਗਿਆ। ਇਕ ਖਿੜਕੀ 'ਚ ਖੜ੍ਹਾ ਸੀ। ਕਿਸੇ ਨੇ ਮੈਨੂੰ ਕਿਹਾ ਕਿ ਨੇੜੇ ਨਾ ਜਾਈਂ। ਇਹ ਕਮਲਾ ਹੈ ਤੈਨੂੰ ਫੜ ਲਏਗਾ। ਉਹ ਨੱਠ ਕੇ ਖਿੜਕੀ ਵਲ ਨੂੰ ਆਇਆ। ਸੰਗਲ ਪਾਇਆ ਹੋਇਆ ਸੀ। ਮਤਨਾ ਸੀ। ਮੈਂ ਕਿਹਾ, ਮਤਨਿਆ! ਕੀ ਹਾਲ ਹੈ? ਕਹਿੰਦਾ, ਤੂੰ ਤਾਂ ਬਾਹਰ ਖੜ੍ਹੈਂ। ਆਹ ਸੋਫੇ ਸੈੱਟ ਮੈਂ ਲਾਏ ਹੋਏ ਨੇ ਇਹਨਾਂ 'ਤੇ ਆ ਕੇ ਬੈਠ। ਐਨੇ ਨੂੰ ਇਕ ਬੰਦਾ ਆਇਆ, ਉਹ ਥੇਹ ਸੀ, ਉਥੋਂ ਭਰਨ ਲਗ ਗਿਆ ਗੱਡਾ, ਉਹਨੂੰ ਗਾਲ੍ਹਾਂ ਕੱਢਣ ਲਗ ਗਿਆ ਕਿ ਮੇਰਾ ਕਿਲ੍ਹਾ ਤੋੜਦੈਂ ਤੂੰ ਓਏ। ਬਹੁਤ ਗਾਲ੍ਹਾਂ ਕੱਢੇ। ਮੈਂ ਕਿਹਾ, ਤੂੰ ਗਾਲ੍ਹਾਂ ਕਿਉਂ ਕੱਢੀ ਜਾਨੈਂ। ਕਹਿੰਦਾ, ਮੇਰੇ ਕਿਲ੍ਹੇ ਦੀਆਂ ਕੰਧਾਂ ਪੁੱਟ ਰਿਹੈ ਇਹ। ਮੇਰੇ ਮਨ 'ਚ ਆਇਆ ਕਿ ਦੇਖੋ ਚੰਗਾ ਭਲਾ ਬੰਦਾ ਸੀ। ਪਰ ਇਹਦੇ ਦਿਮਾਗ ਵਿਚ ਕੀ ਫੈਲ ਗਿਆ ਕਿ ਮੈਂ ਰਾਜਾ ਹਾਂ। ਮੇਰੇ ਸੋਫੇ ਲੱਗੇ ਹੋਏ ਨੇ, ਰਾਜਿਆਂ ਦਾ ਨਕਸ਼ਾ ਆ ਗਿਆ ਉਹਦੇ ਦਿਮਾਗ 'ਚ। ਖੜ੍ਹਾ ਸੰਗਲ ਪਾਈਂ ਸੀ। ਉਹ ਉਹਨੂੰ ਧਿਆਨ 'ਚ ਹੀ ਨਹੀਂ।

ਇਸੇ ਤਰ੍ਹਾਂ ਜਦੋਂ ਦਿਮਾਗ 'ਤੇ ਅਸਰ ਪੈ ਗਿਆ ਰਾਜੇ ਜਨਕ ਦੇ, ਉਹਨੂੰ ਪਤਾ ਨਾ ਲੱਗੇ ਕਿ ਉਹ ਸੁਪਨਾ ਸੀ ਕਿ ਆਹ ਸੁਪਨਾ ਹੈ। ਬਹੁਤ ਪਰੇਸ਼ਾਨ ਹੋ ਕੇ, ਹਿੰਦੁਸਤਾਨ ਦੇ ਜਿੰਨੇ ਵਿਦਵਾਨ ਸੀ ਬੁਲਾਉਣੇ ਸ਼ੁਰੂ ਕਰ ਦਿਤੇ। ਇਕ ਮੋਹਮਲ ਸਵਾਲ ਕਰੇ ਕਿ 'ਇਹ ਸੱਚਾ ਕਿ ਉਹ ਸੱਚਾ।' ਹੁਣ ਜਵਾਬ ਕੌਣ ਦੇਵੇ ਇਸ ਗੱਲ ਦਾ।

ਅੱਠ ਸਾਲ ਲੰਘ ਗਏ। ਅੱਠ ਸਾਲ ਤੋਂ ਬਾਅਦ ਇਕ ਬੱਚਾ, ਉਸਨੂੰ ਪਤਾ ਲੱਗਿਆ ਕਿ ਮੇਰੇ ਪਿਤਾ ਜਿਹੜਾ ਹੈ ਉਹ ਬਾਦਸ਼ਾਹ ਰਾਜਾ ਜਨਕ ਦੀ ਕੈਦ ਵਿਚ ਹੈ। ਇਕ ਸਵਾਲ ਦਾ ਜਵਾਬ ਨਾ ਦੇਣ ਕਰਕੇ, ਅੱਠ ਸਾਲ ਤੋਂ ਉਥੇ ਬੈਠਾ ਹੈ। ਮਾਂ ਨੂੰ ਕਹਿਣ ਲੱਗਿਆ ਕਿ ਇਹ ਸਵਾਲ ਕੀ ਹੈ ਤੈਨੂੰ ਪਤਾ ਹੈ?

ਕਹਿੰਦੀ, ਹਾਂ ਪੁੱਤਰ! ਮੈਨੂੰ ਪਤਾ ਹੈ। ਉਹ ਐਨੀਓਂ

ਗੱਲ ਕਹਿੰਦੈ ਕਿ ਇਹ ਸੱਚਾ ਕਿ ਉਹ ਸੱਚਾ। ਲੈ ਕਹਿੰਦਾ, ਅੱਠ ਸਾਲ ਹੋ ਗਏ। ਕੋਈ ਵੀ ਵਿਦਵਾਨ ਨਹੀਂ ਸੀ। ਕੀ ਮਾਤਾਵਾਂ ਨੇ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਜਨਮ ਦੇਣ ਤੋਂ ਇਨਕਾਰ ਕਰ ਦਿਤਾ? ਭਾਰਤ ਵਰਸ਼ ਕੀ ਐਨਾ ਥੱਲੇ ਚਲਿਆ ਗਿਆ। ਉਹ ਕਲਜੁਗ 'ਚ ਹੋ ਜਾਏਗਾ ਕਿ ਮਾਵਾਂ ਦੇ ਪੇਟਾਂ 'ਚੋਂ ਭੂਤ-ਪ੍ਰੇਤ ਜੰਮਣਗੇ -

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*
*ਅੰਗ - ੫੫੬*

ਘਰਵਾਲੀ ਵੀ ਭੂਤਨੀ, ਉਹਦੇ ਪੁੱਤਰ, ਧੀਆਂ ਵੀ ਭੂਤ। ਭੂਤਾਂ ਦੀ ਨਿਸ਼ਾਨੀ ਕੀ ਹੁੰਦੀ ਹੈ? ਕਹਿੰਦੇ, ਜਿਸ ਘਰ ਦੇ ਵਿਚ ਭੂਤ ਹੋਣਗੇ। ਦੋ ਤਰ੍ਹਾਂ ਦੇ ਹੁੰਦੇ ਨੇ। ਇਕ ਤਾਂ ਅਵਿਅਕਤ ਹੁੰਦੇ ਨੇ। ਉਹ ਤਾਂ ਨਜ਼ਰ ਨਹੀਂ ਆਉਂਦੇ, ਉਹ ਤਾਂ ਤੰਗੀ ਕਰਦੇ ਨੇ। ਮੱਝ ਨੂੰ ਦੁੱਧ ਨਾ ਦੇਣ ਦਿਤਾ, ਬੱਚਾ ਬਿਮਾਰ ਕਰ ਲਿਆ, ਕੋਈ ਨੁਕਸਾਨ ਕਰ ਦਿਤਾ, ਕੋਈ ਐਕਸੀਡੈਂਟ ਕਰਾ ਦਿਤਾ। ਦੂਜੇ ਭੂਤ ਉਹ ਹੁੰਦੇ ਨੇ। ਕਹਿੰਦੇ, ਉਹ ਭੂਤ ਨੇ -

*ਕਬੀਰ ਜਾ ਘਰ ਸਾਧ ਨ ਸੇਵੀਅਹਿ*
*ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥*
*ਅੰਗ - ੧੩੭*

ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਭੂਤ ਲੋਕੋ ਜਿਹੜੇ ਨਾਮ ਨਹੀਂਓਂ ਜਪਦੇ।*

ਜਿਸ ਘਰ ਦੇ ਅੰਦਰ ਗੁਰਮੁਖਾਂ ਦੇ, ਸਾਧੂਆਂ ਦੇ, ਸੰਤਾਂ ਦੇ ਚਰਨ ਨਹੀਂ ਪੈਂਦੇ, ਜਿਸ ਘਰ ਦੇ ਅੰਦਰੋਂ 'ਜਪੁਜੀ ਸਾਹਿਬ' ਦੇ ਪਾਠ ਦੀ, ਗਾਇਤ੍ਰੀ ਦੇ ਪਾਠ ਦੀ ਅਵਾਜ਼ ਨਹੀਂ ਆਉਂਦੀ, ਕਹਿੰਦੇ ਉਹ ਜਿਹੜੇ ਘਰ ਨੇ ਉਹਨਾਂ ਨੂੰ ਘਰ ਨਾ ਕਹੋ, ਮੜ੍ਹੀਆਂ ਨੇ। ਉਹਨਾਂ ਵਿਚ ਵਸਦਾ ਕੌਣ ਹੈ? ਕਹਿੰਦੇ, ਤੁਰਨ-ਫਿਰਨ ਵਾਲੇ ਭੂਤ। ਬੋਲਣ-ਚਲਣ ਵਾਲੇ, ਪੜ੍ਹਨ-ਲਿਖਣ ਵਾਲੇ, ਅਮੀਰ ਬੇਅੰਤ ਕਿਉਂ ਨੇ? ਕਹਿੰਦੇ -

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*
*ਅੰਗ- ੫੫੬*

ਮਹਾਰਾਜ ਨੇ ਕਿਉਂ ਲਿਖੀ ਇਹ ਗੱਲ ਕਿ ਕਲਜੁਗ ਦੇ ਅੰਦਰ ਜਿੰਨ ਪੈਦਾ ਹੋਣਗੇ ਵੱਡੇ-ਵੱਡੇ। ਦੁਨੀਆਂ ਨੂੰ ਖਾ ਜਾਣਗੇ ਉਹ। ਇਹੋ ਜਿਹੇ ਹਥਿਆਰ ਬਣਾਉਣਗੇ ਕਿ ਮਾਰ ਦਿਓ ਸਾਰਿਆਂ ਨੂੰ। ਬੇਕਸੂਰਿਆਂ ਨੂੰ ਮਾਰ ਦੇਣਗੇ। ਐਸੇ ਜਿੰਨ ਆਉਣਗੇ। ਉਹ ਕਿਉਂ ਆਉਂਦੇ ਨੇ? ਇਕ ਰਵਾਇਤ ਹੈ। ਇਕ ਕਹਾਣੀ ਤੁਰੀ ਫਿਰਦੀ ਹੈ, ਬਹੁਤ ਪੁਰਾਣੇ ਯੁੱਗਾਂ ਦੀ। ਉਹ ਇਹ ਹੈ ਕਿ ਰਾਜੇ ਜਨਕ ਨੇ ਜਦੋਂ ਨਰਕ ਖਾਲੀ ਕਰ ਦਿਤੇ, ਉਹਨਾਂ ਨੂੰ ਕੋਈ ਥਾਂ ਨਾ ਮਿਲਿਆ। ਉਹਨਾਂ ਨੇ ਧਰਮਰਾਜ ਨੂੰ ਕਿਹਾ। ਉਹ ਕਹਿੰਦਾ, ਦੇਖੋ ਬਈ, ਮੇਰੇ ਕੋਲੋਂ ਸਵਰਗਾਂ 'ਚ ਉਹ ਜਾਂਦੈ ਜਿਹੜਾ ਨਾਮ ਜਪ ਕੇ ਆਇਐ, ਸੇਵਾ ਕਰਕੇ ਆਇਐ ਜਾਂ ਦਾਨ ਕਰਿਐ ਜਾਂ ਨੇਕੀ ਕਮਾਈ ਹੈ, ਉਹ ਜਾਂਦੇ ਨੇ। ਤੁਸੀਂ ਕੁਛ ਵੀ ਨਹੀਂ ਕਮਾਇਆ, ਤੁਸੀਂ ਬੀਜਿਆ ਨਹੀਂ ਹੈ। ਜੇ ਬੀਜਿਆਂ ਨਹੀਂ ਹੈ, ਤਾਂ ਉਥੇ ਵੱਢੋਂਗੇ ਕੀ, ਉਥੇ ਭੁੱਖੇ ਹੀ ਰਹੋਂਗੇ ਤੁਸੀਂ। ਮੈਂ ਤਾਂ ਨਹੀਂ ਥਾਂ ਦਿੰਦਾ। ਹਾਂ, ਤੁਸੀਂ ਜਨਮ ਲੈ ਕੇ ਫੇਰ ਤੁਸੀਂ ਕਰਮ, ਉਪਾਸਨਾ, ਗਿਆਨ ਦੇ ਵਿਚੀਂ ਹੋ ਕੇ ਆਓ, ਫੇਰ ਤੁਹਾਨੂੰ ਆਦਰ ਵੀ ਮਿਲੇਗਾ, ਸਵਰਗ ਵੀ ਮਿਲਣਗੇ। ਫੇਰ ਉਥੇ ਦਾਨ ਕਰਿਓ, ਦੁਨੀਆਂ 'ਚ ਜਾ ਕੇ। ਉਹ ਦਰਗਾਹ 'ਚ ਹਰਾ ਹੁੰਦਾ ਹੈ ਬੀਜਿਆ ਹੋਇਆ-

*ਜੇਹਾ ਬੀਜੇ ਸੋ ਲੁਣੈ ਕਰਮਾ ਸੰਦੜਾ ਖੇਤੁ॥ ਅੰਗ- ੧੩੪*

ਜਦੋਂ ਬੀਜਦਾ ਨਹੀਂ ਫੇਰ ਨਹੀਂ ਇਥੇ ਮਿਲਦਾ, ਇਥੇ ਭੁੱਖਾ ਹੀ ਮਰਦੈ। ਚਲੇ ਗਏ। ਕਿਉਂਕਿ ਸਤਿਯੁਗ ਬੀਤ ਚੁਕਿਆ ਸੀ। ਤ੍ਰੇਤਾ ਯੁੱਗ ਚਲਦਾ ਸੀ। ਯੁੱਗ ਦਾ ਜਿਹੜਾ ਦੇਵਤਾ ਸੀ, ਉਹਨੂੰ ਕਹਿਣ ਲੱਗੇ, ਅਸੀਂ ਸਾਰੇ ਹੀ ਬਾਹਰ ਨਿਕਲ ਆਏ ਹਾਂ, ਤੂੰ ਸਾਨੂੰ ਆਪਣੇ ਯੁੱਗ ਦੇ ਅੰਦਰ ਜਨਮ ਦਿਵਾ ਦੇ। ਉਹ ਕਹਿੰਦਾ, ਨਾ-ਨਾ, ਰੱਬ ਦਾ ਵਾਸਤਾ ਹੈ, ਮੇਰਾ ਯੁੱਗ ਤਾਂ ਪੁੰਨਾਂ ਦਾ ਯੁੱਗ ਹੈ। ਇਥੇ ਪਾਪੀ ਨਹੀਂ ਹਨ, ਬਹੁਤ ਘੱਟ ਨੇ। ਮੈਂ ਤਾਂ ਉਹਨਾਂ ਤੋਂ ਹੀ ਤੰਗ ਆਇਆ ਹੋਇਆ ਹਾਂ। ਅਗਾਂਹਾਂ ਪੁੱਛੋ, ਦੁਆਪਰ ਨੂੰ। ਦੁਆਪਰ ਦਾ ਸਮਾਂ ਕਿਉਂਕਿ 8 ਲੱਖ, 64 ਹਜ਼ਾਰ ਸਾਲ ਦਾ ਸੀ। ਉਹਦੇ ਕੋਲ ਜਾ ਕੇ ਬੇਨਤੀਆਂ ਕਰਨ ਲੱਗੇ, ਪੰਚਾਇਤ ਬਣਾ ਕੇ ਸਾਰੇ ਤੁਰੇ ਫਿਰਦੇ ਨੇ। ਕੋਈ ਥਾਂ ਲੱਭਦਾ ਨਹੀਂ, ਲਟਕਦੇ ਫਿਰਦੇ ਨੇ। ਉਹ ਲੱਗਿਆ ਕਿ ਨਾ ਬਈ ਮੇਰੇ ਤਾਂ ਗਿਣਤੀ-ਮਿਣਤੀ ਯੋਧੇ ਆਉਣਗੇ, ਸੱਚੇ ਬੰਦੇ ਆਉਣੇ ਨੇ। ਮੈਂ ਤੁਹਾਨੂੰ ਭੂਤਾਂ-ਪ੍ਰੇਤਾਂ, ਇਹੋ ਜਿਹੇ ਮਾੜੇ ਬੰਦਿਆਂ ਨੂੰ ਕੀ ਕਰਨੈ। ਕਲਜੁਗ ਕੋਲ ਚਲੇ ਗਏ। ਕਲਜੁਗ ਨੂੰ ਕਹਿਣ ਲੱਗੇ ਕਿ ਮਹਾਰਾਜ! ਆਹ ਸਾਡੀ ਸਮੱਸਿਆ ਹੈ ਹੱਲ ਕਰੋ। ਉਹ ਕਹਿੰਦਾ, ਤੁਸੀਂ ਮੇਰੇ ਕੋਲ ਪਹਿਲਾਂ ਹੀ ਕਿਉਂ ਨਾ ਆਏ। ਕਹਿੰਦਾ, ਮੇਰੇ ਤਾਂ ਸਾਰੇ ਹੀ ਤੁਹਾਡੇ ਵਰਗੇ ਜੰਮਣੇ ਨੇ, ਮੈਂ ਸਾਰੇ ਕਰਮ ਧਰਮ ਭ੍ਰਿਸ਼ਟ ਕਰ ਦੇਣੇ ਨੇ। ਕਿਸੇ ਨੂੰ ਨਾਮ ਨਹੀਂ ਜਪਣ ਦੇਣਾ। ਉਹਨਾਂ ਦੀ ਬੁੱਧੀ ਭ੍ਰਿਸ਼ਟ ਕਰ ਦੇਵਾਂਗਾ। ਪੜ੍ਹੇ ਲਿਖੇ, ਅਨਜਾਣਾਂ ਦੀ ਸਭ ਦੀ ਬੁੱਧੀ ਭ੍ਰਿਸ਼ਟ ਹੋ ਜਾਵੇਗੀ। ਜੇ ਤਪ ਕਰਨ ਲੱਗੇਗਾ ਤਪ ਟੁੱਟ ਜਾਏਗਾ। ਜਪ ਕਰਨ ਲੱਗੇਗਾ, ਜਪ ਵਿਚਾਲੇ ਰਹਿ ਜਾਏਗਾ। ਨਾਉਂ ਲਏਗਾ ਮੈਂ ਬਦਨਾਮੀ ਕਰਾਵਾਂਗਾ ਤੇ ਮੈਨੂੰ ਤਾਂ ਤੁਹਾਡੇ ਵਰਗੇ ਬੰਦਿਆਂ ਦੀ ਲੋੜ ਹੈ। ਤੁਸੀਂ ਆਓ, ਖੁਸ਼ੀ ਦੇ ਨਾਲ। ਹੁਣ ਰੌਲਾ ਪੈ ਗਿਆ ਕਿ ਅਬਾਦੀ ਵਧ ਗਈ। ਉਹ ਅਗਾਂਹਾਂ ਵੀ ਭੂਤ ਹੀ ਨੇ, ਉਹ ਮਾਰੀ ਜਾਂਦੇ ਨੇ -

*ਕਈ ਜਨਮ ਗਰਭ ਹਿਰਿ ਖਰਿਆ॥ ਅੰਗ- ੧੭੬*

ਲੜਕੀਆਂ ਪੈਦਾ ਹੀ ਨਹੀਂ ਹੋਣ ਦਿੰਦੇ। ਇਸ ਤਰ੍ਹਾਂ

ਦੇ ਨਾਲ ਉਹ ਸਾਰੇ ਜੀਵ ਮਹਾਰਾਜ ਕਹਿੰਦੇ, ਦਿਸਣਗੇ ਤਾਂ ਬੰਦੇ, ਲੇਕਿਨ ਰੱਬ ਦੇ ਨਾਮ ਤੋਂ ਮੁਨਕਰ ਹੋਣਗੇ। ਪਾਪ ਕਰਨਗੇ। ਪਿਆਲੇ ਸ਼ਰਾਬਾਂ ਕਬਾਬਾਂ ਦੇ ਚੱਲਣਗੇ। ਉਹ ਸਮਝ ਲਓ ਭੂਤਾਂ ਦਾ ਘਰ ਹੈ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗਿਆ, ਅਸ਼ਟਾਵਕਰ ਕਿ ਮਾਵਾਂ ਤਪ ਹੀਣੀਆਂ ਹੋ ਗਈਆਂ ਤੇ ਭੂਤ ਪ੍ਰੇਤ ਹੀ ਜੰਮ ਰਹੀਆਂ ਨੇ ਤੇ ਅਜੇ ਤਾਂ ਯੁੱਗ ਬਹੁਤ ਵਧੀਆ ਚਲ ਰਿਹੈ, ਤ੍ਰੇਤਾ ਯੁੱਗ। ਇਥੇ ਤੱਤ ਬੇਤੇ ਮਹਾਂਪੁਰਸ਼ਾਂ, ਰਿਸ਼ੀਆਂ-ਮੁਨੀਆਂ ਨੂੰ ਮਾਵਾਂ ਨੇ ਜਨਮ ਦੇਣਾ ਹੈ। ਕੋਈ ਵੀ ਨਹੀਂ ਰਹੀ ਇਸ ਥਾਂ 'ਤੇ? ਮੈਂ ਜਾ ਕੇ ਕੀ ਜਵਾਬ ਦੇਵਾਂਗਾ?

ਰਾਜੇ ਜਨਕ ਦੇ ਕੋਲ ਆ ਜਾਂਦੈ। ਪਤਾ ਲੱਗਿਆ ਕਿ ਇਕ ਬਾਲ ਰਿਸ਼ੀ, ਉਹ ਆ ਕੇ ਸਵਾਲ ਦਾ ਜਵਾਬ ਲੈਣਾ ਚਾਹੁੰਦੈ। ਦੂਸਰੇ ਦਿਨ ਸਭਾ ਲਗਦੀ ਹੈ। ਸਭਾ ਦੇ ਵਿਚ ਜਦੋਂ ਉਹ ਪਾਲਕੀ 'ਚੋਂ ਉਤਰਿਆ ਤਾਂ ਰਾਜਾ ਜਨਕ ਵੀ ਮੁਸਕਰਾ ਪਿਆ। ਕਿਉਂਕਿ ਉਹਦੇ ਸਰੀਰ ਦੇ ਅੱਠ ਵਲ ਪੈਂਦੇ ਸੀ। ਉਹ ਜਿਹੜੇ ਰਿਸ਼ੀ-ਮੁਨੀ ਸੀ ਉਹ ਵੀ ਹੱਸ ਪਏ। ਅਸ਼ਟਾਵਕਰ ਵੀ ਹਸ ਪਿਆ। ਰਾਜੇ ਜਨਕ ਨੇ ਕਿਹਾ ਕਿ ਰਿਸ਼ੀ ਕੁਮਾਰ ਦੇਖੋ ਕਿੱਡੇ-ਕਿੱਡੇ ਬਜ਼ੁਰਗ ਨੇ, ਤੁਸੀਂ ਇਹਨਾਂ ਨੂੰ ਮਖੌਲ ਕਰਦੇ ਓਂ, ਹਸਦੇ ਹੋਂ। ਕਹਿੰਦੇ ਇਹ ਕਿਉਂ ਹਸਦੇ ਨੇ? ਰਾਜਨ! ਇਹ ਚਮੜੇ ਦੇ ਵਪਾਰੀ ਨੇ ਸਾਰੇ। ਮੇਰੇ ਚਮੜੇ ਨੂੰ ਦੇਖ ਰਹੇ ਨੇ। ਇਹਨਾਂ ਵਿਚ ਇਕ ਵੀ ਬੰਦਾ ਗਿਆਨਵਾਨ ਨਹੀਂ। ਮੈਂ ਮਾਫ਼ੀ ਮੰਗਦਾਂ ਇਹਨਾਂ ਸਾਰਿਆਂ ਤੋਂ। ਇਹ ਕਿਉਂ ਹੱਸੇ ਨੇ ਮੇਰੇ ਸਰੀਰ ਨੂੰ ਦੇਖ ਕੇ। ਮੈਂ ਵਲ ਕੀ ਆਪ ਪਾਏ ਨੇ? ਜੇ ਵਲ ਮੇਰੇ ਸਰੀਰ ਵਿਚ ਨੇ, ਮੇਰੀ ਰਸਨਾ 'ਚ ਤਾਂ ਵਲ ਨਹੀਂ ਹੈ, ਮੇਰੀ ਬੋਲੀ ਵਿਚ ਵਲ ਨਹੀਂ ਹੈ, ਮੇਰੀ ਆਤਮਾ 'ਚ ਕੋਈ ਵਲ ਨਹੀਂ ਹੈ। ਜੇ ਗੰਨਾ ਵਿੰਗਾ-ਤੜਿੰਗਾ ਹੁੰਦੈ, ਰਸ ਵਿਚ ਤਾਂ ਕੋਈ ਵਲ ਨਹੀਂ ਹੁੰਦਾ। ਰਸ ਤਾਂ ਓਨਾ ਹੀ ਮਿੱਠਾ ਹੋਇਆ ਕਰਦੈ। ਸੋ ਸਾਰਿਆਂ ਨੇ ਨੀਵੀਂ ਪਾ ਲਈ ਕਿ ਇਹ ਤਾਂ ਕੋਈ ਬੜਾ ਵਚਿੱਤਰ ਬੱਚਾ ਆਇਆ ਹੈ। ਇਹ ਜ਼ਰੂਰ ਸਾਨੂੰ ਛੁਡਾਏਗਾ। ਉਸ ਵੇਲੇ ਇਹਨੇ ਕਿਹਾ ਕਿ ਰਾਜਨ! ਸਵਾਲ ਕਰ।

ਸਭਾ ਲਗ ਗਈ, ਚੌਂਕੀ 'ਤੇ ਬੈਠ ਗਏ। ਰਾਜਾ ਸਾਮ੍ਹਣੇ ਖੜ੍ਹਾ ਹੋ ਗਿਆ। ਪੂਜਨ ਕਰਿਆ।

ਕਹਿਣ ਲੱਗਿਆ, ਰਿਸ਼ੀ ਕੁਮਾਰ! ਮੇਰਾ ਸਵਾਲ ਇਹ ਹੈ ਕਿ 'ਇਹ ਸੱਚਾ ਕਿ ਓਹ ਸੱਚਾ।'

ਕਹਿੰਦਾ, ਜਵਾਬ ਤੇਰੇ ਵਾਂਗਣ ਹੀ ਦੇਵਾਂ? ਤੂੰ ਖੋਲ੍ਹ ਕੇ ਗੱਲ ਨਹੀਂ ਕਰ ਰਿਹਾ। ਚੱਲ ਮੈਂ ਤੇਰੀ ਤਰ੍ਹਾਂ ਹੀ ਜਵਾਬ ਦੇ ਰਿਹਾਂ। 'ਇਹ ਵੀ ਝੂਠਾ ਤੇ ਓਹ ਵੀ ਝੂਠਾ।'

ਸਾਰੇ ਹੈਰਾਨ ਹੋ ਗਏ। ਕਹਿਣ ਲੱਗਿਆ, ਰਿਸ਼ੀ ਕੁਮਾਰ! ਕੁਛ ਮੇਰੇ ਮਨ ਦੇ ਅੰਦਰ ਤਕਸੀਨ ਆਈ, ਕੋਈ ਅਮਨ ਆਇਆ। ਬਈ ਮੈਨੂੰ ਇਸ ਤਰ੍ਹਾਂ ਲਗਦੈ ਕਿ ਠੀਕ ਹੈ ਤੇਰਾ ਜਵਾਬ।

ਉਹ ਕਹਿੰਦਾ ਰਾਜਨ! ਤੂੰ ਗੱਲ ਖੋਲ੍ਹ ਕੇ ਨਹੀਂ ਦੱਸੀ। ਇਹਨਾਂ ਸਾਰੇ ਮਹਾਂਪੁਰਸ਼ਾਂ ਨੂੰ ਤੂੰ ਕਿੰਨਾਂ ਸੰਤਾਪ ਦਿਤਾ। ਕਸੂਰ ਤੇਰਾ। ਅੱਜ ਤੋਂ ਅੱਠ ਸਾਲ ਪਹਿਲਾਂ ਜਦੋਂ ਤੈਨੂੰ ਸੁਪਨਾ ਆਇਆ, ਉਸ ਤੋਂ ਪਹਿਲਾਂ ਤੂੰ ਸਿੱਧ ਪੁਰਸ਼ਾਂ ਦੇ ਪਾਸ ਅਭਿਮਾਨ ਕਰਿਆ ਸੀ ਕਿ ਮੇਰੇ 'ਤੇ ਮਾਇਆ ਨਹੀਂ ਪੈਂਦੀ। ਉਹਨਾਂ ਨੇ ਕਿਹਾ ਸੀ ਕਿ ਜਦੋਂ ਮਾਇਆ ਪਏਗੀ ਨਾ ਤੇਰੇ 'ਤੇ ਫੇਰ ਤੈਨੂੰ ਪਤਾ ਲਗ ਜਾਏਗਾ। ਕਹਿੰਦੇ, ਤੈਨੂੰ ਸੁਪਨਾ ਆਇਆ, ਸੁਪਨੇ ਦੇ ਅੰਦਰ ਤੇਰੀ ਬਹੁਤ ਬੇਇੱਜ਼ਤੀ ਹੋਈ। ਦੁਖ ਪਾਇਆ ਤੇ ਜਾ ਕੇ ਤੂੰ ਥਾਂ ਦੇਖਦਾ ਰਿਹਾ। ਕਿਉਂਕਿ ਸਿਮ੍ਰਿਤੀ ਪੱਕੀ ਹੋਈ ਸੀ, ਤੈਨੂੰ ਉਵੇਂ ਜਿਵੇਂ ਇੱਟਾਂ, ਵੱਟੇ ਪਏ ਲੱਗੇ, ਜਿਹੜੇ ਤੇਰੇ 'ਤੇ ਮਾਰੇ। ਭਾਵੇਂ ਵੈਸੇ ਹੀ ਪਏ ਸੀ। ਪਰ ਤੈਨੂੰ ਉਹ ਸਾਰਾ ਖਿਆਲ ਸੁਪਨੇ ਵਿਚ ਦਿਸ ਗਿਆ। ਉਹ ਥਾਂ ਦੇਖ ਕੇ ਆਇਆ ਜਿਥੇ ਜਾ ਕੇ ਤੂੰ ਖਿਚੜੀ ਖਾਣ ਲੱਗਿਆ ਸੀ। ਤੇਰੇ ਮਨ ਦੇ ਉਤੇ ਅਸਰ ਹੋ ਗਿਆ। ਕਹਿੰਦੇ, ਰਾਜਨ! ਜਿਹਨੂੰ ਤੂੰ ਹੁਣ ਕਹਿੰਦਾ ਹੈਂ ਜਾਗਦਾ, ਇਹ ਵੀ ਜਾਗਦਾ ਨਹੀਂ ਹੈ। ਇਹ ਵੀ ਸੁਪਨਾ ਹੀ ਹੈ। ਜਿਹੜਾ ਉਹ ਸੁਪਨੈ ਉਹ ਵੀ ਸੁਪਨਾ ਹੈ। ਮਹਾਰਾਜ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਜਗਿ ਜੀਵਨੁ ਐਸਾ ਸੁਪਨੇ ਜੈਸਾ....॥* *ਅੰਗ- ੪੯੨*

ਇਕ ਸੁਪਨਾ ਵੱਡਾ ਹੈ –

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥* *ਅੰਗ- ੮੦੮*

ਜਿਹੋ ਜਿਹਾ ਰਾਤ ਦਾ ਸੁਪਨਾ ਉਹੀ ਆਹ ਸੁਪਨਾ ਹੈ ਜਿਹਦੇ ਵਿਚ ਆਪਾਂ ਬੈਠੇ ਹਾਂ। ਇਹ ਇਕ ਸੁਪਨੇ ਵਿਚੀਂ ਹੀ ਲੰਘ ਰਹੇ ਹਾਂ। ਉਹ ਸੁਪਨਾ ਇਕ ਰਾਤ ਦਾ ਹੈ। ਇਹ ਸੁਪਨਾ 50 ਸਾਲ ਦਾ, 60 ਸਾਲ ਦਾ, 70, 80 ਸਾਲ ਦਾ ਸੁਪਨਾ ਹੈ। ਇਹ ਜਦੋਂ ਸੁਪਨਾ ਟੁੱਟ ਜਾਂਦੈ ਫੇਰ ਦੁਨੀਆਂ ਹੀ ਹੋਰ ਹੈ। ਇਥੇ ਇਸ ਤਰ੍ਹਾਂ ਸਮਝ ਲਓ ਕਿ ਇਕ ਸੇਰ ਆਟਾ ਉਹ ਵੀ ਖਾਧਾ ਜਾਣੈ, ਜੇ 40 ਸੇਰ ਆਟਾ ਹੈ ਉਹ 40 ਦਿਨਾਂ 'ਚ ਖਾ ਹੋ ਜਾਣੈ। ਬਾਹਰ ਕੀ ਹੈ, ਬਾਹਰ ਵੀ ਸੁਪਨਾ ਹੈ। ਮਹਾਰਾਜ ਕਹਿੰਦੇ, ਸੁਪਨੇ ਦੇ ਨਾਲ ਚਿੱਤ ਲਾ ਕੇ ਬੈਠ ਗਿਆ ਬੰਦਾ। ਸੁਪਨੇ ਦੇ ਅੰਦਰ ਹੀ ਸਾਰੇ ਕੰਮ ਕਰ ਰਿਹਾ ਹੈ। ਐਸਾ ਫੁਰਮਾਨ ਕਰਦੇ ਨੇ –

*ਧਾਰਨਾ – ਲਾ ਲਿਆ ਮੂਰਖਾ,*
*ਚਿੱਤ ਨਾਲ ਸੁਪਨੇ ਦੇ।*
*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਅੰਗ- ੭੦੭*

ਸੁਪਨੇ ਦੇ ਨਾਲ ਚਿੱਤ ਲਾ ਲਿਆ। ਜਦੋਂ ਜਾਗ

ਆਈ ਕੁਛ ਵੀ ਨਾ ਰਿਹਾ।

ਇਕ ਰਾਜਾ ਸੀ। ਉਸਨੇ ਬੜਾ ਭਾਰਾ ਯੁੱਧ ਕਰਿਆ। 96 ਘੰਟੇ ਲੜਦਾ ਰਿਹਾ ਤੇ ਰਾਜ ਜਿੱਤ ਲਿਆ। ਦੁਸ਼ਮਣ ਫੌਜਾਂ ਫੜ ਲਈਆਂ। ਦੂਜਾ ਰਾਜਾ ਹਾਰ ਖਾ ਕੇ ਭੱਜ ਗਿਆ। ਥੱਕ ਐਨਾ ਗਿਆ ਕਿ ਇਹਨੇ ਆਪਣੇ ਵਜ਼ੀਰਾਂ ਨੂੰ ਕਿਹਾ ਕਿ ਮੈਨੂੰ ਹੁਣ ਜਗਾਇਓ ਨਾ ਤੇ ਮੈਂ ਸੌਣਾ ਹੈ।

ਵਜ਼ੀਰ ਨੇ ਕਿਹਾ ਕਿ ਆਪ ਦੇ ਹੁਕਮ ਦੀ ਤਾਮੀਲ ਹੋਏਗੀ। ਆਪ ਆਰਾਮ ਨਾਲ ਸੋਵੋਂ। ਜਿਸ ਵਕਤ ਰਾਜਾ ਜਾ ਕੇ ਸੌਂ ਗਿਆ। ਇਧਰ ਪੁੱਤਰ ਫੱਟੜ ਹੋਇਆ-ਹੋਇਆ ਸੀ ਉਹ ਮਰ ਗਿਆ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਰਾਜ ਕੁਮਾਰ ਮਰ ਗਿਆ, ਰਾਜੇ ਨੂੰ ਦਸਣਾ ਚਾਹੀਦੈ। ਵਜ਼ੀਰ ਨੇ ਕਿਹਾ ਕਿ ਉਹਦਾ ਤਾਂ ਹੁਕਮ ਹੈ ਕਿ ਜਗਾ ਨਹੀਂ ਸਕਦੇ। ਇਕ ਦਿਨ ਲੰਘ ਗਿਆ। ਦੂਸਰਾ ਦਿਨ ਲੰਘ ਗਿਆ, ਤਿੰਨ ਦਿਨ ਲੰਘ ਗਏ, ਚੌਥਾ ਦਿਨ ਆ ਗਿਆ। ਉਸ ਵੇਲੇ ਵਜ਼ੀਰ ਨੇ ਕਿਹਾ ਕਿ ਚਲੋ ਜੋ ਸਜ਼ਾ ਹੋਏਗੀ ਮੈਂ ਭੁਗਤਾਂਗਾ। ਮੈਂ ਜਗਾਉਂਦਾ ਹਾਂ।

ਉਸ ਵੇਲੇ ਰਾਜੇ ਨੂੰ ਜਾ ਕੇ ਬੜੀ ਮੁਸ਼ਕਲ ਦੇ ਨਾਲ ਹਿਲਾ-ਹਿਲਾ ਕੇ ਜਗਾਇਆ। ਰਾਜਾ ਜਦੋਂ ਉਠਿਆ ਉਠ ਕੇ ਰੋਣ ਲਗ ਗਿਆ। ਕਹਿਣ ਲੱਗੇ, ਹਜ਼ੂਰ! ਆਪ ਰੋਂਦੇ ਕਿਉਂ ਹੋਂ? ਕਹਿਣ ਲੱਗਿਆ, ਤੁਸੀਂ ਕਿਉਂ ਰੋ ਰਹੇ ਹੋਂ? ਕਹਿੰਦੇ, ਮਹਾਰਾਜ! ਅਸੀਂ ਤਾਂ ਤਾਂ ਰੋ ਰਹੇ ਹਾਂ, ਆਪ ਦਾ ਰਾਜ ਕੁਮਾਰ ਚੜ੍ਹਾਈ ਕਰ ਗਿਆ। ਕਹਿੰਦਾ, ਤੁਸੀਂ ਇਸ ਨੂੰ ਰੋ ਰਹੇ ਹੋਂ। ਮੇਰੇ ਚਾਰ ਕੁਮਾਰ ਮੇਰੇ ਨਾਲ ਹੁਣੇ ਖੇਲ੍ਹ ਰਹੇ ਸੀ। ਮੇਰੀਆਂ ਰਾਣੀਆਂ ਮੇਰੇ ਆਲੇ-ਦੁਆਲੇ ਬੈਠੀਆਂ ਸੀ। ਉਹ ਸਾਰੇ ਹੀ ਕਿੱਥੇ ਚਲੇ ਗਏ, ਮੈਂ ਉਹਨਾਂ ਨੂੰ ਰੋ ਰਿਹਾ ਹਾਂ। ਕਹਿੰਦੇ, ਮਹਾਰਾਜ! ਉਹ ਤਾਂ ਸੁਪਨਾ ਸੀ। ਕਹਿੰਦਾ, ਆਹ ਸੁਪਨਾ ਨਹੀਂ ਹੈ?

ਸੁਪਨੇ ਦੇ ਵਿਚ ਸੁਪਨਾ ਸੱਚ ਲਗਦੈ। ਕੋਈ ਬੰਦਾ ਨਹੀਂ ਜਿਹਨੂੰ ਇਹ ਪਤਾ ਲਗ ਜਾਵੇ ਕਿ ਮੈਨੂੰ ਤਾਂ ਸੁਪਨਾ ਆ ਰਿਹੈ। ਦੁਖ ਪਾਉਂਦੈ, ਨੱਠਦੈ ਭੱਜਦੈ, ਜਾਨਵਰ ਪਿੱਛੇ ਪੈਂਦੇ ਨੇ, ਰਾਖੀ ਕਰਦੈ, ਪਾਣੀ ਆ ਗਿਆ, ਤੈਰਨ ਦਾ ਯਤਨ ਕਰਦੈ, ਹੋਰ ਅਨੇਕਾਂ ਕਿਸਮ ਦੀਆਂ ਚੀਜ਼ਾਂ ਅਨੁਭਵ ਕਰਦੈ। ਪਿਆਸ ਲਗਦੀ ਹੈ ਤੇ ਡਰ ਆਉਂਦੇ ਨੇ। ਉਸ ਵੇਲੇ ਸੁਪਨਾ ਸੱਚਾ ਹੈ। ਜਿਸ ਵਕਤ ਜਾਗ ਆਉਂਦੀ ਹੈ ਉਥੇ ਵੀ ਇਹੀ ਕੰਮ ਚਲਦੈ। ਜੇ ਉਹ ਸੁਪਨਾ ਝੂਠਾ ਹੋਵੇ ਤਾਂ ਉਸ ਵੇਲੇ ਕਿਉਂ ਆਇਆ, ਵੱਡੀਆਂ-ਵੱਡੀਆਂ ਰਾਜ ਗੱਦੀਆਂ 'ਤੇ ਵੀ ਬੈਠ ਜਾਂਦੈ ਬੰਦਾ ਸੁਪਨੇ ਵਿਚ। ਉਹ ਵੀ ਇਕ ਜੀਵਨ ਹੈ, ਛੋਟਾ ਜਿਹਾ ਰਾਤ ਭਰ ਦਾ। ਇਹ ਵੀ ਇਕ ਜੀਵਨ ਹੈ। ਜੇ ਸਾਡੇ ਵਾਲਾ ਇਹ ਸੱਚਾ ਹੋਵੇ, ਤਾਂ ਕਹਿੰਦੇ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ॥*

*ਅੰਗ- ੧੩੮੧*

ਦੱਸੋ ਜਿਹੜੇ ਸਾਨੂੰ ਛੋਟੇ ਹੁੰਦਿਆਂ ਨੂੰ ਬਾਹਰ ਲੈ ਕੇ ਆਉਂਦੇ ਸੀ ਉਂਗਲੀਆਂ ਲਾ ਕੇ, ਉਹ ਗਏ ਕਿੱਥੇ? ਨਾਉਂ ਵੀ ਭੁੱਲ ਗਏ ਲੋਕ। ਕਿਸੇ ਦੇ ਕੁਛ ਨਹੀਂ ਯਾਦ ਹੈ। ਜੇ ਉਹ ਸੱਚੇ ਹੁੰਦੇ ਤਾਂ ਸੱਚ ਹੁੰਦਾ, ਉਹ ਫੇਰ ਵੀ ਆ ਜਾਂਦੇ ਮੁੜ ਕੇ। ਉਹ ਆਏ ਹੀ ਨਹੀਂ। ਇਕ ਹੀ ਨਹੀਂ ਆਇਆ, ਕੋਈ ਵੀ ਨਹੀਂ ਆਇਆ। ਐਸਾ ਫੁਰਮਾਨ ਹੈ -

*ਧਾਰਨਾ - ਕਿਥੇ ਗਏ ਨੇ ਪੈਗੰਬਰ ਪੀਰ ਔਲੀਏ,*
*ਦਿਸਦਾ ਨਾ ਕੋਈ ਜਗ 'ਤੇ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

*ਜੋਗੀ ਜਤੀ ਬ੍ਰਹਮਚਾਰੀ ਬਡੇ ਬਡੇ ਛਤ੍ਰਧਾਰੀ,*
*ਛਤ੍ਰ ਹੀ ਕੀ ਛਾਇਆ ਕਈ ਕੋਸ ਲੌ ਚਲਤ ਹੈਂ।*
*ਬਡੇ ਬਡੇ ਰਾਜਨ ਕੈ ਦਾਬਤ ਫਿਰਤਿ ਦੇਸ,*
*ਬਡੇ ਬਡੇ ਭੂਪਨ ਕੇ ਦ੍ਰਪ ਕੋ ਦਲਤੁ ਹੈਂ।*
*ਮਾਨ ਸੇ ਮਹੀਪ ਔ ਦਿਲੀਪ ਕੇ ਸੇ ਛਤ੍ਰਧਾਰੀ,*
*ਬਡੋ ਅਭਿਮਾਨ ਭੁਜ ਦੰਡ ਕੋ ਕਰਤ ਹੈਂ।*
*ਦਾਰਾ ਸੇ ਦਿਲੀਸਰ ਦ੍ਰਜੋਧਨ ਸੇ ਮਾਨਧਾਰੀ,*
*ਭੋਗ ਭੋਗ ਭੂਮ ਅੰਤ ਭੂਮ ਮੈ ਮਿਲਤ ਹੈਂ।*

*ਕਬਿੱਤ (ਅਕਾਲ ਉਸਤਤਿ)*

ਕਿੱਥੇ ਚਲੇ ਗਏ ਸਾਰੇ। ਜੇ ਸੱਚ ਹੁੰਦੀ ਹੈ ਦੁਨੀਆਂ ਤਾਂ ਫੇਰ ਵੀ ਆਉਂਦੇ ਕਦੇ ਨਾ ਕਦੇ। ਜੋ ਲੰਘ ਸੋ ਲੰਘ ਗਿਆ। ਇਹ ਸੁਪਨਾ ਹੈ। ਸੁਪਨੇ ਦੇ ਬੰਦੇ ਕਦੇ ਦੁਬਾਰਾ ਮਿਲੇ ਨੇ? ਜਿਹੜੇ ਲੰਘ ਗਏ ਸੋ ਲੰਘ ਗਏ। ਸੋ ਇਸ ਤਰ੍ਹਾਂ ਦੇ ਨਾਲ ਇਕ ਸੁਪਨਾ ਰੈਣ ਦਾ ਹੈ। ਸੋ ਅਸੀਂ ਚਿੱਤ ਲਾ ਲਿਆ ਸੁਪਨੇ ਦੇ ਨਾਲ ਕਿ ਅਸੀਂ ਇਥੇ ਹੀ ਰਹਿਣਾ ਹੈ, ਜਾਣਾ ਨਹੀਂ ਹੈ। ਪਰ ਜਿਹੜੀ ਅਸਲੀ ਹਾਲਤ ਹੈ, ਉਹਨੂੰ ਅਸੀਂ ਭੁੱਲੇ ਪਏ ਹਾਂ। ਆਪਣੇ ਆਪ ਨੂੰ ਜੀਵ ਮੰਨ ਲਿਆ। ਜੀਵ ਮੰਨ ਕੇ ਜੰਮਣ ਮਰਣ ਦੇ ਚੱਕਰ ਕੱਟੀ ਜਾਂਦੇ ਹਾਂ। ਆਪਣੀ ਸੋਝੀ ਨਹੀਂ ਪੈਂਦੀ ਕਿ ਮੈਂ ਕੌਣ ਹਾਂ।

ਸੋ ਇਸ ਤਰ੍ਹਾਂ ਦੇ ਨਾਲ ਅਸ਼ਟਾਵਕਰ ਕਹਿਣ ਲੱਗਿਆ, ਰਾਜਨ! ਉਹ ਵੀ ਝੂਠਾ, ਆਹ ਵੀ ਝੂਠਾ। ਇਹ ਵੱਡਾ ਸੁਪਨਾ ਹੈ, ਉਹ ਛੋਟਾ ਸੁਪਨਾ ਸੀ। ਉਸ ਵੇਲੇ ਸਾਰੀ ਗੱਲ ਸਾਰਿਆਂ ਨੇ ਸੁਣੀ। ਧੰਨ-ਧੰਨ ਕਿਹਾ ਸਭ ਨੇ ਕਿ ਧੰਨ ਇਹ ਛੋਟਾ ਜਿਹਾ ਰਿਸ਼ੀ-ਕੁਮਾਰ,

ਜਿਹਨੇ ਅੱਠ ਸਾਲ ਤੋਂ ਬੰਦ ਪਿਆਂ ਨੂੰ ਸਾਨੂੰ ਛੁਡਾ ਦਿਤਾ। ਉਸ ਵੇਲੇ ਰਾਜੇ ਨੇ ਕਿਹਾ ਕਿ ਮੈਂ ਗੁਰੂ ਧਾਰਨਾ ਚਾਹੁੰਦਾ ਹਾਂ। ਪਰ ਗੁਰੂ ਉਹ ਹੋਵੇ, ਜਿਹੜਾ ਘੋੜੇ ਦੀ ਰਕਾਬ 'ਚ ਪੈਰ ਪਾਉਣ ਤੋਂ ਬਾਅਦ ਦੂਜੇ ਪਾਸੇ ਰੱਖਣ ਤਕ ਗਿਆਨ ਕਰਾਵੇ।

ਸਭ ਨੀਵੀਆਂ ਪਾ ਗਏ। ਕਹਿੰਦਾ, ਕੋਈ ਨਹੀਂ ਭਾਰਤ ਵਰਸ਼ ਵਿਚ ਐਸਾ ਰਿਸ਼ੀ। ਕੀ ਕਾਲ ਪੈ ਗਿਆ ਰਿਸ਼ੀਆਂ ਦਾ? ਰਿਸ਼ੀ ਤਾਂ ਹੱਥ ਲਾ ਕੇ ਗਿਆਨ ਕਰਾ ਦਿੰਦੇ ਸੀ। ਮੈਂ ਤਾਂ ਸਮਾਂ ਦਿੰਦਾ ਹਾਂ, ਇਕ ਸਕਿੰਟ, ਦੋ ਸਕਿੰਟ ਲੱਗਣਗੇ।

ਉਸ ਵੇਲੇ ਅਸ਼ਟਾਵਕਰ ਫੇਰ ਉਠਿਆ, ਕਹਿਣ ਲੱਗਿਆ, ਰਾਜਨ! ਘੋੜਾ ਮੰਗਵਾ। ਕਹਿੰਦੇ, ਦੇਖ ਤੈਨੂੰ ਗਿਆਨ ਹੋ ਜਾਣੈ, ਗਿਆਨ ਹੋਣ ਤੋਂ ਬਾਅਦ ਤੈਨੂੰ ਅਸਲੀਅਤ ਦਾ ਪਤਾ ਲਗ ਜਾਣੈ। ਪਤਾ ਨਹੀਂ ਤੂੰ ਰਾਜ ਕਰੇਂ ਜਾਂ ਨਾ ਕਰੇਂ ਪਰ ਗੁਰੂ ਦੱਛਣਾ ਪਹਿਲਾਂ ਦੇਣੀ ਚਾਹੀਦੀ ਹੈ।

ਕਹਿਣ ਲੱਗਿਆ ਕਿ ਮਹਾਰਾਜ! ਜੋ ਆਪ ਹੁਕਮ ਕਰੋ ਮੈਂ ਗੁਰੂ ਦੱਛਣਾ ਦਿੰਦਾ ਹਾਂ।

ਕਹਿਣ ਲੱਗੇ, ਤੇਰੇ ਕੋਲ ਜੋ ਅਨਾਤਮ ਹੈ ਨਾ, ਐਨਾ ਤਾਂ ਉਹ ਜਾਣਦਾ ਸੀ ਕਿ ਆਤਮ ਕੀ ਹੁੰਦੈ, ਅਨਾਤਮ ਕੀ ਹੁੰਦੈ। ਅਸੀਂ ਤਾਂ ਅਣਜਾਣ ਹਾਂ ਸਾਨੂੰ ਤਾਂ ਪਤਾ ਹੀ ਨਹੀਂ ਕਿ ਆਤਮ ਕੀ ਹੁੰਦੈ ਤੇ ਅਨਾਤਮ ਕੀ ਹੁੰਦੈ। ਉਹ ਕਹਿੰਦਾ, ਜੋ ਤੇਰੇ ਕੋਲ ਅਨਾਤਮ ਹੈ, ਉਹ ਮੈਨੂੰ ਸੰਕਲਪ ਕਰ ਦੇ।

ਰਾਜਾ ਕਹਿਣ ਲੱਗਿਆ, ਮਹਾਰਾਜ! ਮੇਰਾ ਰਾਜ, ਮੇਰੇ ਖਜ਼ਾਨੇ, ਮੇਰੀ ਸਾਰੀ ਜਾਇਦਾਦ, ਮੇਰੇ ਘੋੜੇ, ਮੇਰੇ ਹਾਥੀ, ਮੇਰੀਆਂ ਫੌਜਾਂ ਮੈਂ ਸਾਰੀਆਂ ਸੰਕਲਪ ਕਰਕੇ ਤੁਹਾਨੂੰ ਸਮਰਪਣ ਕਰਦਾ ਹਾਂ।

ਗਿਆਨ ਕਿਤੇ ਕੋਈ ਸੁਖਾਲੀ ਜਿਹੀ ਚੀਜ਼ ਥੋੜ੍ਹਾ ਹੈ। ਨਾਮ ਦੇ ਮੰਡਲ 'ਚ ਪਹੁੰਚ ਜਾਣਾ ਕੋਈ ਛੋਟੀ ਜਿਹੀ ਬਾਤ ਹੈ। ਵੱਡੇ ਤੋਂ ਵੱਡਾ ਸੌਦਾ ਹੋ ਸਕਦੈ।

ਉਸ ਵੇਲੇ ਸਭ ਕੁਝ ਦੇ ਦਿਤਾ। ਕਹਿੰਦੇ, ਹਾਲੇ ਤਾਂ ਤੇਰੇ ਕੋਲ ਹੋਰ ਬਚ ਗਿਆ।

ਕਹਿੰਦਾ, ਕੀ ਮਹਾਰਾਜ?

ਕਹਿੰਦੇ, ਆਹ ਸਰੀਰ ਆਤਮਾ ਹੈ?

ਕਹਿੰਦਾ, ਨਹੀਂ ਅਨਾਤਮਾ ਹੈ।

ਕਹਿੰਦੇ, ਇਹ ਦੇ ਦੇ।

ਕਹਿੰਦੇ, ਦੋ ਸਰੀਰ ਤੇਰੇ ਹੋਰ ਬਚਦੇ ਨੇ? ਇਕ ਸੂਖਸ਼ਮ ਸਰੀਰ ਹੈ, ਇਕ ਕਾਰਨ ਸਰੀਰ ਹੈ। ਜਿਹੜਾ ਤੇਰਾ ਸੂਖਸ਼ਮ ਸਰੀਰ ਹੈ, ਇਹਦਾ ਤੈਨੂੰ ਪਤੈ, ਮੇਰੇ ਕੋਲ ਕੀ-ਕੀ ਆ ਜਾਣੈ? ਤੇਰਾ ਮਨ ਵੀ ਆ ਜਾਣੈ, ਤੇਰੀ ਬੁੱਧੀ ਵੀ ਆ ਜਾਣੀ ਹੈ, ਤੇਰਾ ਚਿੱਤ ਵੀ ਆ ਜਾਣਾ ਹੈ ਤੇ ਨਾਲ ਤੂੰ ਵੀ ਆ ਜਾਣੈ। ਜਿਹਨੂੰ ਤੂੰ ਰਾਜਾ ਜਨਕ ਕਹਿੰਦਾ ਹੈਂ, ਹੱਥ ਲਾ ਕੇ ਦਿਖਾ ਕਿਹੜਾ ਰਾਜਾ ਜਨਕ ਹੈ।

ਕੋਈ ਬੰਦਾ ਲਾ ਸਕਦੈ? ਜੇ ਕੋਈ ਕਹੇ ਵਰਿਆਮ ਸਿੰਘ ਕਿਹੜੈ, ਹੱਥ ਹੀ ਨਹੀਂ ਲਾ ਸਕਦੇ। ਜੇ ਮੈਂ ਲਾ ਲਿਆ ਹੱਥ, ਤਾਂ ਉਹ ਕਹਿਣਗੇ ਤੂੰ ਤਾਂ ਬਾਂਹ ਨੂੰ ਹੱਥ ਲਾਇਐ। ਜੇ ਮੈਂ ਛਾਤੀ ਨੂੰ ਹੱਥ ਲਾ ਕੇ ਕਿਹਾ ਕਿ ਆਹ ਹੈ ਤਾਂ ਕਹਿੰਦੇ, ਇਹ ਤਾਂ ਛਾਤੀ ਨੂੰ ਹੱਥ ਲਾਇਐ। ਜੇ ਗੋਡਿਆਂ ਨੂੰ ਹੱਥ ਲਾਇਆ, ਕਹਿੰਦੇ ਗੋਡੇ, ਜੇ ਮੱਥੇ ਨੂੰ ਹੱਥ ਲਾਇਆ ਕਹਿੰਦੇ ਨੇ ਮੱਥਾ ਹੈ। ਵਰਿਆਮ ਸਿੰਘ ਕੱਢ ਕੇ ਦਿਖਾਓ ਇਹਦੇ 'ਚੋਂ ਕਿੱਥੇ ਹੈ? ਉਹ ਹੈ ਹੀ ਨਹੀਂ। ਅਨਾਤਮ ਚੀਜ਼ ਨੂੰ ਆਤਮ ਸਮਝਦੈ।

ਉਸ ਵੇਲੇ ਕਹਿੰਦਾ ਜਿਹੜਾ ਰਾਜਾ ਜਨਕ ਹੈਂ ਨਾ ਤੂੰ, ਉਹ ਵੀ ਮੇਰੇ ਕੋਲ ਆ ਜਾ। ਉਹ ਹੁੰਦੀ ਹੈ ਹੋਂਦ-ਹੰਗਤਾ ਤੇ ਮਮਤਾ ਦੀ। ਹੁਣ ਸਾਰਾ ਕੁਝ ਸਮਰਪਣ ਕਰ ਦਿਤਾ।

ਹੁਣ ਘੋੜੇ ਤੇ ਪੈਰ ਰੱਖਣ ਲਗਿਆ, ਕਹਿੰਦੇ ਤੈਨੂੰ ਕੀਹਨੇ ਕਿਹੈ ਘੋੜੇ 'ਤੇ ਪੈਰ ਰੱਖਣ ਲਈ?

ਰਾਜਾ ਚੁੱਪ ਕਿ ਮੈਂ ਤਾਂ ਸਾਰਾ ਕੁਝ ਦੇ ਚੁਕਿਆ ਹਾਂ।

ਐਨੇ ਨੂੰ ਇਕ ਬ੍ਰਾਹਮਣ ਆ ਗਿਆ। ਆ ਕੇ ਬਹੁਤ ਵਿਰਲਾਪ ਕਰਿਆ ਉਹਨੇ ਕਿ ਮਹਾਰਾਜ! ਮੇਰੀ ਮਦਦ ਕਰੋ, ਮੈਂ ਗਰੀਬ ਹਾਂ, ਦਲਿੱਦਰ ਮੇਰੇ ਉਪਰ ਬਹੁਤ ਹੈ। ਜੀਅ 'ਚ ਆਇਆ ਕਿ ਮੈਂ ਖਜ਼ਾਨਚੀ ਨੂੰ ਕਹਿ ਦੇਵਾਂ ਕਿ ਐਨੇ ਪੈਸੇ ਦੇ-ਦੇ। ਫੇਰ ਸੋਚਿਆ ਕਿ ਇਹ ਤਾਂ ਮੈਂ ਦੇ ਚੁਕਿਆ ਗੁਰੂ ਨੂੰ। ਮੇਰਾ ਤਾਂ ਕੁਛ ਹੈ ਹੀ ਨਹੀਂ। ਸੋ ਕੋਈ ਚੀਜ਼ ਉਹਦੇ ਕੋਲ ਨਹੀਂ। ਐਸੀ ਅਵਸਥਾ ਨੂੰ ਮਹਾਰਾਜ ਨੇ ਫੁਰਮਾਨ ਕੀਤਾ ਹੈ, ਪੜ੍ਹੋ ਪਿਆਰ ਨਾਲ-

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

ਸੋ ਉਸ ਵੇਲੇ ਕੋਈ ਚੀਜ਼ ਨਹੀਂ। ਬਾਕੀ ਕੀ ਦੇਖਦੈ ਇਕ ਮਹਾਨ ਚੁੱਪ ਹੈ। ਉਸ ਚੁੱਪ ਦੇ ਵਿਚ ਮਹਾਨ ਰਸ ਹੈ। ਸਮਾਧੀ ਲਗ ਗਈ ਉਸੇ ਵੇਲੇ। ਜਦੋਂ ਇਕ ਪਹਿਰ ਲੰਘ ਗਿਆ। ਬ੍ਰਾਹਮਣ ਨੇ ਪਹਿਲਾਂ ਤਾਂ ਇਸ ਤਰ੍ਹਾਂ ਕਿਹਾ, ਫੇਰ ਗਾਲ੍ਹਾਂ ਕੱਢਣ ਲਗ ਗਿਆ। ਸਾਰੀ ਸਭਾ ਡਰ ਗਈ ਕਿ ਸਰਾਪ ਨਾ ਦੇ ਜਾਵੇ। ਉਹਨੇ ਕਿਹਾ ਕਿ ਮੇਰਾ ਹੈ ਹੀ ਕੁਛ ਨਹੀਂ, ਸਰਾਪ ਤਾਂ ਤਾਂ ਲੱਗੇ ਜੇ ਹੋਵੇ ਕੁਛ। ਜਦੋਂ ਹੈ ਹੀ ਨਹੀਂ, ਇਥੇ ਹੈ ਕੀ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਅੰਗ- ੪੪੧*

ਇਹ ਆਤਮਾ ਹੈ -

*ਆਤਮਾ ਪਰਾਤਮਾ ਏਕੋ ਕਰੈ॥ ਅੰਗ- ੬੬੧*

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਮੈਂ ਭਾਵ ਖਤਮ ਹੋ ਗਿਆ। ਬਾਕੀ ਕੀ ਰਹਿ ਗਿਆ ਇਹਦੇ ਵਿਚ। ਆਹ ਸਰੀਰ ਵਿਚ ਦੋ ਵਸਦੇ ਨੇ। ਇਕ ਤਾਂ ਹੈ ਅਸਲੀ ਉਹ ਤਾਂ ਹੈਗਾ ਸਾਖੀ ਚੇਤਨ ਕਹਿੰਦੇ ਨੇ, ਉਹਨੂੰ ਬ੍ਰਹਮ ਕਹਿੰਦੇ ਨੇ ਜਾਂ ਪ੍ਰਮਾਤਮਾ ਕਹਿੰਦੇ ਨੇ। ਦੂਸਰਾ ਇਹਦੇ ਵਿਚ ਉਹਦਾ ਪਰਛਾਵਾਂ ਹੈ ਜਿਹਨੂੰ ਜੀਵ ਕਹਿੰਦੇ ਨੇ। ਪਰਛਾਵਾਂ ਜਿਹੜਾ ਹੈ ਉਹਦੀ ਕੋਈ ਮਹੱਤਤਾ ਨਹੀਂ ਹੋਇਆ ਕਰਦੀ। ਪਰਛਾਵੇਂ ਨੂੰ ਤਾਂ ਆਪਣਾ ਆਪ ਮੰਨਦਾ ਹੈ। ਜਿਹਦਾ ਪਰਛਾਵਾਂ ਹੈ ਉਹਨੂੰ ਗਿਣਦਾ ਨਹੀਂ-

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ- ੫੫੦*

ਉਸ ਵੇਲੇ ਗਿਆਨ ਕਰਾ ਦਿਤਾ। ਗਿਆਨ ਕਰਾਇਆ ਮਾਇਆ ਲਹਿ ਗਈ। ਅੱਖਾਂ ਖੁਲ੍ਹ ਗਈਆਂ-

*ਕਬਹੂ ਸਾਧਸੰਗਤਿ ਇਹੁ ਪਾਵੈ॥ ਅੰਗ- ੨੭੮*

ਕਿਸੇ ਮੌਕੇ ਕੋਈ ਸਾਧੂ ਮਿਲ ਜਾਵੇ, ਉਹਦੀ ਸੰਗਤ ਮਿਲ ਜਾਵੇ।

*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥ ਅੰਗ- ੨੭੮*

ਜੇ ਇਕ ਵਾਰੀ ਗਿਆਨ ਦਾ ਪ੍ਰਕਾਸ਼ ਹੋ ਗਿਆ ਉਹਦਾ ਨਾਸ਼ ਨਹੀਂ ਹੋਇਆ ਕਰਦਾ। ਕਿਉਂ ਨਹੀਂ ਹੁੰਦਾ ਕਿਉਂਕਿ ਅੱਖਾਂ ਨਾਲ ਦੇਖ ਲਿਆ। ਅੱਖਾਂ ਨਾਲ ਹਰ ਥਾਂ ਦੇ ਉਤੇ ਪ੍ਰਮੇਸ਼ਰ ਨੂੰ ਦੇਖ ਲਿਆ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ੧ ॥ ਅੰਗ- ੪੦੭*

ਰਾਤ ਨੂੰ ਹਨ੍ਹੇਰੇ ਵਿਚ ਰੱਸੀ ਪਈ ਹੈ। ਸਾਰੀ ਰਾਤ ਡਰੀ ਗਏ ਕਿ ਸੱਪ ਪਿਆ ਹੈ। ਜਦੋਂ ਚਾਨਣਾ ਹੋ ਗਿਆ ਬਈ ਇਹਦੇ 'ਚ ਤਾਂ ਸੱਪ ਆ ਹੀ ਨਹੀਂ ਸਕਦਾ, ਐਵੇਂ ਹੀ ਮੈਂ ਡਰ ਗਿਆ, ਭੁਲੇਖੇ 'ਚ ਆ ਕੇ। ਹੁਣ ਜਿਹਨੇ ਰੱਸੀ ਦੇਖ ਲਈ ਉਹ ਚਾਹੇ ਹਨ੍ਹੇਰੇ 'ਚ ਉਥੇ ਪੈਰ ਰਖ ਕੇ ਤੁਰੀ ਜਾਵੇ, ਉਹਨੂੰ ਪਤਾ ਹੈ ਕਿ ਸੱਪ ਤਾਂ ਆਇਆ ਨਹੀਂ, ਇਹ ਤਾਂ ਰੱਸੀ ਹੈ। ਅਗਿਆਨ ਦਾ ਨਾਸ਼ ਹੋ ਗਿਆ ਨਾ। ਜਿਹਨੇ ਅੱਖਾਂ ਦੇ ਨਾਲ ਦੇਖ ਲਿਆ ਬਈ ਇਸ ਸੰਸਾਰ ਦੇ ਵਿਚ ਅਸਲੀਅਤ ਤਾਂ ਇਹ ਹੈ - ਪੜ੍ਹੋ ਪਿਆਰ ਨਾਲ -

*ਧਾਰਨਾ - ਤੂੰ ਹੀਂ ਮੋਹਿਨਾ, ਤੂੰ ਹੀਂ ਮੋਹਿਨਾ।*

ਜਿਹਨੇ ਦੇਖ ਲਿਆ ਚਾਨਣੇ ਦੇ ਅੰਦਰ ਕਿ ਇਹ ਤਾਂ ਰੱਸੀ ਪਈ ਸੀ ਵਲ ਖਾਈ, ਮੈਂ ਸਾਰੀ ਰਾਤ ਡਰਦਾ ਰਿਹਾ ਕਿ ਸੱਪ ਪਿਐ।

ਬੀਕਾਨੇਰ ਨੂੰ ਮੇਰੇ ਨਾਲ ਇਕ ਵਾਰੀ ਸਿੰਘ ਗਏ। ਇਥੋਂ ਉਥੇ ਜਾ ਕੇ ਇਕ ਸਿੰਘ ਕਹਿਣ ਲੱਗਿਆ, ਮੈਨੂੰ ਤਾਂ ਪਿਆਸ ਬਹੁਤ ਲੱਗੀ ਹੈ। ਪੁਛਿਆ, ਉਹਨਾਂ ਨੂੰ ਕਿ ਕਿੰਨੀ ਕੁ ਦੂਰ ਪਾਣੀ ਹੈ। ਉਹ ਕਹਿੰਦੇ, 10 ਮੀਲ 'ਤੇ ਹੈ। ਉਹ ਕਹਿੰਦਾ, ਝੂਠ ਬੋਲਦੇ ਹੋਂ ਸਾਰੇ ਤੁਸੀਂ, ਔਹ ਦੇਖੋ ਤਾਂ ਦਰਿਆ ਜਾਂਦਾ। ਅਸੀਂ ਕਿਹਾ ਕਿ ਅੱਖਾਂ ਦਾ ਭੁਲੇਖਾ ਹੈ। ਕਹਿੰਦਾ, ਬਿਲਕੁਲ ਨਹੀਂ, ਦੇਖੋ ਪਰਛਾਵਾਂ ਦਰਖਤ ਦਾ। ਅਸੀਂ ਖੜ੍ਹ ਗਏ, ਅਸੀਂ ਕਿਹਾ ਕਿ ਪਾਣੀ ਪੀ ਆ ਫੇਰ। ਉਥੇ ਗਿਆ, ਓਨੀਂ ਹੀ ਦੂਰ ਅਗਾਂਹਾਂ ਦਿਸੇ। ਥੋੜ੍ਹੀ ਦੂਰ ਅਗਾਂਹਾਂ ਤੁਰਿਆ, ਫੇਰ ਮੁੜ ਆਇਆ।

ਅਸੀਂ ਕਿਹਾ ਕਿ ਕੀ ਗੱਲ ਮੁੜ ਆਇਆ। ਕਹਿੰਦਾ, ਪਤਾ ਨਹੀਂ ਕੀ ਗੱਲ ਹੈ, ਪਾਣੀ ਨੂੰ ਕੀ ਹੋ ਜਾਂਦੈ। ਦਿਸਦਾ ਦਰਿਆ ਹੈ ਛੱਲਾਂ ਮਾਰਦਾ ਤੇ ਕੋਲ ਗਏ 'ਤੇ ਕੁਛ ਨਹੀਂ ਹੁੰਦਾ। ਹੁੰਦਾ ਕੀ ਹੈ? ਰੜੇ ਮੈਦਾਨ ਦੇ ਵਿਚ ਇਸ ਤਰ੍ਹਾਂ ਹੀ ਲਗਦਾ ਹੁੰਦੈ।

ਹਰਨ ਜਿਹੜਾ ਹੈ ਪਾਣੀ ਦੇ ਭੁਲੇਖੇ 'ਚ ਨੱਠਿਆ ਹੀ ਫਿਰਦੈ। ਮਿਰਗ ਤ੍ਰਿਸ਼ਨਾ ਉਹਨੂੰ ਕਹਿੰਦੇ ਨੇ। ਜਿਹਨੂੰ ਪਤਾ ਲਗ ਗਿਆ, ਉਹ ਮੁੜ ਕੇ ਗਲਤੀ ਨਹੀਂ ਖਾਂਦਾ। ਇਸੇ ਤਰ੍ਹਾਂ ਨਾਲ ਜਿਹਦੇ ਅੰਦਰ ਪ੍ਰਕਾਸ਼ ਹੋ ਗਿਆ -

*ਅੰਤਰਿ ਹੋਇ ਗਿਆਨ ਪਰਗਾਸੁ ॥*
*ਉਸੁ ਅਸਥਾਨ ਕਾ ਨਹੀ ਬਿਨਾਸੁ ॥ ਅੰਗ- ੨੭੮*

ਫੇਰ ਨਾਸ ਨਹੀਂ ਹੁੰਦਾ -

*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥ ੧੧ ॥*
*ਅੰਗ- ੨੭੮*

ਉਹ ਪ੍ਰਮੇਸ਼ਰ ਰੂਪ ਹੋ ਜਾਂਦੈ। ਦੇਖਣ ਨੂੰ ਸਰੀਰ ਨਜ਼ਰ ਆਉਂਦੈ, ਹੈਗਾ ਰੱਬ ਉਹ। ਬ੍ਰਹਮ ਗਿਆਨ ਹੋ ਗਿਆ। ਮਹਾਰਾਜ ਕਹਿੰਦੇ, ਉਹਦਾ ਦਰਜਾ ਕਿੱਡਾ ਉੱਚਾ ਹੋ ਜਾਂਦੈ। ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ,*
*ਬ੍ਰਹਮ ਗਿਆਨੀ ਨੂੰ।*

*ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥*
*ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ੬ ॥*
*ਅੰਗ-੨੭੩*

ਜੇ ਕਹਿ ਦਿਓ ਨਾ ਕਿ ਇਹ ਤਾਂ ਰੱਬ ਹੈ। ਰੱਬ ਕੋਈ ਇਕ ਚੀਜ਼ ਤਾਂ ਹੁੰਦੀ ਨਹੀਂ, ਇਹ ਵੀ ਮੈਂ ਤੁਹਾਨੂੰ ਦਸ ਦੇਵਾਂ। ਸਮੁੱਚਾ ਜਿੰਨਾ ਸਭ ਨਜ਼ਰ ਆਉਂਦਾ ਹੈ, ਸਾਰੇ ਨੂੰ ਪ੍ਰਮੇਸ਼ਰ ਕਹੋ ਫੇਰ ਇਹ ਬਿਲਕੁਲ ਸੱਚ ਬੋਲਦੈ। ਜੇ ਇਕੱਲੇ ਨੂੰ ਕਹੋ ਪ੍ਰਮੇਸ਼ਰ ਤਾਂ ਉਹ ਵੱਖਰਾ ਨਹੀਂ ਹੈ ਲੇਕਿਨ ਪ੍ਰਮੇਸ਼ਰ ਬੇਅੰਤ ਹੈ। ਜੇ ਤਾਂ ਸਰੀਰ ਨੂੰ ਕਹਿ ਦਿਤਾ ਕਿ ਇਹ ਪ੍ਰਮੇਸ਼ਰ ਹੈ, ਤਾਂ, ਤਾਂ ਝੂਠ ਬੋਲਦੈ। ਜਿਹੜੀ ਜੋਤ ਹੈ ਉਹ ਪ੍ਰਮੇਸ਼ਰ ਹੈ। ਜੋਤ ਨੂੰ ਕੋਈ ਜਾਣਦਾ ਨਹੀਂ। ਗਿਆਨਵਾਨ ਪੁਰਸ਼ ਜਾਣਦੇ ਨੇ ਕਿ ਇਹ ਤਾਂ ਪ੍ਰਮੇਸ਼ਰ ਹੀ ਹੈ ਇਥੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਕੋਲ ਜਦੋਂ ਕਈ ਬੰਦੇ ਆਉਣੇ, ਕਹਿਣਾ ਮਹਾਰਾਜ! ਦਰਸ਼ਨ ਕਰਨ ਆਏ ਹਾਂ। ਕਹਿੰਦੇ, ਕਰ ਲਏ। ਕਹਿੰਦੇ, ਹਾਂ ਜੀ ਮਹਾਰਾਜ। ਕਹਿੰਦੇ, ਜਿਹਦੇ ਦਰਸ਼ਨ ਤੁਸੀਂ ਕਰਨ ਆਏ ਹੋਂ ਨਾ ਈਸ਼ਰ ਸਿੰਘ ਦੇ, ਉਹ ਤਾਂ ਬਹੁਤ ਸਾਲ ਹੋ ਗਏ ਚੜ੍ਹਾਈ ਕਰ ਗਿਆ। ਉਹ ਨਹੀਂ ਹੈਗਾ ਇਹਦੇ ਵਿਚ।

ਮਹਾਰਾਜ ਜੀ ਕਦੇ-ਕਦੇ ਰਮਜ਼ ਮਾਰ ਦਿੰਦੇ ਸੀ ਐਸੀ। ਦੁਨੀਆਂ ਦੀ ਨਜ਼ਰ 'ਚ ਸਰੀਰ ਹੀ ਰਹਿੰਦੈ, ਕਿਉਂਕਿ ਜੋਤ ਨੂੰ ਉਹ ਨਹੀਂ ਜਾਣਦੇ।

ਕ੍ਰਿਸ਼ਨ ਮਹਾਰਾਜ ਜੀ ਜੇ ਬ੍ਰਹਮ ਭਾਵ 'ਚ ਹੋ ਕੇ ਬੋਲਦੇ ਨੇ। ਤਾਂ ਕਹਿੰਦੇ ਨੇ ਕਿ ਜੀ ਲਓ, ਆਪਣੇ ਆਪ ਨੂੰ ਮੈਂ-ਮੈਂ ਕਰੀ ਜਾਂਦਾ ਸੀ। ਮੈਂ ਰੱਬ ਹਾਂ-ਮੈਂ ਰੱਬ ਹਾਂ। ਆਪ ਨੂੰ ਪਤਾ ਨਹੀਂ ਲਗਦਾ, ਲੋਕ ਦੋਸ਼ ਮਹਾਂਪੁਰਸ਼ਾਂ ਨੂੰ ਦਿੰਦੇ ਨੇ।

ਸੋ ਉਹਦੇ ਨਾਲ ਰਾਜਾ ਜਨਕ ਦੀ ਅਵਸਥਾ ਚੜ੍ਹ ਗਈ -

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ।*
*ਦੇਵ ਲੋਕ ਨੋ ਚਲਿਆ*
*ਗਣ ਗੰਧਰਬ ਸਭਾ ਸੁਖਵਾਸੀ।* *ਭਾਈ ਗੁਰਦਾਸ ਜੀ*

ਲੇਕਿਨ ਜਾਂਦਾ-ਜਾਂਦਾ ਖਿਆਲ ਆ ਗਿਆ ਕਿ ਧਰਮਰਾਜ ਦੇ ਮੰਡਲ 'ਚੋਂ ਹੋ ਕੇ ਲੰਘੀਏ। ਧਰਮਰਾਜ ਦੇ ਮੰਡਲ 'ਚ ਕੋਈ ਸੰਤ ਨਹੀਂ ਜਾਂਦਾ। ਸੰਤਾਂ ਦਾ ਰਾਹ ਹੋਰ ਹੈ। ਇਹ ਪਾਪੀਆਂ ਤੇ ਪੁੰਨੀਆਂ ਦਾ ਰਾਹ ਹੈ। ਜਿਸ ਵਕਤ ਯਮਨੀ ਪੁਰੀ ਦੇ ਅੰਦਰ ਜਾਂਦੈ, ਧਰਮਰਾਜ ਦੇ ਕੋਲ। ਧਰਮਰਾਜ ਨੂੰ ਜਦੋਂ ਪਤਾ ਲੱਗਿਆ ਕਿ ਰਾਜਾ ਜਨਕ ਜੋ ਐਸ ਵੇਲੇ ਪੂਰਨ ਬ੍ਰਹਮ ਗਿਆਨੀ ਪ੍ਰਮੇਸ਼ਰ ਦਾ ਸਰੂਪ ਹੈ, ਉਹ ਮੇਰੇ ਮੰਡਲ 'ਚ ਆ ਗਏ। ਉਸ ਵੇਲੇ ਬੜੇ ਹੀ ਸ਼ਰਧਾ ਦੇ ਨਾਲ ਉਹਨਾਂ ਦਾ ਸਵਾਗਤ ਕਰਨ ਵਾਸਤੇ, ਉਥੋਂ ਦੇਵ ਮੰਡਲੀ ਨੂੰ ਨਾਲ ਲੈ ਕੇ ਇਸ ਤਰ੍ਹਾਂ ਦੇ ਨਾਲ ਬੇਨਤੀਆਂ ਕਰਦੈ -

*ਧਾਰਨਾ - ਮੇਰਾ ਕਰਤਾ ਭਵਨ ਪੁਨੀਤ,*
*ਹਰੀ ਦਿਆਂ ਸੰਤਾਂ ਨੇ।*

ਬਾਰ-ਬਾਰ ਬੇਨਤੀਆਂ ਕਰਦੈ -

*ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥ ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥ ੧੦ ॥*
*ਅੰਗ- ੧੪੨੫*

ਮਹਾਰਾਜ! ਤੁਹਾਡੇ ਮਨ 'ਚ ਤਾਂ ਦਇਆ ਆ ਗਈ। ਇਥੇ ਮੇਰੇ ਕੋਲ ਤਾਂ ਪਾਪੀ ਆਉਂਦੇ ਨੇ, ਪੁੰਨੀ ਆਉਂਦੇ ਨੇ। ਪੁੰਨੀ ਸਵਰਗਾਂ ਨੂੰ ਚਲੇ ਜਾਂਦੇ ਨੇ। ਪਾਪੀਆਂ ਨੂੰ ਉਹਨਾਂ ਦੇ ਕਰਮਾਂ ਦੇ ਅਨੁਸਾਰ ਨਰਕਾਂ ਦੇ ਵਿਚ ਸਜ਼ਾਵਾਂ ਮਿਲਦੀਆਂ ਨੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ*
*ਤਿਉ ਮਥੇ ਧ੍ਰਮ ਰਾਇ ॥ ੯ ॥* *ਅੰਗ- ੧੪੨੫*

ਮੇਰੇ ਉਪਰ ਤਾਂ ਤੁਸੀਂ ਅਪਾਰ ਕ੍ਰਿਪਾ ਕੀਤੀ ਹੈ-

*ਧਾਰਨਾ - ਸੁੱਤੇ ਭਾਗ ਜਾਗ ਪਏ ਮੇਰੇ,*
*ਮੇਲਾ ਹੋ ਗਿਆ ਸਾਧੂਆਂ ਦਾ।*

ਕਹਿਣ ਲੱਗੇ, ਮਹਾਰਾਜ! ਮੇਰੇ 'ਤੇ ਅਪਾਰ ਕ੍ਰਿਪਾ ਹੋਈ ਹੈ। ਇਥੇ ਸਾਧੂ ਦਾ ਕੀ ਕੰਮ। ਬ੍ਰਹਮਗਿਆਨੀ ਮਹਾਂਪੁਰਸ਼ ਨੇ ਇਥੇ ਮੇਰੇ ਕੋਲ ਕਰਨ ਕੀ ਆਉਣੈ? ਤੁਸੀਂ ਮੇਰੇ 'ਤੇ ਖਾਸ ਦਇਆ ਕੀਤੀ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਕਹਿਣ ਲੱਗਿਆ, ਮਹਾਰਾਜ! ਮੈਨੂੰ ਕੋਈ ਸੇਵਾ ਦੱਸੋ। ਅਵਾਜ਼ ਆ ਗਈ ਨਰਕਾਂ ਦੀ। ਹਾਇ-ਹਾਇ ਦੀ ਅਵਾਜ਼ ਹੋ ਰਹੀ ਹੈ। ਦਿਲ ਨਰਮ ਸੀ ਰਾਜਾ ਜਨਕ ਦਾ। ਕਹਿਣ ਲੱਗੇ, ਧਰਮਰਾਇ! ਆਹ ਅਵਾਜ਼ ਕਿਥੋਂ ਆਉਂਦੀ ਹੈ?

ਕਹਿਣ ਲੱਗਿਆ, ਪਾਤਸ਼ਾਹ! ਜਿਹੜੇ ਸੰਸਾਰ ਦੇ ਵਿਚ ਜਾ ਕੇ ਪਾਪ ਕਰਦੇ ਨੇ, ਹਤਿਆਰੇ ਨੇ। 98 ਕਰੋੜ ਪਾਪ ਦੇ ਬਰਾਬਰ ਇਕ ਹੱਤਿਆ ਹੁੰਦੀ ਹੈ। ਜਿਹੜੇ ਰਿਸ਼ੀ-ਮੁਨੀ ਨੇ ਚਿੰਤਕ ਸਾਡੇ ਭਾਰਤ ਵਰਸ਼ ਦੇ ਉਹਨਾਂ ਨੇ ਹਿਸਾਬ ਲਾਏ ਹੋਏ ਨੇ ਸਾਰੇ। ਛੇ ਹੱਤਿਆ ਵੱਡੀਆਂ-ਵੱਡੀਆਂ ਗਿਣੀਆਂ ਗਈਆਂ ਨੇ। ਗਊ ਨੂੰ ਮਾਰ ਦੇਣਾ, ਬ੍ਰਹਮ ਦੀ ਵਿਚਾਰ ਕਰਨ ਵਾਲੇ ਪੁਰਸ਼ ਨੂੰ ਮਾਰ ਦੇਣਾ, ਆਪਣੀ ਲੜਕੀ ਨੂੰ ਮਾਰ ਦੇਣਾ, ਰਿਣ ਹੱਤਿਆ- ਕਿਸੇ ਤੋਂ ਪੈਸਾ ਲੈ ਕੇ ਮੁਕਰ ਜਾਣਾ। ਅਕ੍ਰਿਤਘਣਤਾ- ਕਿਸੇ ਦਾ ਅਹਿਸਾਨ ਕੀਤਾ ਹੋਇਆ ਮੰਨਣਾ ਨਾ। ਸੋ ਇਸ ਤਰ੍ਹਾਂ ਦੀਆਂ ਛੇ ਹੱਤਿਆ ਹੋਇਆ ਕਰਦੀਆਂ ਨੇ।

*(ਬਾਕੀ ਪੰਨਾ 53 ਤੇ)*

# ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥

*ਸੰਤ ਬਾਬਾ ਹਰਪਾਲ ਸਿੰਘ ਜੀ*

*ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥*
*ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥ ੧ ॥*
*ਹਮ ਸੰਤਨ ਸਿਉ ਬਣਿ ਆਈ ॥*
*ਪੂਰਬਿ ਲਿਖਿਆ ਪਾਈ ॥*
*ਇਹੁ ਮਨੁ ਤੇਰਾ ਭਾਈ ॥ ਰਹਾਉ ॥*
*ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥*
*ਸੰਤਨ ਸਿਉ ਹਮ ਲਾਹਾ ਖਾਟਿਆ*
*ਹਰਿ ਭਗਤਿ ਭਰੇ ਭੰਡਾਰਾ ॥ ੨ ॥*
*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥*
*ਧਰਮ ਰਾਇ ਅਬ ਕਹਾ ਕਰੈਗੋ*
*ਜਉ ਫਾਟਿਓ ਸਗਲੋ ਲੇਖਾ ॥ ੩ ॥*
*ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥*
*ਕਹੁ ਨਾਨਕ ਹਰਿ ਸਿਉ ਮਨੁ ਮਾਨਿਆ*
*ਰੰਗਿ ਰਤੇ ਬਿਸਮਾਦੇ ॥ ੪ ॥ ੮ ॥ ੧੯ ॥*

*ਅੰਗ - ੬੧੪*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀ, ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਵਾਹਿਗੁਰੂ। ਪਾਤਸ਼ਾਹ ਨੇ ਕ੍ਰਿਪਾ ਕੀਤੀ, ਸਮੂੰਹ ਨਗਰ ਨਿਵਾਸੀ ਸਰਬੱਤ ਸਾਧਸੰਗਤ ਪੈਂਤਪੁਰ ਜਿਹਨਾਂ ਦੇ ਉਤੇ ਬਖਸ਼ਿਸ਼ ਹੋਈ ਹਰ ਸਾਲ ਵਾਂਗੂੰ, ਨਗਰ ਦੇ ਵਿਚ ਮਹਾਨ ਯੱਗ, ਗੁਰਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ, ਸਤਿਸੰਗ ਸਮਾਗਮ ਬਖਸ਼ਿਸ਼ ਹੋਏ। ਜਿਵੇਂ ਤੁਸੀਂ ਸੁਣਿਆ ਹੈ ਕਿ ਕਿਵੇਂ ਹਰ ਸਾਲ ਹੀ ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਯਾਦ, ਮਹਾਂਪੁਰਖਾਂ ਦੀ ਯਾਦ ਦੇ ਸਬੰਧ ਵਿਚ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਏ ਨੇ। ਸਾਰਿਆਂ ਦਾ ਤਿਲ ਫੁਲ ਇਸ ਮਹਾਨ ਯੱਗ ਦੇ ਵਿਚ ਪੈ ਰਿਹਾ ਹੈ। ਸਾਰੇ ਪ੍ਰੇਮੀ ਤਨ, ਮਨ, ਧਨ ਕਰਕੇ ਸੇਵਾ ਕਰ ਰਹੇ ਹਨ। ਸਾਨੂੰ ਵੀ ਸੁਭਾਗ ਸਮਾਂ ਪ੍ਰਾਪਤ ਹੋਇਆ। ਸਤਿਗੁਰਾਂ ਦੀ ਪਾਵਨ ਹਜ਼ੂਰੀ ਦੇ ਵਿਚ ਬੈਠ ਕੇ ਉਹਨਾਂ ਮਹਾਨ ਪਵਿੱਤਰ ਆਤਮਾਵਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸਮਾਂ ਮਿਲਿਆ ਹੈ। ਸਤਿਸੰਗ ਬਿਨਾਂ ਭਾਗਾਂ ਤੋਂ ਨਹੀਂ ਮਿਲਿਆ ਕਰਦਾ। ਜਿਨ੍ਹਾਂ ਦੇ ਭਾਗ ਬਣੇ, ਕਿੰਨੀਆਂ ਪਿਆਰ ਵਾਲੀਆਂ ਸੰਗਤਾਂ, ਦੂਰੋਂ-ਦੂਰੋਂ ਚੱਲ ਕੇ ਆਈਆਂ। ਜਿਹਨਾਂ ਦੇ ਉਤੇ ਬਖਸ਼ਿਸ਼ ਹੋਈ, ਉਹ ਸਤਿਗੁਰਾਂ ਦੇ ਪਾਵਨ ਦਰਬਾਰ ਦੇ ਵਿਚ ਪਹੁੰਚੇ ਹਨ। ਆਓ! ਪਿਛਲੇ ਦੀਵਾਨ ਵਿਚ ਸਤਿਸੰਗ ਦੀ ਮਹਾਨਤਾ ਵਰਣਨ ਕੀਤੀ ਸੀ। ਜੋ ਸਤਿਗੁਰਾਂ ਨੇ ਬਖਸ਼ਿਸ਼ ਕੀਤੀ, ਧੁਰ ਦਰਗਾਹੀ ਬਖਸ਼ੀ ਇਲਾਹੀ ਬਾਣੀ ਦੀ ਵਿਚਾਰ ਕੀਤੀ ਕਿ ਕਿਵੇਂ ਸਭ ਤੋਂ ਸ੍ਰੇਸ਼ਟ ਕਰਮ ਹੋ ਰਿਹਾ ਹੈ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ੮ ॥* *ਅੰਗ- ੬੪੨*

ਨਾਲ ਇਹ ਵੀ ਦਸ ਦਿਤਾ ਕਿ ਉਹਨਾਂ ਨੂੰ ਮਿਲਦਾ ਹੈ ਲਾਭ, ਜਿਹਨਾਂ ਦਾ ਪੂਰਬਲਾ ਕੋਈ ਕਰਮ ਜਾਗਿਆ। ਸਾਡਾ ਪੂਰਬਲਾ ਕਰਮ ਜਾਗਿਆ, ਐਸੇ ਮਹਾਤਮਾ ਦਾ, ਐਸੇ ਮਹਾਂਪੁਰਸ਼ਾਂ ਦਾ ਸਾਨੂੰ ਦੀਦਾਰ ਪ੍ਰਾਪਤ ਹੋਇਆ। ਸਰੀਰਕ ਤੌਰ 'ਤੇ 17 ਜੂਨ ਮਹਾਂਪੁਰਸ਼ਾਂ ਨੇ, 8 ਅਗਸਤ ਬੀਜੀ ਨੇ 1918 ਈਸਵੀ ਦੇ ਵਿਚ ਸਰੀਰ ਧਾਰਨ ਕੀਤਾ। ਓਧਰ ਨਗਰ ਧਮੋਟ ਨੂੰ ਭਾਗ ਲੱਗੇ, ਇਧਰ ਨਗਰ ਦਾਉਦਪੁਰ ਨੂੰ ਐਸੀ ਬਖਸ਼ੀ ਰੂਹ ਦੀ ਚਰਨ ਛੋਹ ਪ੍ਰਾਪਤ ਹੋਈ ਜਿਥੇ ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਉਦਪੁਰ ਵਾਲੇ ਨਿਵਾਸ ਰਖਦੇ ਸਨ। ਕਿੱਡੀਆਂ ਬਖਸ਼ਿਸ਼ਾਂ ਹੋਈਆਂ। ਉਹ ਰੂਹਾਂ ਦਾ ਸਰੀਰ ਧਾਰਨ ਕਰਨਾ। 8 ਸਾਲ ਪਹਿਲਾਂ ਹੀ ਮਹਾਂਪੁਰਸ਼ਾਂ ਨੇ ਦਸ ਦਿਤਾ ਸੀ ਤ੍ਰਿਕਾਲਦਰਸ਼ੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਖੰਡ ਕੀਰਤਨੀ ਜੱਥੇ ਵਾਲੇ ਉਹ ਤਾਂ ਸੰਤ ਲਿਖਦੇ ਹੀ ਨਹੀਂ ਸਨ ਕਿਸੇ ਨੂੰ। ਪਰ ਉਹਨਾਂ ਸੰਤ ਭਾਈ ਹੀਰਾ ਸਿੰਘ ਦਾਉਦਪੁਰੀਏ ਸਿਰਲੇਖ ਹੇਠ ਪੁਸਤਕ 'ਰੰਗਲੇ ਸੱਜਣ' ਉਹਨਾਂ ਦਾ ਜੀਵਨ ਅੰਕਿਤ ਕੀਤਾ ਹੈ। ਤ੍ਰਿਕਾਲਦਰਸ਼ੀ ਮਹਾਂਪੁਰਸ਼ ਜਿਹਨਾਂ ਨੇ ਐਸੇ ਬਚਨ ਕਰ ਦਿਤੇ। ਧਮੋਟ ਗਏ ਸਨ, ਪਾਠ ਕੀਤਾ, ਭੋਗ ਪਏ। ਰਿਸ਼ਤਾ ਕਰ ਦਿਤਾ ਕਿ 8 ਸਾਲ ਬਾਅਦ ਸਾਡੇ ਘਰ ਬੱਚੀ ਨੇ ਜਨਮ ਲੈਣਾ ਹੈ ਤੇ ਤੁਹਾਡੇ ਘਰ ਪੁੱਤਰ ਨੇ ਜਨਮ ਲੈਣਾ ਹੈ। ਉਹਨਾਂ ਦਾ ਸੰਜੋਗ ਹੈ। ਕਿੱਡੀ ਬਖਸ਼ਿਸ਼ ਹੈ ਕਿ 8 ਸਾਲ ਪਹਿਲਾਂ ਹੀ ਇਹ ਗੱਲ ਦਸ ਦੇਣੀ। ਖੁਸ਼ੀ ਹੁੰਦੀ ਹੈ ਜਦੋਂ ਐਸੀ ਰੂਹ ਸਰੀਰ ਧਾਰਨ ਕਰਦੀ ਹੈ ਤੇ ਖੁਸ਼ੀਆਂ ਮਨਾਈਆਂ ਗਈਆਂ। ਆਪਾਂ ਵੀ 17 ਜੂਨ ਤੇ 8 ਅਗਸਤ ਦਾ ਦਿਨ ਇਸ ਪਵਿੱਤਰ ਧਰਤੀ ਰਤਵਾੜਾ ਸਾਹਿਬ 'ਤੇ ਹਰ ਸਾਲ ਮਨਾਉਂਦੇ ਆ ਰਹੇ ਹਾਂ।

*ਜਨਮ ਮਰਣ ਦੁਹਹੂ ਮਹਿ ਨਾਹੀ*
*ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਏ ॥* *ਅੰਗ- ੭੪੯*

ਸਾਧੂ ਸਰੀਰ ਧਾਰਨ ਕਰਦੇ ਹਨ ਤੇ ਇਸ ਦਿਨ ਨੂੰ ਐਸਾ ਦਿਹਾੜਾ ਕਿਹਾ ਹੈ ਜਦੋਂ ਰੂਹ ਦਾ ਆਗਮਨ ਹੋਇਆ, ਉਸ ਸਰੀਰ ਦੇ ਵਿਚ। ਇਹ ਆਗਮਨ ਦਿਹਾੜਾ ਹੈ। ਇਹ ਦਿਨ ਮਨਾਉਣੇ ਇਕ ਤਰ੍ਹਾਂ ਦੇ ਨਾਲ ਆਪਣੇ ਮਨ ਨੂੰ ਮਨਾਉਣਾ ਹੈ। ਮਨ ਕਿਵੇਂ ਮੰਨਦਾ ਹੈ? ਜਦੋਂ ਅਸੀਂ ਇਸ ਤਰ੍ਹਾਂ ਦੇ ਸਤਿਸੰਗ ਕਰਦੇ ਹਾਂ, ਇਹ ਦਿਨ ਮਨਾਉਂਦੇ ਹਾਂ। ਸਾਰੇ ਸੰਸਾਰ ਦੇ ਜਿਹਨਾਂ ਨੂੰ ਐਸਾ ਜੀਵਨ ਦਾਨ ਉਹਨਾਂ ਤੋਂ ਪ੍ਰਾਪਤ ਹੋਇਆ, ਇਕ ਰਿਣ ਹੈ। ਇਹ ਰਿਣ ਉਤਾਰਨ ਵਾਸਤੇ ਉਹਨਾਂ ਦੇ ਪਰਉਪਕਾਰਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਕਰਕੇ ਇਹ ਖੁਸ਼ੀ ਦੇ ਦਿਨ ਸਾਡੇ ਜੀਵਨ ਵਿਚ ਵੀ ਖੁਸ਼ੀ ਲਿਆਉਂਦੇ ਹਨ।

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ- ੨*

ਹੁਣ ਬਾਣੀ ਦੇ ਪ੍ਰਵਾਹ ਚਲਦੇ ਹਨ। ਇਹ ਸਾਰੇ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ- ੨*

ਇਹਦੇ ਨਾਲ ਸਾਰੇ ਦੁਖ ਸਾਰੇ ਰੋਗ ਦੂਰ ਹੋ ਜਾਂਦੇ ਹਨ ਕਿਉਂਕਿ ਜਦੋਂ ਅਸੀਂ ਉਹਨਾਂ ਦੇ ਧਿਆਨ ਵਿਚ ਬੈਠਦੇ ਹਾਂ-

*ਆਵੈ ਸਾਹਿਬ ਚਿਤਿ ਤੇਰਿਆ ਭਗਤਾ ਡਿਠਿਆ॥*
*ਅੰਗ- ੫੨੦*

ਨਹੀਂ ਤਾਂ ਨਾਮ ਚਲਦਾ ਨਹੀਂ। ਜੀਅ ਦਾਨ ਨਾਮ ਦਾਨ ਨੂੰ ਕਿਹਾ ਹੈ। ਇਹ ਬਖਸ਼ਿਸ਼ ਹੁੰਦੀ ਹੈ। ਨਾਮ ਭਾਵੇਂ ਅੰਦਰ ਹੈ ਪਰ ਐਸੇ ਮਹਾਂਪੁਰਸ਼ ਦਾਨ ਦਿੰਦੇ ਨੇ। ਭਾਵੇਂ ਕਿ ਗੁਰੂ ਮੰਤਰ ਦ੍ਰਿੜ੍ਹ ਕਰਵਾਉਂਦੇ ਹਨ। ਸਾਡੇ ਘਰ ਦੇ ਵਿਚ ਮੰਤਰ ਹੈ 'ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।' ਮਹਾਂਪੁਰਸ਼ਾਂ ਨੇ ਸਾਢੇ ਤਿੰਨ ਸਾਲ ਦੀ ਉਮਰ ਦੇ ਵਿਚ ਅੰਮ੍ਰਿਤ ਛਕ ਲਿਆ ਸੀ। ਬੀਜੀ ਨੂੰ ਜਨਮ ਤੋਂ ਹੀ ਐਸਾ ਸੰਸਕਾਰ ਮਿਲਿਆ ਕਿਉਂਕਿ ਪਿਤਾ ਜੀ ਮਹਾਨ ਸੰਤ ਸਨ ਤੇ ਬੀਜੀ ਦੇ ਮਾਤਾ ਜੀ ਪੂਜਨੀਕ ਮਾਤਾ ਹਰਨਾਮ ਕੌਰ ਜੀ, ਐਸੀ ਮਹਾਨ ਹਸਤੀ ਜਿਹੜੀ ਕਿ ਆਖਰੀ ਸਮੇਂ ਵੀ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਕੇ ਆਏ। ਕਮਰਕਸਾ ਖੋਲ੍ਹਿਆ, ਅੰਦਰ ਚਲੇ ਗਏ ਕਹਿੰਦੇ ਕਿ ਹੁਣ ਮੈਨੂੰ ਬੁਲਾਉਣਾ ਨਹੀਂ ਕਿਸੇ ਨੇ, ਅੰਦਰ ਜਾ ਕੇ ਇਸ਼ਨਾਨ ਕੀਤਾ, ਸਮਾਧੀ ਸਥਿਤ ਹੋ ਕੇ ਸਰੀਰ ਦਾ ਪ੍ਰਤਿਆਗ ਕਰ ਦਿਤਾ। ਦੂਜੇ ਪਾਸੇ ਮਹਾਂਪੁਰਸ਼ਾਂ ਦੀ ਮਾਤਾ, ਮਾਤਾ ਇੰਦ ਕੌਰ ਜੀ ਉਹ ਵੀ ਘੱਟ ਹਸਤੀ ਨਹੀਂ ਸਨ। ਉਹ ਮਹਾਂਪੁਰਸ਼ਾਂ ਨੂੰ ਲੈ ਕੇ ਰਾੜਾ ਸਾਹਿਬ ਗਏ। ਸਿਆਣੀਆਂ ਮਾਤਾਵਾਂ ਆਪਣੇ ਬੱਚਿਆਂ ਨੂੰ ਸਤਿਪੁਰਸ਼ਾਂ ਦੀ ਸੰਗਤ 'ਚ ਲੈ ਕੇ ਆਉਂਦੀਆਂ ਹਨ, ਤਾਂ ਜੋ ਉਹਨਾਂ ਨੂੰ ਐਸਾ ਸੰਸਕਾਰ ਮਿਲੇ ਕਿ ਜਿਸ ਦੇ ਨਾਲ ਜੀਵਨ ਬਦਲ ਜਾਣ। ਜੀਵਨ ਦਾਨ ਮਿਲ ਜਾਵੇ। ਮਹਾਂਪੁਰਸ਼ਾਂ 'ਤੇ ਸਵਾਲ ਕੀਤਾ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਕਿ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ॥* *ਅੰਗ-੯੯੯*

ਨਾ ਦਸ ਸਕੇ ਪਹਿਲੇ ਬਚਨ 'ਤੇ। ਦੂਸਰੇ 'ਤੇ ਕਿਹਾ ਕਿ ਦਸਣਾ ਨਹੀਂ ਆਉਂਦਾ। ਸੰਗਤ ਭਾਵੇਂ ਇਸ ਗੱਲ ਨੂੰ ਨਹੀਂ ਸਮਝਦੀ ਸੀ। ਹੱਸ ਪੈਂਦੀ ਹੈ ਕਿ ਐਨੀ ਕੁ ਗੱਲ ਨਹੀਂ ਦਸਣੀ ਆਉਂਦੀ ਕਿ ਕੀ ਨਾਂ ਹੈ। ਕਿਉਂਕਿ ਪੁਰਾਤਨ ਮਹਾਂਪੁਰਸ਼ ਜਦੋਂ ਵੀ ਆਪਣੇ ਮੁਰਸ਼ਦ ਕੋਲ ਜਾਂਦੇ, ਪਿਆਰੇ ਮਹਾਂਪੁਰਸ਼ ਕੋਲ ਜਾਂਦੇ ਤਾਂ ਉਹ ਇਹੀ ਕਹਿੰਦੇ ਕਿ ਮਹਾਰਾਜ! ਇਹੀ ਤਾਂ ਸਵਾਲ ਹੈ ਸਾਰਿਆਂ ਦੇ ਉਤੇ। ਇਹੀ ਤਾਂ ਤੇਰੇ ਦਰ 'ਤੇ ਪੁੱਛਣ ਆਏ ਹਾਂ।

*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥* *ਅੰਗ- ੯੯੯*

ਇਹੀ ਗੱਲ ਨਹੀਂ ਪਤਾ ਲਗਦੀ। ਕਿਉਂਕਿ ਆਪਣੇ ਆਪ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ। ਜੇ ਸਾਰੇ ਹੀ ਇਹ ਕਹਿਣ -

*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਅੰਗ-੧੩੪*

ਫੇਰ ਰੋਣਾ ਕਿਸ ਗੱਲ ਦਾ ਹੈ। ਪਰਮ ਆਪੇ 'ਚ ਲੀਨ ਪਰਮ ਆਤਮਾ ਓਸ ਦਾ ਮਿਲਾਪ ਇਹ ਜੀਵਨ ਦਾਨ ਬਖਸ਼ਿਸ਼ ਕਰਦਾ ਹੈ -

*ਜੀਅ ਦਾਨੁ ਦੇ ਭਗਤੀ ਲਾਇਨਿ*
*ਹਰਿ ਸਿਉ ਲੈਨਿ ਮਿਲਾਇ ॥* *ਅੰਗ- ੭੪੯*

ਮਹਾਂਪੁਰਸ਼ ਰਾੜਾ ਸਾਹਿਬ ਵਾਲੇ ਸਮਾਧੀ ਸਥਿਤ ਹੋ ਗਏ। 45 ਮਿੰਟ ਲੰਘਣ ਤੋਂ ਬਾਅਦ ਬਚਨ ਆਏ ਕਿ ਅੱਜ ਇਕ ਸੁਹਾਗਣ ਨਾਲ ਸੁਹਾਗਣ ਦਾ ਮਿਲਾਪ ਹੋਇਆ ਹੈ। ਕਿਉਂਕਿ ਸੁਹਾਗਣ ਜੀਵ ਰੂਪ ਇਸਤ੍ਰੀ ਫੇਰ ਹੋਰ ਪਾਸੇ ਕੋਈ ਝਾਕ ਹੀ ਨਹੀਂ ਰਖਦੀ। ਦਿਲਾਂ ਦੇ ਸੌਦੇ ਹੋ ਗਏ। ਭਾਵੇਂ ਕਿ ਜਗ੍ਹਾ-ਜਗ੍ਹਾ 'ਤੇ ਭਰਮਣ ਕਰਦੇ ਰਹਿੰਦੇ ਸਨ। ਫੇਰ ਰਾੜਾ ਸਾਹਿਬ ਵਾਲੇ ਮਹਾਂਪੁਰਸ਼ ਮਿਲ ਗਏ ਤਾਂ ਦਿਲਾਂ ਦੇ ਸੌਦੇ ਹੋ ਗਏ। ਜੀਵਨ ਆਪਣੀ ਚਾਲੀ ਚਲਦਾ ਗਿਆ। ਜਦੋਂ ਆਪ ਜੀ ਇਹ ਫੈਸਲਾ ਲੈ ਗਿਆ, ਕਿਉਂਕਿ ਉਹਨਾਂ ਸਮਿਆਂ ਵਿਚ ਰਾੜਾ ਸਾਹਿਬ ਢੱਕੀ ਸੀ, ਚਾਰ-ਚਾਰ ਫੁੱਟ ਮੁਰੱਬੇ ਟੋਇਆਂ ਦੇ ਵਿਚ ਬੈਠ ਕੇ, ਉਪਰ ਛੱਪਰ ਪਾਏ ਹੋਏ ਹੋਣੇ। ਉਹਨਾਂ ਦੇ ਵਿਚ ਬੈਠ ਕੇ ਮਹਾਨ ਯੋਗੀਆਂ ਵਾਂਗੂੰ ਯੋਗ ਸਾਧਨਾ ਕਰਦੇ। ਮਹਾਂਪੁਰਸ਼ ਵੀ ਉਥੇ ਹੀ ਸਾਧਨਾ ਕਰਨ ਲਗ ਗਏ। ਸਾਧਨ ਸੰਪੰਨ ਮਹਾਂਪੁਰਸ਼, ਭਾਵੇਂ ਕਿ ਲੋੜ ਨਹੀਂ ਹੁੰਦੀ। ਪਰ ਜਿਵੇਂ ਪੀ.ਟੀ ਦੂਜੇ ਨੂੰ ਕਰਕੇ ਦਿਖਾਉਣਾ, ਸਿਖਾਉਣਾ ਹੁੰਦੇ ਹੈ। ਸਾਡੇ ਵਰਗਿਆਂ ਵਾਸਤੇ ਇਕ ਚਾਨਣ ਮੁਨਾਰਾ ਹੈ ਕਿ ਐਵੇਂ ਸੁਖ-ਰਹਿਣੇ ਨਾ ਹੋ ਜਾਈਏ। ਇਸ ਤਰ੍ਹਾਂ ਦੇ ਨਾਲ ਤਪ ਕਰੀਏ। ਕਿਉਂਕਿ ਵੱਡੇ ਮਹਾਰਾਜ ਜੀ ਨੇ ਬਹੁਤ ਤਪ ਕਰਿਆ। ਜਦੋਂ ਢੱਕੀ 'ਚ ਬੈਠੇ ਸਰੀਰ ਮਾਨੋ

ਕਿ ਹੱਡਾਂ ਦੀ ਹੀ ਮੁੱਠ ਹੈ। ਸਰੀਰ ਦੇ ਉਤੇ ਮਾਸ ਨਹੀਂ ਦਿਸਦਾ। ਐਨਾ ਵੈਰਾਗਮਈ ਕੀਰਤਨ ਕਰਨਾ ਆਪਣੇ ਪਿਆਰੇ ਦੇ ਵੈਰਾਗ 'ਚ ਤੇ ਐਨੀ ਸਾਧਨਾ ਉਹਨਾਂ ਨੇ ਆਪਣੀ ਅਵਸਥਾ ਦੇ ਮੁਤਾਬਿਕ ਉਸ ਸਮੇਂ ਐਸੇ ਸ਼ਬਦ ਪੜ੍ਹਾਉਣੇ - 'ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ, ਅਜੇ ਵੀ ਨਾ ਰੱਬ ਬਹੁੜਿਆ।'

*ਫਰੀਦਾ ਤਨੁ ਸੁਕਾ ਪਿੰਜਰੁ ਥੀਆ*
*ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ ੯੦ ॥*

*ਅੰਗ- ੧੩੮੨*

ਇਹ ਪਹਿਲੀਆਂ ਉਹਨਾਂ ਸਮਿਆਂ ਦੀ ਬਾਤਾਂ ਹਨ, ਜਦੋਂ ਰਾੜਾ ਸਾਹਿਬ ਢੱਕ ਹੁੰਦੇ। ਉਹਨਾਂ ਦੇ ਵਿਚ ਟੋਏ ਪੁੱਟ ਕੇ ਤਪ ਕਰਨਾ -

*ਅਲਪ ਅਹਾਰ ਸੁਲਪ ਸੀ ਨਿੰਦ੍ਰਾ*
*ਦਯਾ ਛਿਮਾ ਤਨ ਪ੍ਰੀਤ॥*

ਮਹਾਂਪੁਰਸ਼ ਵੀ ਉਥੇ ਹੀ ਤਪ ਕਰਦੇ। ਬੀਜੀ ਵੀ ਚਲੇ ਗਏ, ਸੇਵਾ ਕਰਨ ਲਗ ਗਏ। ਵੱਡੇ ਮਹਾਰਾਜ ਬਚਨ ਕਰਨ ਲੱਗੇ ਕਿ ਇਥੇ ਤਾਂ ਇਸ ਤਰ੍ਹਾਂ ਦਾ ਪ੍ਰਬੰਧ ਨਹੀਂ। ਕਿਉਂਕਿ ਅਜੇ ਕੋਈ ਪਸਾਰਾ ਨਹੀਂ ਸੀ ਹੋਇਆ ਸੰਗਤਾਂ ਦੇ ਠਹਿਰਨ ਵਾਸਤੇ। ਉਥੇ ਸਾਧਨ ਕਰਨ ਵਾਲੇ ਹੀ ਨਿਵਾਸ ਰਖਦੇ ਸੀ। ਬੀਜੀ ਵੀ ਮਹਾਨ ਪਰਮ ਯੋਗੀ, ਬਹੁਤ ਉਹਨਾਂ ਦੀ ਸਾਧਨਾ ਹੈ। ਮਹਾਂਪੁਰਸ਼ ਤਾਂ ਦਸਦੇ ਨਹੀਂ ਸਨ -

*ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥*

*ਅੰਗ- ੧੩੮੪*

ਇਹ ਤਾਂ ਇਥੇ ਇਕ ਸੰਤ ਸਨ ਉਦਾਸੀਨ ਸੰਪਰਦਾ ਦੇ, ਬਾਬਾ ਬਲਦੇਵ ਦਾਸ ਜੀ, ਮੁਗਲ ਮਾਜਰੀ। ਉਹਨਾਂ ਦਾ ਧੂਣਾ ਹੈ। ਉਹਨਾਂ ਨੇ ਇਹ ਰਾਜ਼ ਖੋਲ੍ਹਿਆ। ਸਤਿਸੰਗ ਵਿਚ ਆਏ, ਮਹਾਂਪੁਰਸ਼ਾਂ ਨੂੰ ਕਹਿਣ ਲੱਗੇ ਕਿ ਤੁਸੀਂ ਤਾਂ ਸਾਡੇ ਹੀ ਭਾਈਚਾਰੇ 'ਚੋਂ, ਸਾਡੀ ਹੀ ਸੰਪਰਦਾ ਦੇ ਵਿਚੋਂ ਹੋ। ਭਾਵੇਂ ਕਿ ਮਹਾਂਪੁਰਸ਼ਾਂ ਦਾ ਅੰਦਰ ਦਾ ਜਿਹੜਾ ਰਸਤਾ ਹੈ, ਇਕੋ ਹੀ ਹੁੰਦਾ ਹੈ। 'ਸੌ ਸਿਆਣੇ ਇਕੋ ਮੱਤ।' ਜਿਹੜੇ ਸ਼ੁਭ ਬਚਨ ਹੁੰਦੇ ਨੇ ਕਿਸੇ ਮਹਾਂਪੁਰਸ਼ਾਂ ਦੇ। ਉਹਨਾਂ ਨੇ ਕਿਹਾ ਕਿ ਆਪਾਂ ਪਿਛਲੇ ਜਨਮ ਵਿਚ ਤਪ ਕਰਦੇ ਸੀ। ਤੁਸੀਂ ਵੀ ਉਹਨਾਂ ਪਹਾੜੀਆਂ ਵਿਚ ਬੈਠੇ ਸੀ, ਜਿਥੋਂ ਆਪਾਂ ਲੰਘਦੇ ਹਾਂ ਹਰੀਪੁਰ ਨੂੰ, ਬਰੋਟੀ ਵਾਲਾ ਅਸਥਾਨ ਹੈ। ਉਥੇ ਧੂਣਾ ਹੁੰਦਾ। ਮਹਾਂਪੁਰਸ਼ ਸਾਨੂੰ ਵੀ ਉਸ ਜਗ੍ਹਾਂ ਦੇ ਦਰਸ਼ਨ ਕਰਾ ਕੇ ਲਿਆਏ ਸੀ ਕਿ ਇਥੇ ਬੈਠਦੇ ਹੁੰਦੇ ਸੀ। ਨਾਲ ਨਗਰ 'ਚੋਂ ਹੀ ਬੀਜੀ ਉਥੇ ਸੇਵਾ ਕਰਨ ਆਇਆ ਕਰਦੇ। ਉਸ ਸਮੇਂ, ਕਹਿੰਦੇ, ਅਸੀਂ ਇਸ ਤਰ੍ਹਾਂ ਤਪ ਕੀਤਾ। ਬੀਜੀ ਵੀ ਉਸ ਸਮੇਂ ਨਾਲ ਸਨ, ਗ੍ਰਹਿਸਤ ਵਿਚ ਨਹੀਂ ਪ੍ਰਵੇਸ਼ ਕੀਤਾ। ਉਸ ਤੋਂ ਬਾਅਦ ਫੇਰ ਇਕੱਠੇ ਸਰੀਰ 'ਚ ਆਏ। ਧਮੋਟ ਮਹਾਂਪੁਰਸ਼ਾਂ ਦੇ ਸਰੀਰ ਦਾ ਜਨਮ ਹੋਇਆ, ਬੀਜੀ ਦਾ ਦਾਉਦਪੁਰ ਸਰੀਰਕ ਜਨਮ ਹੋਇਆ। ਐਸੀਆਂ ਰੂਹਾਂ ਦੇ ਬਾਰੇ ਦਸਣਾ ਸਭ ਤੋਂ ਔਖਾ ਹੁੰਦਾ ਹੈ -

*ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥*
*ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ॥*

*ਅੰਗ - ੧੧੯੩*

ਮਹਾਂਪੁਰਸ਼ਾਂ ਨੇ ਆਪਣੀ ਮੌਜ ਵਿਚ ਕਈ ਵਾਰੀ ਬਚਨ ਕਰਨੇ ਕਿ ਸਾਡਾ ਇਸ ਧਰਤੀ ਨਾਲ ਪੁਰਾਣਾ ਸਬੰਧ ਹੈ। ਕਿਉਂਕਿ ਆਪ ਜੀ ਚੰਡੀਗੜ੍ਹ ਵੀ ਰਹੇ। ਇਥੇ ਜਦੋਂ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਬਣਿਆ, ਕਈ ਵਾਰੀ ਆਪਣੀ ਮੌਜ ਵਿਚ ਬਚਨ ਕਰਦੇ ਕਿ ਪਿੱਛੋਂ ਹੀ ਸਬੰਧ ਚੱਲਿਆ ਆਉਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਰਾੜਾ ਸਾਹਿਬ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਵਾਲੇ ਮਹਾਂਪੁਰਸ਼ਾਂ ਨੇ ਆਪ ਜੀ ਨੂੰ ਬੀਜੀ ਦੇ ਨਾਲ ਭੇਜ ਦਿਤਾ। ਬੀਜੀ ਕਹਿੰਦੇ ਕਿ ਇਹ ਤੁਹਾਡੀ ਅਮਾਨਤ ਹਨ ਜਦੋਂ ਵੀ ਤੁਸੀਂ ਕਹੋਂਗੇ, ਤੁਹਾਡੀ ਅਮਾਨਤ ਵਾਪਸ ਦੇ ਦਿਤੀ ਜਾਵੇਗੀ। ਹੁਣ ਜੀਵਨ ਦੀ ਪਰਾਲਬਧ ਦੇ ਅਨੁਸਾਰ ਆਪ ਨੇ ਪਾਕਿਸਤਾਨ ਦੇ ਵਿਚ ਸਿੰਧ ਵਿਚ ਵੀ ਪ੍ਰਚਾਰ ਕੀਤਾ। ਨੌਂ ਮਹੀਨੇ ਵਾਸਤੇ ਭੌਰੇ ਵਿਚ ਬੈਠਣ ਲੱਗੇ, ਉਥੇ ਜਿਹੜੀ ਮਾਤਾ ਸੀ ਉਹਦੇ ਅੱਠ ਮੁਰੱਬੇ ਸਨ। ਸੱਤ ਪੁੱਤਰ ਸਨ। ਉਹ ਆਪ ਜੀ ਨੂੰ ਇਹੀ ਸਮਝਦੀ ਸੀ ਕਿ ਇਹ ਮੇਰਾ ਅੱਠਵਾਂ ਪੁੱਤਰ ਹੈ। ਇਕ ਮੁਰੱਬਾ ਵੀ ਉਹ ਦੇਣਾ ਚਾਹੁੰਦੀ ਸੀ। ਪਰ ਮਹਾਂਪੁਰਸ਼ ਤਿਆਗ ਦੀ ਮੂਰਤ, ਵੈਰਾਗ ਦੇ ਵਿਚ ਰਹਿੰਦੇ। ਕਿਉਂਕਿ ਵੈਰਾਗ ਤੋਂ ਬਗੈਰ ਇਹ ਜਿਹੜੀ ਭੁੱਲ ਪੈ ਗਈ ਹੈ ਕਿਉਂਕਿ -

*ਬਿਨੁ ਬੈਰਾਗ ਨ ਛੂਟਸਿ ਮਾਇਆ॥ ਅੰਗ- ੩੨੯*

ਬੀਜੀ ਪਹੁੰਚ ਜਾਂਦੇ ਹਨ ਕਿ ਆਪਾਂ ਨੇ ਇਸ ਤਰ੍ਹਾਂ ਦੇ ਫਕੀਰ ਨਹੀਂ ਬਣਨਾ ਕਿਉਂਕਿ -

*ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ॥*

*ਅੰਗ - ੫੫੦*

*ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥*
*ਜਿਨੑ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥ ੧ ॥*

*ਅੰਗ- ੧੨੮੭*

ਕਿਉਂਕਿ ਜੇ ਐਵੇਂ ਦਰ-ਦਰ 'ਤੇ ਤੁਰੇ ਫਿਰੋ -

*ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ॥ ਅੰਗ- ੫੫੦*

ਸੰਸਾਰ ਦੇ ਵਿਚ ਬਹੁਤ ਘੱਟ ਮਿਲਣਗੇ। ਨਹੀਂ ਤਾਂ ਤੁਸੀਂ ਦੇਖਦੇ ਹੀ ਹੋਂ ਕਿ ਕਿਸ ਦੇ ਸਾਧੂ ਹੁੰਦੇ ਨੇ। ਬੀਜੀ ਦਾ ਇਹ ਬਚਨ ਮਹਾਂਪੁਰਸ਼ਾਂ ਨੇ ਸਾਰੀ ਜ਼ਿੰਦਗੀ ਕਮਾਇਆ। ਉਹ ਕਹਿੰਦੇ ਇਸ ਤਰ੍ਹਾਂ ਆਪਾਂ ਹੱਥ ਅੱਡ ਕੇ ਮੰਗਦੇ ਫਿਰਾਂਗੇ। ਇਹਦੇ ਨਾਲੋਂ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ- ੧੨੪੫*

ਘਾਲਣਾ ਕਰੀਏ, ਕਿਰਤ ਕਰੀਏ, ਨਾਮ ਜਪੀਏ, ਜਪਾਈਏ। ਕਿੰਨੀ ਹੀ ਫੇਰ ਮਹਾਂਪੁਰਸ਼ਾਂ ਨੇ ਸਾਧਨਾ ਕੀਤੀ। ਘਰ ਆ ਜਾਂਦੇ ਹਨ। ਫੌਜ ਵਿਚ ਭਰਤੀ ਹੋ ਜਾਂਦੇ ਹਨ। 1941 ਤੋਂ ਲੈ ਕੇ 1952 ਤਕ, 12 ਸਾਲ ਫੌਜ ਵਿਚ ਲਾਏ। ਬੀਜੀ ਵੀ ਨਾਲ ਹੀ ਰਹੇ। ਫੌਜੀਆਂ ਦਾ ਜੀਵਨ ਤੁਸੀਂ ਜਾਣਦੇ ਹੋਂ, ਕਿੰਨਾ ਪਿਆਰਾ ਜੀਵਨ ਹੁੰਦਾ ਹੈ। ਜਿੰਨੇ ਵੀ ਮਹਾਤਮਾ ਨੂੰ ਦੇਖੀਏ, ਹੁੰਦੇ ਤਾਂ ਉਹ ਸਾਰੇ ਸਾਧਨ ਸੰਪੰਨ ਹਨ ਪਰ ਇਸ ਸੰਪਰਦਾ ਵਿਚ ਬਹੁਤੇ ਫੌਜ ਦੇ ਵਿਚੋਂ ਹੀ ਹੋਏ ਹਨ। ਬਾਬਾ ਬੀਰ ਸਿੰਘ ਜੀ ਵੀ ਫੌਜ ਵਿਚ ਸਨ, ਬਾਬਾ ਭਾਗ ਸਿੰਘ ਜੀ ਵੀ, ਬਾਬਾ ਕਰਮ ਸਿੰਘ ਜੀ ਵੀ, ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਉਹ ਵੀ ਫੌਜ ਵਿਚ ਸਨ, ਛੋਟੇ ਮਹਾਰਾਜ ਰਾੜਾ ਸਾਹਿਬ ਵਾਲੇ ਉਹ ਵੀ ਫੌਜ ਵਿਚ ਸਨ, ਇਸ ਤਰ੍ਹਾਂ ਦੇ ਨਾਲ ਜ਼ਿਆਦਾਤਰ ਮਹਾਤਮਾ ਫੌਜ ਦੇ ਵਿਚੋਂ ਹੀ ਹੋਏ ਨੇ ਤੇ ਆਪ ਜੀ ਨੇ 12 ਸਾਲ ਫੌਜ ਵਿਚ ਸੇਵਾ ਕੀਤੀ। ਡਿਊਟੀ ਵੀ ਐਸੀ ਸੀ, ਜਰਨਲ ਦੇ ਨਾਲ ਕਿ ਜਿਥੇ ਠੇਕੇ ਚੜ੍ਹਨੇ। ਉਸ ਸਮੇਂ ਦਾ ਹੁਕਮ ਚੰਦ 10 ਹਜ਼ਾਰ ਰੁਪਿਆ ਆਪ ਜੀ ਨੂ ਰਿਸ਼ਵਤ ਲੈਣ ਲਈ ਕਹਿੰਦੈ, ਉਸ ਸਮੇਂ ਵਿਚ ਇਸ ਪੈਸੇ ਨਾਲ ਚੰਡੀਗੜ੍ਹ ਵਿਚ ਤਿੰਨ ਪਲਾਟ ਮਿਲ ਜਾਂਦੇ। ਉਹ ਦੇਣਾ ਚਾਹੁੰਦਾ ਹੈ, ਪਰ ਮਹਾਂਪੁਰਸ਼ ਕਹਿੰਦੇ ਇਹ ਰਿਸ਼ਵਤ ਮੈਂ ਨਹੀਂ ਲੈਣੀ। ਛੁੱਟੀ ਲਿਖ ਕੇ ਲੈ ਆਉਂਦਾ ਹੈ ਦੁਪਹਿਰ ਦੇ ਸਮੇਂ, ਘਰ ਆ ਜਾਂਦਾ ਹੈ ਕਿ ਚਲੋ ਤੁਸੀਂ ਨਹੀਂ ਦਸਤਖਤ ਕਰਨੇ, ਤਾਂ ਮੈਂ ਹੋਰ ਤੋਂ ਕਰਵਾ ਲਵਾਂਗਾ। ਪਰ ਤੁਸੀਂ ਆਹ ਛੁੱਟੀ 'ਤੇ ਦਸਤਖਤ ਕਰ ਦਿਓ। ਕਹਿੰਦੇ, ਨਾ ਹੁਣ ਤਾਂ ਮੈਂ ਕਰਨੇ ਹੀ ਨਹੀਂ। ਇਹ ਮੇਰੀ ਹੁਣ ਡਿਊਟੀ ਬਣ ਜਾਂਦੀ ਹੈ ਕਿ ਮੈਂ ਇਸ ਦੇ ਨਾਲ ਹੋਣ ਨਹੀਂ ਦੇਣਾ। ਨਾ ਰਿਸ਼ਵਤ ਲੈਣੀ, ਨਾ ਲੈਣ ਦੇਣੀ। ਸਾਰੀ ਜ਼ਿੰਦਗੀ ਆਪ ਜੀ ਨੇ ਸੱਚਾ-ਸੁੱਚਾ ਜੀਵਨ ਜਿਉਂ ਕੇ ਦਿਖਾਇਆ। ਦਾਮਨ 'ਤੇ ਦਾਗ ਨਹੀਂ ਲੱਗਣ ਦਿਤਾ। ਫੇਰ ਓਹੀ ਹੁਕਮ ਚੰਦ ਇਕ ਵਾਰ ਦੁਬਾਰਾ ਮਿਲਿਆ, ਕਹਿੰਦਾ ਉਸ ਸਮੇਂ ਤੁਹਾਡੀਆਂ ਚੰਡੀਗੜ੍ਹ ਕੋਠੀਆਂ ਬਣ ਜਾਣੀਆਂ ਸਨ। ਮੇਰੇ ਕੋਲ ਵੀ ਕਿੱਡਾ ਠੇਕਾ ਘੋੜਿਆਂ ਦੇ ਘਾਹ ਦਾ ਮਿਲਣਾ ਸੀ। ਮੈਂ ਵੀ ਮਾਲੋ-ਮਾਲ ਹੋ ਜਾਣਾ ਸੀ। ਮਹਾਂਪੁਰਸ਼ ਕਹਿੰਦੇ ਕੋਈ ਘਾਟ ਨਹੀਂ ਰਹਿੰਦੀ ਜੇ ਜੀਵਨ 'ਚ ਪਵਿੱਤਰਤਾ ਹੈ, ਸੁੱਚਤਾ ਹੈ। ਉਹ ਜੀਵਨ ਦੂਜੇ ਵਾਸਤੇ ਚਾਨਣ-ਮੁਨਾਰੇ ਦਾ ਕੰਮ ਕਰਦਾ ਹੈ। ਨਹੀਂ ਤਾਂ ਤੁਸੀਂ ਦੇਖਦੇ ਹੀ ਹੋ ਦੁਨੀਆਂ ਕਿੰਨਾ ਕੁਛ ਕਰਦੀ ਹੈ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥* *ਅੰਗ- ੬੫੬*

ਕਾਹਦੇ ਵਾਸਤੇ ਕਰਦਾ ਹੈ ਇਹ? ਇਹ ਤਾਂ ਦੀਨ ਗਵਾਉਣਾ ਹੋਇਆ ਕਰਦੈ -

*ਕਬੀਰ ਦੀਨੁ ਗਵਾਇਆ ਦੁਨੀ ਸਿਉ*
*ਦੁਨੀ ਨ ਚਾਲੀ ਸਾਥਿ ॥*
*ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ ੧੩ ॥*
*ਅੰਗ- ੧੩੬੫*

ਐਸਾ ਪ੍ਰੈਕਟੀਕਲ ਜੀਵਨ ਦਾ ਉਪਦੇਸ਼ ਮਹਾਂਪੁਰਸ਼ਾਂ ਨੇ ਦ੍ਰਿੜ੍ਹ ਕਰਵਾਇਆ। ਦੁਨੀਆਂ ਦੇ ਵਾਸਤੇ ਦੀਨ ਨੂੰ ਗਵਾਉਣਾ ਇਹ ਕਿਥੋਂ ਦੀ ਸਮਝ ਹੈ? ਇਹ ਤਾਂ ਨਾ ਸਮਝੀ ਹੈ। ਜਿਨ੍ਹਾਂ ਨੂੰ ਸਮਝ ਨਹੀਂ ਉਹ ਕੀ ਕੁਝ ਦੁਨੀਆਂ ਵਾਸਤੇ ਕਰਦਾ ਹੈ -

*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥*
*ਅੰਗ - ੫੦*

ਆਖੀਰ ਵਿਚ ਤਾਂ ਇਹ ਦੁਨੀਆਂ ਨੂੰ ਛੱਡ ਕੇ ਜਾਣਾ ਹੀ ਹੈ ਪਰਲੋਕ ਵਿਚ। ਉਥੇ ਫੇਰ ਲੇਖਾ ਲਿਆ ਜਾਣਾ ਹੈ ਕਿ ਤੂੰ ਕੀ ਕੁਝ ਕਰਦਾ ਰਿਹਾ ਹੈਂ? ਜਿਹਨਾਂ ਵਾਸਤੇ ਕਰਦਾ ਰਿਹਾ ਉਹ ਤਾਂ ਸਾਰੇ ਸਾਥ ਹੀ ਛੱਡ ਦਿੰਦੇ ਨੇ ਐਸੇ ਸਮੇਂ ਕਿਉਂਕਿ ਇਹ ਦਸਤੂਰ ਹੈ ਇਸ ਦੁਨੀਆਂ ਦਾ -

*ਸੁਖ ਮੈ ਆਨਿ ਬਹੁਤੁ ਮਿਲਿ ਬੈਠਤ*
*ਰਹਤ ਚਹੂ ਦਿਸਿ ਘੇਰੈ ॥*
*ਬਿਪਤਿ ਪਰੀ ਸਭ ਹੀ ਸੰਗੁ ਛਾਡਿਤ*
*ਕੋਊ ਨ ਆਵਤ ਨੇਰੈ ॥ ੧ ॥* *ਅੰਗ- ੬੩੪*

ਸਭ ਤੋਂ ਨੇੜੇ ਦਾ ਉਹ ਜੀਵਨ ਸਾਥੀ ਵੀ ਸਾਥ ਛੱਡ ਦਿੰਦਾ ਹੈ -

*ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ*
*ਸਦਾ ਰਹਤ ਸੰਗ ਲਾਗੀ ॥*
*ਜਬ ਹੀ ਹੰਸ ਤਜੀ ਇਹ ਕਾਂਇਆ*
*ਪ੍ਰੇਤ ਪ੍ਰੇਤ ਕਰਿ ਭਾਗੀ ॥ ੨ ॥* *ਅੰਗ- ੬੩੪*

ਪਰ ਫੇਰ ਵੀ ਸਾਨੂੰ ਸਮਝ ਨਹੀਂ ਆਉਂਦੀ। ਦਿਨ ਰਾਤ ਸਾਰੇ ਹੀ ਮਹਾਂਪੁਰਸ਼ -

*ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥*
*ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥ ੧ ॥*
*ਅੰਗ- ੭੬੧*

ਪੁਕਾਰ-ਪੁਕਾਰ ਕੇ, ਕੂਕ-ਕੂਕ ਕੇ ਇਹ ਕਹਿ ਰਹੇ ਹਨ।

*ਨਾਨਕ ਦੁਨੀਆ ਕੈਸੀ ਹੋਈ ॥*
*ਸਾਲਕੁ ਮਿਤੁ ਨ ਰਹਿਓ ਕੋਈ ॥*
*ਭਾਈ ਬੰਧੀ ਹੇਤੁ ਚੁਕਾਇਆ ॥*
*ਦੁਨੀਆ ਕਾਰਣਿ ਦੀਨੁ ਗਵਾਇਆ ॥ ੫ ॥*
*ਅੰਗ- ੧੪੧੦*

ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਮਹਾਂਪੁਰਸ਼ ਕਿ ਹੁਕਮ ਚੰਦ! ਮੇਰਾ ਦਾਮਨ ਸਾਫ ਹੈ, ਪਾਕ ਹੈ, ਪਵਿੱਤਰ ਹੈ। ਤੂੰ ਆਪਣੇ ਵਲ ਵੇਖ। ਉਹ ਠੇਕੇਦਾਰ ਪਟਿਆਲੇ ਦਾ ਰਹਿਣ ਵਾਲਾ ਸੀ, ਬਹੁਤ ਰੋਇਆ ਪਛਤਾਇਆ ਕਿ ਸਮਾਂ ਤਾਂ ਲੰਘ ਜਾਂਦਾ ਹੈ। ਸਮਾਂ ਆਪਣੀ ਚਾਲੀ ਚਲਦਾ ਗਿਆ। ਜਦੋਂ ਸਿਵਲ 'ਚ ਮਹਾਂਪੁਰਸ਼ ਆ ਗਏ ਇਥੇ ਚੰਡੀਗੜ੍ਹ ਸੈਕਟਰੀਏਟ 'ਚ ਸਰਵਿਸ ਕੀਤੀ। ਪਹਿਲਾਂ ਪਟਿਆਲੇ ਪੈਪਸੂ 'ਚ ਸਰਵਿਸ ਕੀਤੀ। ਉਥੇ ਵੀ ਜਦੋਂ ਲੰਚ ਟਾਈਮ ਹੋਣਾ। ਅੱਧੇ ਟਾਈਮ ਸਾਰੇ ਸਤਿਸੰਗੀ ਇਕੱਠੇ ਹੋ ਜਾਂਦੇ ਭਾਵੇਂ ਕੋਈ ਰਾਧਾ ਸੁਆਮੀ ਹੁੰਦਾ, ਕੋਈ ਅਨ ਮੱਤ ਦਾ ਹੁੰਦਾ, ਅੰਦਰਲੀਆਂ ਅਵਸਥਾਵਾਂ ਦੇ ਭੇਤ ਖੋਲ੍ਹਦੇ। ਵੱਡੇ ਮਹਾਰਾਜ ਜੀ ਨੂੰ ਜਿਥੇ ਵੀ ਆਪ ਹੁੰਦੇ, ਬੁਲਾਉਂਦੇ। ਇਥੇ ਚੰਡੀਗੜ੍ਹ ਵੀ ਉਹਨਾਂ ਨੇ 1971 ਦੇ ਵਿਚ ਵੱਡੇ ਮਹਾਰਾਜ ਜੀ ਰਾੜਾ ਸਾਹਿਬ ਵਾਲਿਆਂ ਨੂੰ ਬੁਲਾਇਆ। ਇਥੇ ਸਤਿਸੰਗ ਕਰਵਾਏ। ਜਿਹੜਾ 19 ਸੈਕਟਰ ਚੰਡੀਗੜ੍ਹ ਦਾ ਗੁਰਦੁਆਰਾ ਹੈ, ਉਸ ਦਾ ਸ਼ਿਲਾਨਿਆਸ ਵੱਡੇ ਮਹਾਰਾਜ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਤੋਂ ਰਖਵਾਇਆ। ਉਸ ਸਮੇਂ ਆਪ ਸੈਕਟਰੀ ਹੁੰਦੇ। ਫੇਰ ਜਿਹੜਾ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਹੈ, ਸੈਕਟਰ 26, ਚੰਡੀਗੜ੍ਹ, ਉਥੇ ਮਹਾਂਪੁਰਸ਼ਾਂ ਦੇ ਦੀਵਾਨ ਰਖਵਾਏ। ਯੂ.ਪੀ ਤੋਂ 1978 ਦੇ ਵਿਚ ਫਾਰਮ ਵੇਚ ਕੇ ਏਧਰਲੇ ਇਲਾਕੇ ਦੇ ਵਿਚ ਜਿਥੇ 40ਵਾਂ ਨੰਬਰ ਸੀ। ਇਥੇ ਆ ਕੇ ਉਹਨਾਂ ਨੇ ਕਿੰਨੀਆਂ ਬਖਸ਼ਿਸ਼ਾਂ ਵਰਸਾਈਆਂ। ਜਗ੍ਹਾ-ਜਗ੍ਹਾ 'ਤੇ ਇਥੇ ਸਤਿਸੰਗ ਕੀਤੇ। ਜਿਥੇ ਬੈਠ ਕੇ ਆਪਾਂ ਅੱਜ ਉਹਨਾਂ ਦੀ ਯਾਦ ਮਨਾ ਰਹੇ ਹਾਂ, ਇਥੇ ਵੀ ਮਹਾਂਪੁਰਸ਼ਾਂ ਦੇ ਚਰਨ ਪਏ। ਕਿੰਨੇ ਸਤਿਸੰਗ ਇਸ ਅਸਥਾਨ 'ਤੇ ਸਤਿਪੁਰਸ਼ਾਂ ਦੇ ਹੋਏ ਕਿ ਮਹਾਂਪੁਰਖ ਜੰਗਮ ਤੀਰਥ ਦੀ ਨਿਆਈਂ ਜਗ੍ਹਾ-ਜਗ੍ਹਾ ਦੇ ਉਤੇ ਪਹੁੰਚੇ। ਆਹ ਇਲਾਕਾ ਤਾਂ ਤੁਸੀਂ ਜਾਣਦੇ ਹੀ ਹੋਂ, ਕਿਹੋ ਜਿਹਾ ਸੀ। ਜਦੋਂ ਮਹਾਂਪੁਰਸ਼ ਸੈਣੀਮਾਜਰੇ ਆਏ ਤਾਂ ਇਥੇ ਲੋਕ ਤਮਾਕੂ ਬੀਜਦੇ ਸੀ। ਮਹਾਂਪੁਰਸ਼ਾਂ ਨੇ ਪਹਿਲੇ ਬਚਨ ਇਹੀ ਕੀਤੇ ਕਿ ਤੁਸੀਂ ਇਹ ਬੀਜਣਾ ਬੰਦ ਕਰੋ।

ਕਹਿੰਦੇ, ਜੀ ਜ਼ਮੀਨਾਂ ਥੋੜ੍ਹੀਆਂ ਨੇ।

ਮਹਾਂਪੁਰਸ਼ਾਂ ਨੇ ਕਿਹਾ, ਕੋਈ ਨੀਂ ਤੁਹਾਡੀਆਂ ਇਹੀ ਜ਼ਮੀਨਾਂ ਦੇ ਵਿਚ ਬਰਕਤਾਂ ਪੈਣਗੀਆਂ, ਇਹ ਕਰੋੜਾਂ 'ਚ ਹੋ ਜਾਣਗੀਆਂ। ਬਚਨ ਉਸ ਸਮੇਂ ਦੇ ਰਿਕਾਰਡ ਨੇ। ਆਡੀਓ, ਵੀਡੀਓ ਕੈਸਟਾਂ ਬਣੀਆਂ ਹਨ। ਜਿਨ੍ਹਾਂ ਦੇ ਵਿਚ ਇਹ ਬਚਨ ਆਏ ਹੋਏ ਹਨ ਕਿ ਤੁਸੀਂ ਆਪਣੇ ਅੰਦਰ ਐਨੀ ਹੀਣ ਭਾਵਨਾ ਨਾ ਲਿਆਓ ਕਿ ਅਸੀਂ ਪਛੜੇ ਹੋਏ ਹਾਂ। ਕਿਉਂਕਿ ਜਿਥੇ ਵੀ ਜਾਣਾ ਸਾਰਿਆਂ ਨੇ ਇਹੀ ਕਹਿਣਾ ਕਿ ਇਧਰ ਤਾਂ ਕੋਈ ਆਉਂਦਾ ਹੀ ਨਹੀਂ ਸੀ ਪ੍ਰਚਾਰਕ ਤੇ ਅਸੀਂ ਬਹੁਤ ਪਛੜੇ ਹੋਏ ਹਾਂ। ਸਤਿਪੁਰਸ਼ਾਂ ਨੇ ਕਹਿਣਾ ਲਿਸਟ ਉਲਟੀ ਹੋ ਜਾਣੀ ਹੈ। ਤੁਸੀਂ ਸਭ ਤੋਂ ਉਪਰ ਹੋ ਜਾਣਾ ਹੈ। ਉਸ ਸਮੇਂ ਹੋਏ ਬਚਨ ਅੱਜ ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਮਹਾਂਪੁਰਸ਼ਾਂ ਦੀ ਰਸਨਾ 'ਤੇ ਰੱਬ ਵਸਦੈ –

*ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥*
*ਨਾਨਕ ਜਨ ਕਾ ਦਾਸਨਿ ਦਸਨਾ ॥* *ਅੰਗ – ੨੬੩*

ਐਸੇ ਬਚਨ ਉਸ ਸਮੇਂ ਤਾਂ ਲਗਦੇ ਸਨ ਕਿ ਪਤਾ ਨਹੀਂ ਕਦੋਂ ਪੂਰੇ ਹੋਣੇ ਨੇ ਕਿਉਂਕਿ ਅੰਬਾਲਾ ਅੰਬਾਂ ਵਾਲਾ ਇਲਾਕਾ ਸੀ, ਇਧਰ ਬਾਗਾਂ ਵਾਲਾ ਮੋਰਿੰਡਾ ਇਹਨੂੰ ਕਿਹਾ ਜਾਂਦਾ। ਅੰਬਾਲੇ ਵਿਚ ਤਾਂ ਪਹਿਲੇ ਸਮਿਆਂ ਵਿਚ ਬਜ਼ੁਰਗ ਦਸਦੇ ਕਿ ਦਾਣੇ ਵੀ ਨਹੀਂ ਸੀ ਹੁੰਦੇ। ਇਥੋਂ ਅੰਬ ਲੈ ਕੇ ਜਾਣੇ ਉਹਦੇ ਬਦਲੇ 'ਚ ਹੇਠਲੇ ਇਲਾਕਿਆਂ 'ਚੋਂ ਦਾਣੇ ਲੈ ਕੇ ਆਉਣੇ। ਪਰ ਮਹਾਂਪੁਰਸ਼ਾਂ ਦੀ ਦ੍ਰਿਸ਼ਟੀ, ਉਹਨਾਂ ਦੇ ਬਚਨ –

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ॥*
*ਅੰਗ– ੨੭੩*

ਜਦੋਂ ਕੋਈ ਸਾਮ੍ਹਣੇ ਹੀ ਦਿਸਦੀਆਂ ਹੋਣ ਬਾਤਾਂ ਫੇਰ ਗੱਲ ਕਹਿਣ ਦੀ ਲੋੜ ਨਹੀਂ ਪੈਂਦੀ। ਨਗਰ ਝੁੰਗੀਆਂ 'ਚ ਗਏ, ਉਹਨਾਂ ਪ੍ਰੇਮੀਆਂ ਨੇ ਬੇਨਤੀ ਕੀਤੀ ਕਿ ਮਹਾਰਾਜ! ਸਾਡੇ ਤਾਂ ਚੁਬਾਰਾ ਹੀ ਨਹੀਂ ਬਣਦਾ। ਜੇ ਕੋਈ ਬਣਾ ਲਵੇ, ਉਸ ਘਰ 'ਚ ਮੌਤ ਹੋ ਜਾਂਦੀ ਹੈ। ਕੋਈ ਐਸੀ ਗੱਲ ਹੋ ਗਈ ਸੀ। ਮਹਾਂਪੁਰਸ਼ਾਂ ਨੇ ਕਿਹਾ ਕਿ ਕੋਈ ਨੀਂ ਗੁਰਦੁਆਰਾ ਸਾਹਿਬ ਉੱਚੇ ਬਣਾਓ, ਸੋਹਣੇ ਬਣਾਓ, ਤੁਹਾਡੇ ਘਰ ਵੀ ਸੋਹਣੇ ਬਣ ਜਾਣਗੇ। ਅੱਜ ਦੇਖ ਲਓ, 4-5 ਕਰੋੜ ਏਕੜ ਨੂੰ ਜ਼ਮੀਨ ਹੋ ਗਈ। ਝੁੰਗੀਆਂ ਨੂੰ ਭਾਗ ਲਗ ਗਏ। ਇਥੇ ਆਲੇ-ਦੁਆਲੇ ਕਿੰਨੀਆਂ ਉੱਚੀਆਂ-ਉੱਚੀਆਂ ਅਟਾਰੀਆਂ ਨਜ਼ਰ ਆ ਰਹੀਆਂ ਨੇ ਕਿਉਂਕਿ ਮਹਾਂਪੁਰਸ਼ ਤ੍ਰਿਕਾਲ ਦਰਸ਼ੀ ਹੁੰਦੇ ਹਨ।

ਸੰਤ ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ, ਜਦੋਂ ਚਾਹੜ ਮਾਜਰੇ ਆਏ, ਉਸ ਨਗਰ ਦਾ ਪ੍ਰੇਮੀ ਭਾਈ ਮਿਹਰ ਸਿੰਘ, ਮਹਾਂਪੁਰਸ਼ਾਂ ਨੂੰ ਬੇਨਤੀ ਕਰਦਾ ਹੈ ਕਿਉਂਕਿ ਸਤਿਪੁਰਸ਼ਾਂ ਨੂੰ ਪ੍ਰਸ਼ਾਦਾ ਛਕਾਇਆ, ਚੂਲਾ ਜਦੋਂ ਪੜ੍ਹਨਾ ਸੀ, ਹੱਥ ਸੁੱਚੇ ਕਰਵਾਏ, ਸਤਿਪੁਰਸ਼ ਦੇਖ ਰਹੇ ਨੇ। ਭਾਈ ਮਿਹਰ ਸਿੰਘ ਕਹਿਣ ਲੱਗਿਆ, ਬਾਬਾ ਜੀ! ਆਪ ਏਧਰ ਕੀ ਦੇਖ ਰਹੇ ਹੋਂ? ਕਹਿੰਦੇ, ਰਚਨਾ ਰਚੀ ਜਾ ਰਹੀ ਹੈ। ਉਹ ਬਜ਼ੁਰਗ ਪੁੱਛਣ ਲੱਗਿਆ, ਮਹਾਰਾਜ! ਚੰਡੀਗੜ੍ਹ ਤਾਂ ਇਧਰ ਬਣ ਰਹੀ ਹੈ, ਤੁਸੀਂ ਏਧਰ ਨੂੰ ਦੇਖ ਰਹੇ ਹੋਂ? ਕਹਿੰਦੇ, ਨਹੀਂ ਉਹ ਤਾਂ ਚੰਡਾਲਗੜ੍ਹ ਹੋ ਜਾਊ, ਇਹ ਜਿਹੜੇ ਰੇਤ ਦੇ ਉੱਚੇ-ਉੱਚੇ ਟਿੱਬੇ ਨਜ਼ਰ ਆ ਰਹੇ ਹਨ, ਇਥੇ ਰਚਨਾ ਰਚੀ ਜਾ ਰਹੀ ਹੈ। ਇਥੇ

ਬਹੁਤ ਸ੍ਰਿਸ਼ਟੀ ਰਚੀ ਜਾਣੀ ਹੈ। ਕਿਉਂਕਿ ਬ੍ਰਹਮ ਗਿਆਨੀ ਦੀ ਦ੍ਰਿਸ਼ਟੀ ਜਿਧਰ ਹੋ ਜਾਵੇ, ਸ੍ਰਿਸ਼ਟੀ ਆਪੇ ਰਚੀ ਜਾਂਦੀ ਹੈ। ਉਸ ਸਮੇਂ ਤਾਂ ਨਾਮ ਨਿਸ਼ਾਨ ਵੀ ਨਹੀਂ ਸੀ, ਟਿੱਬੇ ਹੀ ਟਿੱਬੇ ਸਨ, ਉਸ ਸਮੇਂ ਮਹਾਂਪੁਰਸ਼ਾਂ ਨੇ ਬਚਨ ਕੀਤੇ।

ਸੰਤ ਕਰਤਾਰ ਸਿੰਘ ਜੀ ਭੈਰੋਂ ਮਾਜਰੇ ਵਾਲੇ ਏਧਰ ਨੂੰ ਆਏ। ਉਹਨਾਂ ਦਾ ਡਰਾਈਵਰ ਅਜੇ ਵੀ ਸਰੀਰ 'ਚ ਹੈ, ਦਸਦਾ ਹੁੰਦਾ ਕਿ ਇਥੇ ਇਕ ਛੱਪੜੀ ਸੀ। ਮਹਾਂਪੁਰਸ਼ਾਂ ਦੀ ਮੌਜ, ਬੜੀਆਂ ਅਤਿਕਥਨੀ ਬਾਤਾਂ ਹੁੰਦੀਆਂ ਨੇ। ਉਸ ਛੱਪੜੀ ਦੇ ਪਾਣੀ ਨਾਲ ਵੀ ਬੜੇ ਅਜੀਬ ਕੌਤਕ ਹੋਏ।

ਇਕ ਸੰਗਾਲਾ ਦਾ ਪ੍ਰੇਮੀ ਡੰਗਰ ਚਾਰਦਾ ਸੀ ਬੇਲੇ 'ਚ। ਉਹਦੇ ਚਮੜੀ ਖਰਾਬ ਹੋਈ-ਹੋਈ ਸੀ ਸਾਰੀ। ਉਸ ਛੱਪੜੀ ਵਿਚੋਂ ਉਹ ਗਾਰਾ ਲਾ ਲੈਂਦਾ ਹੈ। ਦੀਵਾ ਕਾਫੀ ਦੇਰ ਬਾਲਦਾ ਰਿਹਾ। ਉਹ ਤਾਂ ਪੂਜਣਯੋਗ ਧਰਤੀ ਹੈ ਜਿਥੇ ਕਦੇ ਕ੍ਰਿਸ਼ਨ ਭਗਵਾਨ ਜੀ ਦੇ ਚਰਨ ਪਏ। ਕਦੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਦੇ ਚਰਨ ਪਏ। ਭਾਗ ਕਿਵੇਂ ਲੱਗੇ? ਅਸਥਾਨ ਤਾਂ ਮਹਾਂਪੁਰਸ਼ ਬਣਾਉਣ ਦੇ ਹੱਕ 'ਚ ਨਹੀਂ ਸਨ। ਕਹਿਣ ਲੱਗੇ, ਚਲੋ ਹੁਣ ਦੇਖ ਲਓ। 19 ਸਿੰਘ ਸਨ ਉਸ ਸਮੇਂ ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ 781, 3 ਬੀ 1, ਮੋਹਾਲੀ ਰਹਿੰਦੇ ਸੀ। ਇਹ ਵੀ ਬੜੀ ਖੇਡ ਵਰਤੀ। ਕਿਉਂਕਿ ਵੱਡੇ ਮਹਾਰਾਜ ਜੀ ਨੇ ਆਪ ਜੀ ਨੂੰ ਚੰਡੀਗੜ੍ਹ ਤੋਂ ਭੇਜ ਦਿਤਾ, ਉਸ ਸਮੇਂ ਉਹ ਤਾਂ ਸਰੀਰ ਛੱਡ ਗਏ ਸਨ। ਛੋਟੇ ਮਹਾਰਾਜ (ਸ੍ਰੀ ਮਾਨ ਸੰਤ ਕਿਸ਼ਨ ਸਿੰਘ ਜੀ) ਸਨ ਉਹ ਕਹਿਣ ਲੱਗੇ, ਚਲੋ ਤੁਸੀਂ ਮੋਹਾਲੀ ਆ ਜਾਓ। ਸਾਰੇ ਸਿੰਘਾਂ ਨੂੰ ਜੋ ਰਹਿੰਦੇ ਸਭ ਨੂੰ ਤਨਖਾਹ ਦਿੰਦੇ ਸਨ। ਮੇਰੇ ਮਨ 'ਚ ਆਇਆ, ਮੈਂ ਬੇਨਤੀ ਕੀਤੀ ਕਿ ਮਹਾਰਾਜ! ਕੋਈ ਜਗ੍ਹਾ ਬਣ ਜਾਵੇ। ਉਹ ਕਹਿਣ ਲੱਗੇ ਕਿ ਘੱਟੋ-ਘੱਟ 10 ਏਕੜ ਜਗ੍ਹਾ ਚਾਹੀਦੀ ਹੈ। ਕਜਹੇੜੀ ਵੇਖੀ, ਢਾਈ ਤਿੰਨ ਏਕੜ ਸੀ। ਇਥੇ ਸ਼ਾਹਪੁਰ ਵੀ ਏਕੜ ਕੁ ਸੀ, ਫੇਰ ਖੰਟ ਮਾਣਪੁਰ ਗਏ ਉਥੇ ਵੀ ਗੱਲ ਨਾ ਬਣੀ। ਕਿਉਂਕਿ ਜ਼ਮੀਨ ਨਾਲ ਤਕਰੀਬਨ ਮੋਹ ਬਣਿਆ ਰਹਿੰਦੈ, ਛੱਡਣੀ ਬੜੀ ਔਖੀ ਹੁੰਦੀ ਹੈ। ਪਿੰਡ ਵਾਲਿਆਂ ਦੀ (ਮਲਕੀਅਤੀ) ਹੁੰਦੀ ਹੈ। ਇਸ ਕਰਕੇ ਉਸ ਵਿਚ ਕੋਈ ਵਿਘਨਕਾਰੀ ਨਾ ਬਣੇ ਮਹਾਂਪੁਰਸ਼ਾਂ ਦਾ, ਉਥੇ ਮਨ ਨਾ ਮੰਨਿਆ। ਇਥੇ ਜਦੋਂ ਆਏ, ਇਥੇ ਭਾਈ ਜਰਨੈਲ ਸਿੰਘ ਜੀ ਦੀ ਭੈਣ ਸੀ ਗਿਆਨ ਕੌਰ। ਉਹਦਾ ਵਿਆਹ ਸੀ, ਬਸਤਾ ਸਿੰਘ ਆਇਆ ਸੀ। ਉਹਨੇ ਆਪੇ ਹੀ ਕਿਹਾ ਕਿ ਮੇਰੀ ਜ਼ਮੀਨ ਲੈ ਲਓ। ਤੁਸੀਂ ਜਾਣਦੇ ਹੀ ਹੋਂ ਉਸ ਪ੍ਰੇਮੀ ਨੂੰ ਉਹ ਕਿੰਨਾ ਸੂਮ ਸੀ, ਉਹਦੇ ਓਲਾਦ ਨਹੀਂ ਸੀ। ਪਰ ਪ੍ਰੇਰਨਾ ਸ਼ਕਤੀ ਮਹਾਂਪੁਰਸ਼ਾਂ ਦੀ, ਉਹ ਪ੍ਰੇਰਨਾ ਹੋ ਗਈ। ਉਸ ਨੇ ਸਭ ਤੋਂ ਪਹਿਲਾਂ ਜ਼ਮੀਨ ਦਿਤੀ। ਫੇਰ ਹੁਣ 10 ਏਕੜ ਦਾ ਬਚਨ ਸੀ। ਆਹ ਦੋਵੇਂ ਨਗਰਾਂ ਦੇ ਵਿਚਕਾਰ ਜਦੋਂ 1986 ਵਿਚ ਸਤਿਸੰਗ ਹੋਏ, ਜਦੋਂ ਪੰਜਵੇਂ ਦੀਵਾਨ ਦਾ ਭੋਗ ਪਿਆ, ਅਰਦਾਸ ਹੋਈ, ਪੂਰੇ 10 ਏਕੜ ਜ਼ਮੀਨ ਪੈਂਤਪੁਰ ਤੋਂ ਭਾਈ ਲਾਭ ਸਿੰਘ ਜੀ ਨੇ ਜ਼ਮੀਨ ਦਿਤੀ। ਭਗਤ ਜੀ ਗੁਰਮੁਖ ਸਿੰਘ ਜੀ ਨੇ ਜ਼ਮੀਨ ਅਰਦਾਸ ਕਰਵਾਈ। ਚਾਹੜਮਾਜਰੇ ਤੋਂ ਵੀ ਹੋਈ। ਇਸ ਤਰ੍ਹਾਂ ਕਰਦੇ ਕਰਾਉਂਦੇ ਰਤਵਾੜੇ ਪਿੰਡ ਦੇ ਪ੍ਰੇਮੀਆਂ ਨੇ ਵੀ ਕਰਾਈ। ਇਹ ਤਕਰੀਬਨ 10 ਏਕੜ ਜ਼ਮੀਨ ਉਸੇ ਦਿਨ ਅਰਦਾਸ ਹੋ ਗਈ। ਕਿੱਡਾ ਬਚਨ -

*ਸੂਰਬੀਰ ਬਚਨ ਕੇ ਬਲੀ॥* *ਅੰਗ- ੩੯੨*

ਸਾਧੂ ਸਿੰਘ ਸਿੰਡੀਕੇਟ ਵਾਲੇ ਉਹਨਾਂ ਦਾ ਸੁਭਾਅ ਖੁਲ੍ਹਾ ਸੀ। ਕਹਿਣ ਲੱਗੇ, ਮਹਾਰਾਜ! ਤੁਹਾਡਾ ਬਚਨ ਸੀ 10 ਏਕੜ ਦਾ ਪੂਰਾ ਹੋ ਗਿਆ, ਹੁਣ ਖਰੀਦੋ। ਇਸ ਤਰ੍ਹਾਂ ਹੁਣ ਤੁਸੀਂ ਦੇਖੋ ਉਥੇ ਕਿੰਨੇ ਭਾਗ ਲਗ ਗਏ। ਬਖਸ਼ਿਸ਼ਾਂ ਹਨ। ਸੋ ਇਸ ਤਰ੍ਹਾਂ ਦੇ ਨਾਲ -

*ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨਿ੍ ਲੀਆ ਅੰਚਲਿ ਲਾਇ॥*
*ਅੰਗ - ੧੩੬੮*

ਕਿੱਡੀਆਂ ਬਖਸ਼ਿਸ਼ਾਂ ਹੋਈਆਂ ਤੇ ਸਾਡਾ ਸਬੰਧ ਜੁੜਿਆ -

*ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥*
*ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥ ੧ ॥*
*ਹਮ ਸੰਤਨ ਸਿਉ ਬਣਿ ਆਈ ॥*
*ਪੂਰਬਿ ਲਿਖਿਆ ਪਾਈ ॥*
*ਇਹੁ ਮਨੁ ਤੇਰਾ ਭਾਈ ॥ ਰਹਾਉ ॥*
*ਸੰਤਨ ਸਿਉ ਮੇਰੀ ਲੇਵਾ ਦੇਵੀ*
*ਸੰਤਨ ਸਿਉ ਬਿਉਹਾਰਾ ॥*
*ਸੰਤਨ ਸਿਉ ਹਮ ਲਾਹਾ ਖਾਟਿਆ*
*ਹਰਿ ਭਗਤਿ ਭਰੇ ਭੰਡਾਰਾ ॥ ੨ ॥* *ਅੰਗ- ੬੧੪*

ਫੇਰ ਕਿੱਡਾ ਉਹਨਾਂ ਦੇ ਨਾਲ ਲੈਣ-ਦੇਣ ਹੋਇਆ। ਕਿੰਨੇ ਪ੍ਰੇਮੀ ਜੁੜ ਗਏ, ਕਿੱਡੀਆਂ ਬਖਸ਼ਿਸ਼ਾਂ ਹੋਈਆਂ। ਇਸ ਤਰ੍ਹਾਂ ਦੇ ਨਾਲ ਉਹਨਾਂ ਨੇ ਵੀ ਕੋਈ ਘੱਟ ਪਿਆਰ ਨਹੀਂ ਕੀਤਾ। ਇਹ ਤਾਂ ਦਿਲਾਂ ਦੇ ਸੌਦੇ ਹਨ -

*ਸੰਤਨ ਮੋ ਕਉ ਪੂੰਜੀ ਸਉਪੀ*
*ਤਉ ਉਤਰਿਆ ਮਨ ਕਾ ਧੋਖਾ ॥* *ਅੰਗ- ੬੧੪*

ਐਸੀ ਨਾਮ ਦੀ ਪੂੰਜੀ, ਜੀਵਨ ਦਾਨ ਦੀ ਕਿੱਡੀ ਬਖਸ਼ਿਸ਼ ਹੋਈ। ਕਿੰਨਿਆਂ 'ਤੇ ਬਖਸ਼ਿਸ਼ ਹੋਈ ਇਹ ਨਹੀਂ ਕਿ ਕਿਸੇ ਇਕ 'ਤੇ। ਸੋ ਇਸ ਤਰ੍ਹਾਂ ਦੇ ਆਪਾਂ ਇਸ ਤੋਂ ਅਗਲੀ ਵਿਚਾਰ ਅਗਲੀ ਵਾਰ ਕਰਾਂਗੇ। ਇਥੇ ਹੀ ਸਮਾਪਤੀ ਹੈ।

*ਵਾਹਿਗੁਰੂ ਜੀ ਕਾ ਖਾਲਸਾ॥, ਵਾਹਿਗੁਰੂ ਜੀ ਕੀ ਫ਼ਤਹਿ॥*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

## 2. ਮਾਤਾ ਤ੍ਰਿਪਤਾ ਜੀ

ਐਸੇ ਮਹਾਨ ਸਤਿਗੁਰੂ ਜੀ ਦੇ ਮਾਤਾ ਤ੍ਰਿਪਤਾ ਜੀ, ਪਿਤਾ ਬਾਬਾ ਕਲਿਆਣ ਦਾਸ ਮਹਿਤਾ ਜੀ ਕਿੰਨੇ ਸਤਿਕਾਰਿਤ ਤੇ ਭਾਗਸ਼ਾਲੀ ਹਨ, ਇਸ ਦਾ ਅਸੀਂ ਕਲਜੁਗੀ ਜੀਵ ਅੰਦਾਜ਼ਾ ਵੀ ਨਹੀਂ ਲਗਾ ਸਕਦੇ ਤੇ ਨਾਹੀ ਐਨੀ ਬੁਧੀ ਦੇ ਮਾਲਕ ਹਾਂ। ਕਿਉਂਕਿ ਜਦੋਂ ਅਸੀਂ ਦਸਵੇਂ ਪਾਤਸ਼ਾਹ ਜੀ ਦੇ ਆਪਣੀ ਆਤਮ ਕਥਾ ਦੇ ਬਚਨ ਪੜ੍ਹਦੇ ਹਾਂ ਤਾਂ ਸਮਝ ਪੈਂਦੀ ਹੈ ਕਿ ਕੇਵਲ ਧੰਨ-ਧੰਨ ਮਾਤਾ ਗੁਜਰ ਕੌਰ ਜੀ ਦੀ ਹੀ ਐਨੀ ਘਾਲ ਕਮਾਈ ਸੀ ਜਿਸ ਕੁੱਖ ਵਿਚ ਉਨ੍ਹਾਂ ਨੇ ਪ੍ਰਗਟ ਹੋਣਾ ਸੀ।

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾਤੇ ਭਏ ਪ੍ਰਸੰਨਿ ਗੁਰਦੇਵਾ॥*
*ਤਿਨ ਪ੍ਰਭ ਜਬ ਆਇਸੁ ਮੁਹਿ ਦੀਆ॥*
*ਤਬ ਹਮ ਜਨਮ ਕਲੂ ਮਹਿ ਲੀਆ॥* *(ਸ੍ਰੀ ਦਸਮ ਗ੍ਰੰਥ)*

ਇਸ ਲਈ ਸਾਨੂੰ ਇਸ ਰਹੱਸ ਦਾ ਗਿਆਨ ਨਹੀਂ ਕਿ ਉਨ੍ਹਾਂ ਦੀ ਕਿੰਨੇ ਕੁ ਜਨਮਾਂ ਦੀ ਘਾਲ ਕਮਾਈ ਹੋਵੇਗੀ ਕਿ ਸਰਗੁਣ ਸਰੂਪ ਪ੍ਰਮੇਸ਼ਰ ਜੀ ਨੇ ਆਪ ਉਨ੍ਹਾਂ ਦੇ ਗ੍ਰਹਿ ਵਿਖੇ, ਮਾਤਾ ਤ੍ਰਿਪਤਾ ਜੀ ਦੀ ਮਹਾਨ ਪਵਿਤ੍ਰ ਕੁਖ ਤੋਂ ਪ੍ਰਗਟ ਹੋ ਕੇ (ਸਰਗੁਣ ਸਰੂਪ) ਮਨੁੱਖੀ ਜਾਮਾ ਧਾਰਨ ਕੀਤਾ ਜਿਸ ਬਾਰੇ ਐਸਾ ਫੁਰਮਾਨ ਹੈ ।

*ਆਪਿ ਨਰਾਇਣੁ ਕਲਾ ਧਾਰਿ*
*ਜਗ ਮਹਿ ਪਰਵਰਿਯਉ ॥*
*ਨਿਰੰਕਾਰਿ ਆਕਾਰ ਜੋਤਿ*
*ਜਗ ਮੰਡਲਿ ਕਰਯਉ ॥* *ਅੰਗ-੧੩੯੫*

*ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ*
*ਧਨੁ ਧਨੁ ਸੁ ਜਨਨੀ*
*ਜਿਨਿ ਗੁਰੂ ਜਣਿਆ ਮਾਇ ॥*
*ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ*
*ਆਪਿ ਤਰਿਆ ਜਿਨੀ ਡਿਠਾ*
*ਤਿਨਾ ਲਏ ਛਡਾਇ ॥* *ਅੰਗ-੩੧੦*

*ਧੰਨੁ ਸੁ ਵੰਸੁ ਧੰਨੁ ਸੁ ਪਿਤਾ*
*ਧੰਨੁ ਸੁ ਮਾਤਾ ਜਿਨਿ ਜਨ ਜਣੇ ॥* *ਅੰਗ-੧੧੩੫*

*ਧਨੁ ਜਨਨੀ ਜਿਨਿ ਜਾਇਆ*
*ਧੰਨੁ ਪਿਤਾ ਪਰਧਾਨੁ ॥* *ਅੰਗ-੩੨*

ਮਾਤਾ ਤ੍ਰਿਪਤਾ ਜੀ ਸਿਖ ਇਤਿਹਾਸ ਵਿਚ ਪਹਿਲੇ ਸਤਿਕਾਰਯੋਗ ਪੂਜਯ ਹਸਤੀ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਜੀ ਦੀ ਮਾਂ ਹੋਣ ਦਾ ਮਾਣ ਪ੍ਰਾਪਤ ਹੈ, ਜਿਨਾਂ ਦੇ ਚਰਨਾਂ ਤੇ ਸੰਸਾਰ ਦੇ ਹਰ ਇਕ ਨਾਨਕ ਨਾਮ ਲੇਵਾ ਸਿੱਖ ਦਾ ਸੀਸ ਬੜੇ ਅਦਬ ਨਾਲ ਝੁਕਦਾ ਹੈ। ਆਪ ਜੀ ਦਾ ਜਨਮ ਪਿੰਡ ਚਹਿਲ ਜ਼ਿਲ੍ਹਾ ਅੰਮ੍ਰਿਤਸਰ ਪਿਤਾ ਭਾਈ ਰਾਮਾ ਜੀ ਤੇ ਮਾਤਾ ਭਿਰਾਈ ਜੀ ਦੇ ਗ੍ਰਿਹ ਵਿਖੇ ਹੋਇਆ। ਮਾਤਾ ਜੀ ਦੀ ਸ਼ਾਦੀ ਮਹਿਤਾ ਕਲਿਆਣ ਦਾਸ ਜੀ ਨਾਲ ਹੋਈ ਤੇ ਆਪ ਰਾਇ ਭੋਇ ਦੀ ਤਲਵੰਡੀ ਸਹੁਰੇ ਘਰ ਵਿਚ ਆ ਗਏ। ਜਦੋਂ ਗੁਰੂ ਨਾਨਕ ਜੀ ਦਾ ਆਪ ਜੀ ਗ੍ਰਹਿ ਵਿਖੇ ਪ੍ਰਕਾਸ਼ ਹੋਇਆ ਤਾਂ ਰੱਬੀ ਨੂਰ ਦੀ ਝਲਕ ਦੇਖ ਕੇ ਮਾਈ ਦੌਲਤਾਂ ਦਾਈ ਦੰਗ ਰਹਿ ਗਈ ਤੇ ਦਰਸ਼ਨ ਕਰਕੇ ਅਨੋਖੇ ਦੈਵੀ ਰਸ ਵਿਚ ਭਰ ਗਈ। ਜਦੋਂ ਮਹਿਤਾ ਕਾਲੂ ਜੀ ਖੁਸ਼ੀ ਨਾਲ ਇਸ ਨੂੰ ਧਨ ਤੇ ਸੋਨੇ ਦੇ ਗਹਿਣੇ, ਮੋਹਰਾਂ ਦਾ ਥਾਲ ਦੇਣ ਲੱਗੇ ਤਾਂ ਕਹਿੰਦੀ ਮੈਂ ਆਪਣੇ ਹੱਥਾਂ ਵਿਚ ਅਨੇਕਾਂ ਬੱਚਿਆਂ ਨੂੰ ਜਨਮ ਲੈਂਦੇ ਦੇਖਿਆ ਹੈ, ਸਭ ਰੋਂਦੇ ਹੀ ਜਨਮ ਲੈਂਦੇ ਹਨ । ਇਹ ਪਹਿਲਾ ਅਜੇਹਾ ਬਾਲਕ ਹੈ ਜੋ ਜਨਮ ਲੈਂਦਿਆਂ ਖਿੜ-ਖਿੜਾ ਕੇ ਹਸ ਰਿਹਾ ਸੀ। ਦੀਵਿਆਂ ਦੀ ਰੋਸ਼ਨੀ ਮੱਧਮ ਪੈ ਗਈ ਅਤੇ ਸਾਰਾ ਅੰਦਰ ਪ੍ਰਕਾਸ਼ ਨਾਲ ਭਰ ਗਿਆ। ਇਸ ਦੇ ਦਰਸ਼ਨ ਕਰਕੇ ਮੈਂ ਅਕਿਹ ਰਸ ਵਿਚ ਅਨੰਦਿਤ ਹਾਂ, ਹੁਣ ਇਨ੍ਹਾਂ ਦੁਨਿਆਵੀ ਵਸਤਾਂ ਤੇ ਧਨ ਦੀ ਲੋੜ ਨਹੀਂ ਰਹੀ। ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਨੇ ਲਿਖਿਆ ਹੈ ਕਿ ਜਦੋਂ ਦੌਲਤਾਂ ਦਾਈ ਨੂੰ ਪਦਾਰਥ ਦੇਵਣ ਲੱਗੇ ਤਾਂ ਓਸ ਆਖਿਓਸ, ਰਹਿਣ ਦੇ ਮਹਿਤਾ! ਮੈਂ ਤਾਂ ਰੱਜ ਗਈ। ਨਿਹਾਲ ਹੋ ਗਈ। ਮੈਨੂੰ ਇੰਜ ਮਿਲਿਆ ਇਹ ਬਾਲ ਜਿਵੇਂ ਕੋਈ ਬਜ਼ੁਰਗ ਬਾਬਾ ਮੁਸਕਰਾ ਕੇ ਮਿਲਦਾ ਹੈ। ਸ਼ਾਇਦ ਦੌਲਤਾਂ ਨੂੰ ਇਹ ਅਨੁਭਵ ਨਹੀਂ ਸੀ ਕਿ ਸੰਸਾਰੀ ਬੱਚੇ ਜਦੋਂ ਜਨਮ ਲੈਂਦੇ ਹਨ ਉਹ ਭੁੱਖ ਕਰਕੇ ਤੇ ਕੁਝ ਲੈਣ ਲਈ ਰੋਇਆ ਕਰਦੇ ਹਨ ਪਰ ਇਹ ਤਾਂ ਰੋਂਦਿਆਂ ਨੂੰ ਹਸਾਉਣ ਅਤੇ ਨੌਂ-ਨਿਧ ਦੇ ਭੰਡਾਰ ਵੰਡਣ ਵਾਸਤੇ ਆਏ ਹਨ।

*"ਦੀਰਘ ਨਰ ਜਿਉਂ ਬਿਲਾਸ ਮਿਲੇ ਹੈਂ"।*
*ਦਿਪਤ ਤੇਜ ਜਿੰਹ ਕਾਂਤਿ ਅਨੂਪਾ ।*
*ਬਿਸਮੈ ਧਾਇ ਹੇਰਿ ਸਿਸ ਰੂਪਾ ।*
*ਜਨਮਤਿ ਮ੍ਰਿਦੁਲ ਬਾਲ ਮੁਸਕਾਈ ।*
*ਸਗਨ ਕੁਸਗਨ ਨ ਜਾਨਯੋ ਜਾਈ ।*
*ਅਨਤ ਬਾਲ ਜਨਮਤਿ ਸਭਿ ਰੋਤੇ ।*

*ਬਿਗਸਤਿ ਇਹ ਜਿਵ ਆਨੰਦ ਹੋਤੇ ।*

*(ਸ੍ਰੀ ਗੁਰੂ ਨਾਨਕ ਪ੍ਰਕਾਸ਼ )*

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਾਤਾ ਜੀ, ਪਲੰਘ ਤੇ ਬਾਲ ਸਤਿਗੁਰੂ ਨੂੰ ਲੈ ਕੇ ਪਏ ਹੋਏ ਸਨ, ਪਹਿਰ ਰਾਤ ਰਹਿੰਦੀ, ਸੁਪਨੇ ਵਿਚ ਐਸਾ ਅਤੀ ਸੁੰਦਰ ਸ਼ੋਭਾਦਾਇਕ ਦ੍ਰਿਸ਼ ਨਜ਼ਰ ਆਇਆ; ਦੇਖਿਆ ਕਿ ਸਤਿਗੁਰੂ ਜੀ ਬਹੁਤ ਉਚੇ ਹੀਰੇ-ਮੋਤੀਆਂ ਜੜਤ ਸਿੰਘਾਸਨ ਤੇ ਤਾਜ ਸਹਿਤ ਸੁੰਦਰ ਬਸਤ੍ਰਾਂ ਨਾਲ ਬਿਰਾਜਮਾਨ ਹਨ, ਚਵਰ ਝੁਲ ਰਹੇ ਹਨ, ਅਨੇਕ ਦੇਵ ਰੂਹਾਂ ਫੁਲਾਂ ਦੀ ਵਰਖਾਂ ਕਰਦੀਆਂ, ਅਤਰ-ਫੁਲੇਲ ਦਾ ਛਿੜਕਾ ਕਰਦੀਆਂ, ਉਸਤਤ ਕਰਦੀਆਂ, ਹੱਥ ਜੋੜ ਕੇ ਸੇਵਾ ਵਿਚ ਖੜ੍ਹੀਆਂ ਹਨ। ਮਾਤਾ ਜਦੋਂ ਸਵੇਰੇ ਉਠੇ ਤਾਂ ਉਸੇ ਤਰ੍ਹਾਂ ਸਭ ਕੁਝ ਦਿਖਾਈ ਦੇ ਰਿਹਾ ਹੈ। ਸਰੀਰ ਵਿਚੋਂ ਫੁਲਾਂ ਦੀ, ਅਤਰ ਦੀ ਸੁਗੰਧੀ ਆ ਰਹੀ ਹੈ। ਇਧਰ ਬਾਲ ਗੁਰੂ ਜਿਨ੍ਹਾਂ ਦੀ ਆਰਜਾ ਪੰਜ ਕੁ ਵਰ੍ਹਿਆਂ ਦੀ ਸੀ, ਜਾਣ ਗਏ ਕਿ ਮਾਤਾ ਜੀ ਨੂੰ ਮੇਰੇ ਬਾਰੇ ਅਨੁਭਵ ਹੋ ਗਿਆ ਹੈ। ਆਪ ਨੇ ਸੋਚਿਆ ਕਿ ਮਾਤਾ ਜੀ ਨੇ ਤਾਂ ਮੈਨੂੰ ਮੱਥਾ ਟੇਕੀ ਜਾਣਾ ਹੈ ਤਾਂ ਆਪ ਜੀ ਨੇ ਉਹ ਸਾਰਾ ਕੁਝ ਮਾਇਆ ਵਰਤਾ ਕੇ ਅਲੋਪ ਕਰ ਦਿਤਾ ਤਾਕਿ ਮੈਨੂੰ ਆਮ ਬੱਚੇ ਵਰਗਾ ਸਮਝ ਕੇ ਮੇਰੀ ਪਾਲਣਾ ਕਰਨ।

*ਸਵਾ ਜਾਮ ਜਬ ਰਹੀ ਤ੍ਰਿਜਾਮਾ ।*
*ਜਨਨੀ ਸੁਪਨਾ ਪਿਖ ਅਭਿਰਾਮਾ ।*
*ਸੁੰਦਰ ਦੁਤਿ ਬ੍ਰਿੰਦਾਰਕ ਬ੍ਰਿੰਦਾ ।*
*ਮਿਲ ਕਰਿ ਆਏ ਕਰਤਿ ਅਨੰਦਾ ।*
*ਸੁਤ ਕੀ ਮਹਿੰਮਾ ਮਨ ਮਹਿੰ ਮਾਨੀ ।*
*ਇਹ ਅਵਤਾਰ ਸ'ਤਿ ਚਿਤ ਜਾਨੀ ।*
*ਜਾਨੀ ਨਾਨਕ ਜੀ ਮਨ ਮਾਤਾ ।*
*ਤਾਨ ਦਈ ਤਬ ਮੋਹ ਕਨਾਤਾ ।*

*(ਸ੍ਰੀ ਗੁਰ ਨਾਨਕ ਪ੍ਰਕਾਸ਼ )*

ਮਾਤਾ ਤ੍ਰਿਪਤਾ ਜੀ ਨੇ ਆਪ ਜੀ ਨੂੰ ਬੜੇ ਪਿਆਰ, ਚਾਵਾਂ ਤੇ ਲਾਡਾਂ ਨਾਲ ਪਾਲਿਆ ਤੇ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਆਪ ਨੂੰ ਸੁਹਣੇ ਬਸਤਰ ਤੇ ਕੀਮਤੀ ਗਹਿਣੇ ਪਾ ਕੇ ਤੋਰਿਆ ਕਰਦੇ ਸਨ । ਜਦੋਂ ਆਪ ਨੇ ਕਿਸੇ ਲੋੜਵੰਦ ਗਰੀਬ ਨੂੰ ਗਹਿਣੇ ਆਦਿ ਦੇ ਕੇ ਆਉਣਾ ਤਾਂ ਕਦੀ ਮੱਥੇ ਵੱਟ ਨਹੀਂ ਸੀ ਪਾਉਂਦੇ ਪਰ ਪਿਤਾ ਜੀ ਅਕਸਰ ਨਰਾਜ਼ ਹੋ ਜਾਇਆ ਕਰਦੇ ਸਨ। ਜਦੋਂ ਬਾਲ ਗੁਰੂ ਜੀ ਬਚਪਨ ਵਿਚ ਆਪਣੇ ਬਾਲ ਸਖਾਈ ਮਿਤਰਾਂ ਨਾਲ ਖੇਡ ਕੇ ਆਉਂਦੇ ਸਨ ਤਾਂ ਸਾਰੇ ਬੱਚਿਆਂ ਨੂੰ ਵੀ ਬਗੈਰ ਭੇਦ ਭਾਵ ਤੋਂ ਪਿਆਰ ਨਾਲ ਕੋਲ ਬਿਠਾ ਕੇ ਭੋਜਨ ਛਕਾਇਆ ਕਰਦੇ ਸਨ।

ਖਰਾ ਸੌਦਾ ਕਰਕੇ ਜਦੋਂ ਘਰ ਵਾਪਿਸ ਘਰ ਪਰਤੇ ਤਾਂ ਜਿਸ ਵੇਲੇ ਮਾਤਾ ਜੀ ਨੇ ਦੇਖਿਆ ਕਿ ਪੁੱਤਰ ਦੇ ਮੁੱਖੜੇ ਉਤੇ ਪਤੀ ਜੀ ਦੀਆਂ ਚਪੇੜਾਂ ਦੇ ਨੀਲ ਪਏ ਹੋਏ ਹਨ, ਉਸ ਵੇਲੇ ਮਾਤਾ ਤੋਂ ਬੈਰਾਗ ਥੰਮਿਆ ਨਾ ਗਿਆ, (ਗੁਰੂ) ਨਾਨਕ ਜੀ ਨੂੰ ਗਲਵਕੜੀ 'ਚ ਲੈ ਕੇ ਹੰਝੂਆਂ ਤੋਂ ਐਨਾ ਜਲ ਵਹਿ ਤੁਰਿਆ ਜਿਸ ਨਾਲ ਉਨ੍ਹਾਂ ਦੇ ਅੰਗ ਤੇ ਵਸਤਰ ਵੀ ਭਿਜ ਗਏ।

*ਸਜਲ ਬਿਲੋਚਨ ਸੁਤਹਿ ਬਿਲੋਕੀ ।*
*ਭਈ ਪ੍ਰੇਮ ਕੀ ਉਮਗ ਅਰੋਕੀ ।*
*ਕੰਠ ਲਗਾਏ ਨੈਨ ਭਰ ਆਏ ।*
*ਅੱਸ੍ਰ ਸੰਗ ਸੁਤ ਅੰਗ ਭਿਗਾਏ ।*

*(ਸ੍ਰੀ ਗੁਰ ਨਾਨਕ ਪ੍ਰਕਾਸ਼)*

ਆਪ ਜੀ ਜਦੋਂ ਲੰਮੇ ਸਮੇਂ ਲਈ ਸੁਲਤਾਨਪੁਰ ਮੋਦੀ ਖਾਨੇ ਦੀ ਕਾਰ ਕਰ ਰਹੇ ਸਨ ਤਾਂ ਭਾਈ ਮਰਦਾਨਾ ਜੀ ਨੇ ਆ ਕੇ ਦਸਿਆ ਕਿ ਮਾਤਾ ਜੀ ਬਹੁਤ ਯਾਦ ਕਰਦੇ ਹਨ ਤੇ ਹਰ ਵੇਲੇ ਸੇਜਲ ਨੇਤਰਾਂ ਨਾਲ ਆਪ ਦਾ ਰਾਹ ਤ'ਕਦੇ ਰਹਿੰਦੇ ਹਨ । ਉਸ ਵੇਲੇ ਆਪ ਜੀ ਤਲਵੰਡੀ ਗਏ ਤੇ ਮਾਤਾ ਜੀ ਦੇ ਚਰਨਾਂ ਤੇ ਸੀਸ ਨਿਵਾਇਆ ਤੇ ਮਾਤਾ ਜੀ ਨੇ ਮੱਥਾ ਚੁੰਮਿਆ, ਗਲਵਕੜੀ 'ਚ ਲੈ ਕੇ ਬਹੁਤ ਪਿਆਰ ਕੀਤਾ ਤੇ ਆਪ ਜੀ ਇਕ ਮਹੀਨਾ ਮਾਤਾ ਜੀ ਕੋਲ ਰਹੇ। ਮਾਤਾ ਜੀ ਹਰ ਰੋਜ਼ ਆਪ ਨੂੰ ਆਪਣੇ ਹੱਥੀਂ ਭੋਜਨ ਤਿਆਰ ਕਰ ਕੇ ਛਕਾਇਆ ਕਰਦੇ ਸਨ। ਆਪ ਜੀ ਕਦੀ ਚਾਦਰ ਓਢ ਕੇ ਮੰਜੇ ਤੇ ਲੰਮੇ ਪੈ ਜਾਂਦੇ ਕਦੀ ਨਾਲ ਲਗਦੇ ਜੰਗਲ ਵਿਚ ਸਮਾਧੀ ਸਥਿਤ ਹੋ ਕੇ ਬੈਠੇ ਰਹਿੰਦੇ। ਹਰ ਵੇਲੇ ਭਜਨ ਵਿਚ ਬੁਲ੍ਹ ਫਰਕਦੇ ਰਹਿੰਦੇ ਸਨ। ਮਾਤਾ ਜੀ ਜਦੋਂ ਭੋਜਨ ਛਕਣ ਵਾਸਤੇ ਆਖਦੇ ਤਾਂ ਆਪ ਜੀ ਨੇ ਕਹਿਣਾ, ਬੇਟਾ ਤੁਸੀਂ ਕਈ ਕਈ ਦਿਨ ਕੁਝ ਖਾਂਦੇ ਨਹੀਂ, ਤੁਹਾਨੂੰ ਭੁੱਖ ਨਹੀਂ ਲਗਦੀ? ਆਪ ਜੀ ਨੇ ਉਤਰ ਦੇਣਾ, ਮਾਤਾ ਜੀ! ਮੈਨੂੰ ਭੁੱਖ ਲਗਦੀ ਹੈ ਪਰ 'ਨਾਮ' ਦੀ, ਕਿਉਂਕਿ ਜਿਸ ਨੂੰ ਇਹ ਭੁੱਖ ਲਗ ਜਾਵੇ ਉਸ ਦੇ ਸਾਰੇ ਦੁਖ ਮਿਟ ਜਾਂਦੇ ਹਨ। ਇਸ ਲਈ ਉਸ ਸਚੇ ਪ੍ਰਭੂ ਦੇ 'ਨਾਮ' ਨੂੰ ਮੈਂ ਹਰ ਵੇਲੇ ਸਿਮਰਦਾ ਰਹਿੰਦਾ ਹਾਂ -

*ਸਾਚੇ ਨਾਮ ਕੀ ਲਾਗੈ ਭੂਖ ॥*
*ਉਤੁ ਭੂਖੈ ਖਾਇ ਚਲੀਅਹਿ ਦੂਖ ॥*
*ਸੋ ਕਿਉ ਵਿਸਰੈ ਮੇਰੀ ਮਾਇ ॥*
*ਸਾਚਾ ਸਾਹਿਬੁ ਸਾਚੈ ਨਾਇ ॥* *ਅੰਗ-੯*

ਇਕ ਦਿਨ ਆਪ ਜੀ ਲੇਟੇ ਹੋਏ ਸਨ ਤਾਂ ਮਾਤਾ ਜੀ ਨੇ ਦਾਸੀ ਤੁਲਸਾਂ ਨੂੰ ਭੇਜਿਆ ਕਿ ਨਾਨਕ ਜੀ ਨੂੰ ਬੁਲਾ ਕੇ ਲਿਆ ਤੇ ਆਖ - ਭੋਜਨ ਛਕ ਲੈਣ। ਜਦੋਂ ਦਾਸੀ ਗਈ ਤਾਂ ਦੇਖਿਆ ਕਿ ਆਪ ਚਾਦਰ ਓਢ ਕੇ ਸੁਤੇ ਪਏ ਹਨ, ਜਗਾਉਣਾ ਮੁਨਾਸਬ ਨਾ ਸਮਝਿਆ। ਉਸ ਨੇ ਦੇਖਿਆ ਕਿ ਇਕ ਪੈਰ ਬਾਹਰ ਹੈ ਤਾਂ ਉਸ ਨੇ ਸੋਚਿਆ ਕਿ ਅਚਾਨਕ ਉਠਾਉਣਾ ਠੀਕ ਨਹੀਂ, ਉਸ

ਨੇ ਅੰਗੂਠੇ ਨੂੰ ਜੀਭਾ ਆਪਣੀ ਨਾਲ ਸਪਰਸ਼ ਕਰ ਦਿਤਾ।

*ਕੀਨਿ ਸਪਰਸ਼ਨ ਰਸਨਾ ਜਬ ਹੀ।*
*ਤੀਨ ਲੋਕ ਕੀ ਸੁਧ ਭਈ ਤਬ ਹੀ।*
*ਤਹਿਂ ਇਕ ਕੌਤਕ ਲਖਯੋ ਅਨੂਪਾ ।*
*ਸ੍ਰੀ ਨਾਨਕ ਕੋ ਪਿਖਯੋ ਸਰੂਪਾ।*
*ਲ਼ਵਪੁਰਿ ਕੋ ਮਨਸੁਖ ਜੋ ਸ਼ਾਹਾ।*
*ਤਿਹ ਜਹਾਜ ਥੋ ਸਾਗਰ ਮਾਹਾਂ।*

*(ਸ੍ਰੀ ਗੁਰ ਨਾਨਕ ਪ੍ਰਕਾਸ਼)*

ਸਪਰਸ਼ ਹੁੰਦੀ ਸਾਰ ਹੀ ਦਿਬ ਦ੍ਰਿਸ਼ਟ ਖੁਲ੍ਹ ਗਈ, ਕੀ ਦੇਖਿਆ ਕਿ ਉਹ ਤਾਂ ਭਾਈ ਮਨਸੁਖ ਦਾ ਜਹਾਜ਼ ਜੋ ਸਮੁੰਦਰ 'ਚ ਫਸ ਗਿਆ ਸੀ, ਕੱਢ ਰਹੇ ਹਨ, ਜਾ ਕੇ ਮਾਤਾ ਜੀ ਨੂੰ ਦੱਸਿਆ। ਉਸ ਵੇਲੇ ਮਾਤਾ ਜੀ ਨੇ ਆਪ ਜਾ ਕੇ ਨਾਨਕ ਜੀ ਨੂੰ ਜਗਾਇਆ ਤੇ ਦਾਸੀ ਨੇ ਜੋ ਦੱਸਿਆ ਉਸ ਬਾਰੇ ਪੁੱਛਿਆ।

*ਸੁਨਿ ਤ੍ਰਿਪਤਾ ਰਿਸ ਕਛੁ ਕਹਿ ਬੈਨਾ।*
*ਗਈ ਆਪ ਜਹਿਂ ਸੁਤ ਸੈਨਾ।*
*'ਸੁਨਹੁ ਪੁਤ੍ਰ! ਲਖਿ ਦਸ਼ਾ ਤੁਮਾਰੀ।*
*ਦਾਸੀ ਭੀ ਮੁਝ ਹਸਿ ਓਚਾਰੀ।*

*(ਸ੍ਰੀ ਗੁਰ ਨਾਨਕ ਪ੍ਰਕਾਸ਼)*

ਕਹਿਣ ਲੱਗੇ ਕਿ ਪੁੱਤਰ ਜੀ! ਪਹਿਲਾਂ ਤਾਂ ਲੋਕ ਗੱਲਾਂ ਕਰਦੇ ਸੀ, ਹੁਣ ਤਾਂ ਘਰ ਦੀਆਂ ਦਾਸੀਆਂ ਵੀ ਗੱਲਾਂ ਕਰਨ ਲਗ ਪਈਆਂ ਕਿ ਤੂੰ ਕਿਸੇ ਦਾ ਜਹਾਜ਼ ਕੱਢ ਰਿਹਾ ਸੀ। ਸਤਿਗੁਰ ਜੀ ਕਹਿਣ ਲੱਗੇ ਉਹ ਤਾਂ ਕਮਲੀ ਹੈ ਪਰ ਅਜਰ ਨੂੰ ਜਰ ਲਵੇਗੀ।

*ਕਮਲੀ ਝਮਲੀ ਕੇ ਬਚ ਐਸੇ।*
*ਇਸ ਕੇ ਕਹੇ ਨ ਮਾਨਹੁ ਕੈਸੇ।*

*(ਸ੍ਰੀ ਗੁਰ ਨਾਨਕ ਪ੍ਰਕਾਸ਼)*

ਰਾਇ ਬੁਲਾਰ ਜੀ ਨੇ ਦੇਖਿਆ ਕਿ ਕਾਲੂ ਜੀ ਆਪਣੇ ਪੁੱਤਰ ਨਾਨਕ ਜੀ ਦੀ ਵਡਿਆਈ ਨੂੰ ਸਮਝਣ ਵਿਚ ਅਸਮਰਥ ਹਨ ਤਾਂ ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਨੂੰ ਸੁਲਤਾਨ ਪੁਰ ਬੇਬੇ ਨਾਨਕੀ ਤੇ ਜੈ ਰਾਮ ਜੀ ਪਾਸ ਭੇਜ ਦਿੰਦੇ ਹਾਂ।

ਉਥੇ ਰਹਿਣਗੇ ਤਾਂ ਰੋਜ਼ ਦਾ ਝਗੜਾ ਖਤਮ ਹੋ ਜਾਵੇਗਾ। ਪਹਿਲੀ ਵਾਰ ਘਰੋਂ ਦੂਰ ਸੁਲਤਾਨ ਪੁਰ ਨੂੰ (ਗੁਰੂ) ਨਾਨਕ ਜੀ ਜਾਣ ਲਗਦੇ ਹਨ ਤਾਂ ਮਾਤਾ ਜੀ ਬਹੁਤ ਬੈਰਾਗ ਕਰਦੇ ਹਨ ਤੇ ਕਹਿੰਦੇ ਹਨ ਬੇਟਾ! ਤੂੰ ਮੇਰਾ ਇਕੋ ਇਕ ਪੁੱਤਰ ਹੈਂ, ਤੇਰਾ ਵਿਛੋੜਾ ਮੈਂ ਕਿਵੇਂ ਸਹਾਂਗੀ? ਪਰ ਗੁਰੂ ਨਾਨਕ ਜੀ ਤਾਂ ਮੋਹ-ਮਾਇਆ ਤੋਂ ਨਿਆਰੇ ਹਨ ਤੇ ਜਗਤ ਜਲੰਦੇ ਨੂੰ ਤਾਰਨ ਵਾਸਤੇ ਆਏ ਹਨ, ਕਿਵੇਂ ਰੁਕਦੇ? ਮਾਤਾ ਜੀ ਨੂੰ ਨਮਸ਼ਕਾਰ ਕਰਕੇ ਤੁਰ ਜਾਂਦੇ ਹਨ।

*ਇਨੰ ਤਾਤ ਮੇਰੋ ਬਿਯੋਗੰ ਸੁ ਕੀਨੋ ।*
*ਨ ਦੈਵੰ ਸਹਾਰਯੋ ਨ ਦੇਖੰਨ ਦੀਨੋ ।*
*ਭਰੇ ਅੰਕ ਮੈਂ ਸੀਤ ਸਵਾਸੰ ਨਿਕਾਰੇ ।*
*ਬਢੀ ਪੀਰ ਮਾਨੋ ਹੁਵੈਂ ਪ੍ਰਾਨ ਨਯਾਰੇ ।*

*(ਸ੍ਰੀ ਗੁਰ ਨਾਨਕ ਪ੍ਰਕਾਸ਼ )*

ਇਸੇ ਤਰ੍ਹਾਂ ਪਹਿਲੀ ਉਦਾਸੀ ਤੋਂ ਕਈ ਸਾਲ ਬਾਦ ਜਦੋਂ ਫਿਰ ਤਲਵੰਡੀ ਆਏ ਤਾਂ ਨਗਰ ਤੋਂ ਬਾਹਰ ਦੋ ਕੋਹ ਦੀ ਦੂਰੀ ਤੇ ਖੂਹ ਦੇ ਕੋਲ ਦਰਖਤਾਂ ਦੀ ਛਾਂ ਹੇਠ ਸਮਾਧੀ ਲਾ ਕੇ ਬੈਠ ਗਏ ਤੇ ਭਾਈ ਮਰਦਾਨੇ ਨੂੰ ਤਲਵੰਡੀ ਭੇਜ ਦਿਤਾ ਕਿ ਤੂੰ ਆਪਣੇ ਪਰਿਵਾਰ ਨੂੰ ਮਿਲ ਕੇ ਆ ਜਾਵੀਂ ਪਰ ਸਾਡੇ ਬਾਰੇ ਮਾਤਾ-ਪਿਤਾ ਜੀ ਨੂੰ ਨਾ ਦੱਸੀਂ। ਜਦੋਂ ਘਰ ਮਾਤਾ ਜੀ ਨੂੰ ਮਿਲਣ ਆਏ ਤਾਂ ਚਰਨਾਂ ਤੇ ਸੀਸ ਨਿਵਾਇਆ ਤੇ ਮਾਤਾ ਜੀ ਗਲਵਕੜੀ 'ਚ ਲੈ ਕੇ ਪਿਆਰ ਦਿੰਦੇ ਹਨ। (ਗੁਰੂ) ਨਾਨਕ ਜੀ ਬਾਰੇ ਪੁੱਛਿਆ, ਕਿਥੇ ਹਨ ਪਰ ਮਰਦਾਨਾ ਜੀ ਨੇ ਗੱਲ ਗੁਪਤ ਰੱਖੀ ਕਿਉਂਕਿ ਗੁਰੂ ਜੀ ਦਾ ਬਚਨ ਸੀ। ਜਦੋਂ ਭਾਈ ਮਰਦਾਨਾ ਜੀ ਆਪਣੇ ਪਰਵਾਰ ਤੋਂ ਵਿਦਾ ਹੋ ਕੇ ਗੁਰੂ ਸਾਹਿਬ ਦੇ ਮਾਤਾ-ਪਿਤਾ ਜੀ ਦੇ ਘਰ ਮਿਲਣ ਲਈ ਜਾਂਦੇ ਹਨ ਤਾਂ ਮਾਤਾ ਜੀ ਬਹੁਤ ਉਦਾਸ ਹੋ ਜਾਂਦੇ ਹਨ। ਉਸ ਨੂੰ ਗਲੇ ਨਾਲ ਲਾ ਕੇ, ਆਪਣੇ ਪਿਆਰੇ ਪੁੱਤਰ (ਗੁਰ) ਨਾਨਕ ਜੀ ਨੂੰ ਯਾਦ ਕਰਕੇ ਹੰਝੂਆਂ ਦੀ ਝੜੀ ਲਾ ਕੇ ਬਹੁਤ ਵੈਰਾਗ ਕਰਦੇ ਹਨ।

*ਜਬ ਆਵਤਿ ਦੇਖਯੋ ਮਰਦਾਨਾ ।*
*ਗਲ ਸੋਂ ਲਾ ਬੈਰਾਗ ਬਹੁ ਠਾਨਾ ।*
*ਸ੍ਰੀ ਨਾਨਕ ਕੋ ਭਾ ਅਨੁਰਾਗਾ ।*
*ਕੀਨੋ ਜਨਨੀ ਬਹੁ ਬੈਰਾਗਾ ।*

*(ਸ੍ਰੀ ਗੁਰ ਨਾਨਕ ਪ੍ਰਕਾਸ਼)*

ਮਾਤਾ ਜੀ ਨੇ (ਗੁਰ) ਨਾਨਕ ਜੀ ਬਾਰੇ ਪੁਛਿਆ ਤਾਂ ਉਸ ਨੇ ਕਿਹਾ ਪਤਾ ਨਹੀਂ ਕਿਥੇ ਹਨ? ਮਾਤਾ ਜੀ ਸਮਝ ਗਏ, ਕਿਉਂਕਿ ਉਹ ਜਾਣਦੇ ਸਨ ਕਿ ਜੇ ਮਰਦਾਨਾ ਆਇਆ ਹੈ ਤਾਂ ਮੇਰਾ ਲਾਲ ਵੀ ਜ਼ਰੂਰ ਇਥੇ ਹੀ ਹੈ। ਉਸ ਵੇਲੇ ਮਾਤਾ ਕਪੜੇ ਤੇ ਖਾਣ ਵਾਸਤੇ ਭੋਜਨ-ਮਠਿਆਈ ਆਦਿ ਲੈ ਕੇ, ਕੁਝ ਦੂਰੀ ਰੱਖ ਕੇ, ਮਰਦਾਨੇ ਦੇ ਮਗਰ-ਮਗਰ ਹੋ ਕੇ ਚਲ ਪਏ। ਉਸ ਵੇਲੇ ਦੇ ਬਚਨ ਸਾਖੀਕਾਰ ਨੇ ਇਸ ਤਰ੍ਹਾਂ ਦੇ ਨਾਲ ਲਿਖੇ ਹਨ।

***"ਤਬ ਬਾਬੇ ਡਿਠਾ ਜੋ ਮਾਤਾ ਤੇ ਮਰਦਾਨਾ ਆਏ, ਤਬ ਬਾਬਾ ਆਇ ਕਰਿ ਪੈਰੀਂ ਪਇਆ ਤਾਂ ਮਾਤਾ ਲਗੀ ਬੈਰਾਗ ਕਰਣਿ, ਸਿਰਿ ਚੁਮਿਓਸੁ ਹਉ ਵਾਰੀ ਬੇਟਾ ਹਉ ਤੁਧੁ ਵਿਟਹੁ ਵਾਰੀ, ਤੇਰੇ ਨਾਉ ਵਿਟਹੁ ਵਾਰੀ, ਤੇਰੇ ਦਰਸਨ ਵਿਟਹੁ ਵਾਰੀ, ਜਿਥੇ ਤੂੰ ਫਿਰਦਾ ਹੈਂ ਤਿਸ ਥਾਉਂ ਵਿਟਹੁ ਵਾਰੀ, ਤੁਧੁ ਨਿਹਾਲ ਕੀਤੀ, ਮੈਨੂੰ ਆਪਣਾ ਮੁਹੁ ਵਿਖਾਲਿਓ"।***

*'ਚਲਦਾ..........।'*

# ਨਾਮ-ਜਪੁ-ਸਿਮਰਨ:ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

*ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥*
*ਨਾਨਕ ਤਿਨ ਸਦ ਬਲਿਹਾਰੰ*
*ਜਿਨਾ ਧਿਆਨੁ ਪਾਰਬ੍ਰਹਮਣਹ ॥ ੧ ॥*
*ਅੰਗ- ੭੦੯*

*ਸਭ ਤੇ ਊਤਮ ਇਹੁ ਕਰਮੁ ॥*
*ਸਗਲ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਸਿਮਰਨਿ ਤੇਰਾ ਹੋਇ ਉਧਾਰੁ ॥*
*ਜਨਮ ਜਨਮ ਕਾ ਉਤਰੈ ਭਾਰੁ ॥ ੩ ॥ ਅੰਗ- ੮੯੫*

*ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ ਅੰਗ- ੧੨੯੧*

*ਕਲਿ ਤਾਤੀ ਠਾਂਢਾ ਹਰਿ ਨਾਉ ॥*
*ਸਿਮਰਿ ਸਿਮਰਿ ਸਦਾ ਸੁਖ ਪਾਉ ॥ ਅੰਗ- ੨੮੮*

*ਬਲਿਓ ਚਰਾਗੁ ਅੰਧ੍ਯਾਰ ਮਹਿ*
*ਸਭ ਕਲਿ ਉਧਰੀ ਇਕ ਨਾਮ ਧਰਮ ॥*
*ਪ੍ਰਗਟੁ ਸਗਲ ਹਰਿ ਭਵਨ ਮਹਿ*
*ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥ ੯ ॥ ਅੰਗ- ੧੩੮੭*

ਅਰਥਾਤ - ਨਾਮ-ਧਰਮ ਹੀ, ਸਰਵੋਤਮ ਧਰਮ ਹੈ, ਸਰਬ ਸ੍ਰੇਸ਼ਠ ਧਰਮ ਹੈ, ਕਲਯੁਗ ਦੇ ਜੀਵਾਂ ਦਾ ਉਧਾਰ ਕਰਨ ਵਾਲਾ ਕੇਵਲ ਅਤੇ ਕੇਵਲ ਧਰਮ, ਨਾਮ ਧਰਮ ਹੀ ਹੈ, ਤਿੰਨਾਂ ਗੁਣਾਂ ਦੇ ਹਨ੍ਹੇਰੇ ਨੂੰ ਦੂਰ ਕਰਨ ਵਾਲਾ, ਅਗਿਆਨਤਾ ਵਿਚ ਠੋਕਰਾਂ ਖਾਂਦੀ ਲੁਕਾਈ ਦੇ ਕਲਿਆਣ ਹਿਤ ਨਾਮ ਦੀਪਕ ਹੈ, ਨਾਮ ਸਰਵੋਤਮ ਗਿਆਨ ਹੈ, ਨਾਮ-ਸਿਮਰਨ ਸਰਵੋਤਮ ਕਿਰਿਆ ਹੈ।

## ਸਿਮਰਨ ਕਿਉਂ ਕਰੀਏ?

ਸੰਸਾਰ ਦਾ ਹਰੇਕ ਮਨੁੱਖ ਜੀਵਨ ਵਿਚ ਸੁਖ, ਖੁਸ਼ੀ, ਅਨੰਦ ਦੀ ਇੱਛਾ ਰਖਦਾ ਹੈ ਅਤੇ ਉਸ ਦੀ ਇਹ ਇੱਛਾ ਜਾਇਜ਼ ਹੈ। ਇਹ ਜੀਵਨ ਬੜਾ ਦੁਰਲੱਭ ਹੈ। ਧਾਰਮਿਕ ਸ਼ਬਦਾਵਲੀ ਵਿਚ ਮਨੁੱਖ ਕਈ ਜਨਮਾਂ ਦੀ ਭਟਕਣਾ ਪਿੱਛੋਂ ਜਾਂ ਚੌਰਾਸੀ ਲੱਖ ਜੂਨਾਂ ਦੇ ਦੁਖ ਸਹਿਣ ਪਿੱਛੇ ਮਨੁੱਖਾ ਜੀਵਨ ਨੂੰ ਪ੍ਰਾਪਤ ਕਰਦਾ ਹੈ। ਇਸ ਬ੍ਰਹਿਮੰਡ ਵਿਚ ਮਨੁੱਖ ਨੂੰ ਬਾਕੀ ਜੀਵ ਜੰਤੂਆਂ ਨਾਲੋਂ ਵਿਸ਼ੇਸ਼ ਬਣਾਇਆ ਗਿਆ ਹੈ। ਇਸ ਵਿਸ਼ੇਸ਼ਤਾ ਕਾਰਨ ਹੀ ਬਾਕੀ ਸਭ ਜੀਵ-ਜੰਤੂ ਉਸ ਦੀ ਸਿਰਦਾਰੀ ਅੱਗੇ ਕਿਰਿਆਸ਼ੀਲ ਹਨ। ਜੋ ਵਸਤੂ ਮਨੁੱਖ ਨੂੰ ਪਸ਼ੂਆਂ ਅਤੇ ਜੀਵ-ਜੰਤੂਆਂ ਨਾਲੋਂ ਵਿਸ਼ੇਸ਼ਤਾ ਬਖਸ਼ਦੀ ਹੈ, ਉਹ ਹੈ ਮਨੁੱਖ ਦੀ ਬੁੱਧੀ। ਇਸ ਬੁੱਧੀ ਕਾਰਨ ਹੀ ਮਨੁੱਖੀ ਸਭਿਅਤਾ ਨੇ ਵਿਕਾਸ ਕੀਤਾ ਹੈ। ਆਪਣੇ ਰਹਿਣ ਲਈ, ਸਰਦੀ-ਗਰਮੀ ਤੋਂ ਬਚਣ ਲਈ, ਉਸ ਨੇ ਸੋਹਣੇ ਘਰ ਬਣਾ ਲਏ ਹਨ। ਗਿਆਨ ਵਿਗਿਆਨ ਦੀ ਸਹਾਇਤਾ ਨਾਲ ਐਸੀ ਤਕਨੀਕ ਘੜ ਲਈ ਹੈ ਜੋ ਉਸ ਦੇ ਸਾਰੇ ਔਖੇ ਕੰਮ ਮਿੰਟਾਂ ਸਕਿੰਟਾਂ ਵਿਚ ਕਰ ਦਿੰਦੀ ਹੈ। ਬੜੇ-ਬੜੇ ਸੋਹਣੇ ਤੇ ਵਧੀਆ ਕੱਪੜੇ ਗਰਮੀ ਸਰਦੀ ਤੋਂ ਵੀ ਬਚਾਂਦੇ ਹਨ, ਸੁਖ ਆਰਾਮ ਵੀ ਦੇਂਦੇ ਹਨ ਅਤੇ ਸੁੰਦਰਤਾ ਵਿਚ ਵੀ ਵਾਧਾ ਕਰਦੇ ਹਨ। ਦੇਸ਼ਾਂ-ਵਿਦੇਸ਼ਾਂ ਵਿਚ ਘੁੰਮਣਾ ਫਿਰਨਾ ਕਿੰਨਾ ਆਸਾਨ ਅਤੇ ਆਰਾਮਦਾਇਕ ਹੋ ਗਿਆ ਹੈ। ਸਕੂਟਰ, ਮੋਟਰ ਸਾਈਕਲ, ਕਾਰਾਂ, ਜਹਾਜ਼ ਲੱਖਾਂ ਕ੍ਰੋੜਾਂ ਮਨੁੱਖਾਂ ਨੂੰ ਹਰ ਸਮੇਂ ਇਕ ਤੋਂ ਦੂਜੀ ਥਾਂ ਢੋਣ ਵਿਚ ਜੁਟੇ ਹੋਏ ਹਨ। ਹਜ਼ਾਰਾਂ ਮੀਲ ਦੂਰ ਬੈਠੇ ਮਿੱਤਰਾਂ ਸਨੇਹੀਆਂ ਨਾਲ ਅਸੀਂ ਟੈਲੀਫ਼ੋਨ, ਫੈਕਸ, ਮੋਬਾਈਲ ਆਦਿ ਰਾਹੀਂ ਹਰ ਸਮੇਂ ਗੱਲਾਂ ਕਰ ਸਕਦੇ ਹਾਂ। ਵਾਤਾਵਰਣ ਅਨੁਕੂਲ ਯੰਤਰ ਸਾਡੇ ਘਰਾਂ ਦਫ਼ਤਰਾਂ ਕਾਰਾਂ, ਬਸਾਂ, ਰੇਲ-ਗੱਡੀਆਂ ਜਹਾਜ਼ਾਂ ਵਿਚ ਵਾਧੂ ਸਰਦੀ ਗਰਮੀ ਨੂੰ ਕੰਟਰੋਲ ਕਰਦੇ ਹਨ। ਟੀ.ਵੀ. ਦੇ ਵੱਖ-ਵੱਖ ਚੈਨਲ ਸਾਨੂੰ ਘਰ ਬੈਠਿਆਂ ਹੀ ਸੰਸਾਰ ਦੇ ਸਾਰੇ ਮੁਲਕਾਂ - ਚੀਨ, ਜਾਪਾਨ, ਇੰਗਲੈਂਡ, ਅਮਰੀਕਾ, ਕੈਨੇਡਾ, ਰੂਸ ਆਦਿ ਦੇ ਪ੍ਰਤੱਖ ਦਰਸ਼ਨ ਦੀਦਾਰ ਕਰਵਾ ਰਹੇ ਹਨ। ਵਧੀਆ ਤੋਂ ਵਧੀਆ ਅਤੇ ਅਤੀ ਸਵਾਦਿਸ਼ਟ ਭੋਜਨ ਅਨੰਦ ਦੇਣ ਲਈ ਸੰਸਾਰ ਦੇ ਕੋਨੇ-ਕੋਨੇ ਵਿਚ ਤਿਆਰ ਕੀਤੇ ਜਾ ਰਹੇ ਹਨ। ਦੂਜੇ ਬੰਨੇ ਮਨੁੱਖ ਦੇ ਦੁਖ ਦਰਦ ਅਤੇ ਤਾਪ-ਸੰਤਾਪ ਨੂੰ ਘਟਾਣ ਅਤੇ ਮਿਟਾਣ ਲਈ ਮੈਡੀਕਲ ਸਾਇੰਸ ਨੇ ਹੈਰਾਨੀਜਨਕ ਤਰੱਕੀ ਕੀਤੀ ਹੈ। ਇੰਜ ਜਾਪਦਾ ਹੈ ਜਿਵੇਂ ਇਨ੍ਹਾਂ ਸਭ ਸਹੂਲਤਾਂ ਨੇ ਧਰਤੀ ਉਪਰ ਸਵਰਗ ਉਸਾਰ ਦਿਤਾ ਹੋਵੇ ਅਤੇ ਮਨੁੱਖ ਗਿਆਨ-ਵਿਗਿਆਨ ਦੀ ਇਸ ਦੁਨੀਆਂ ਵਿਚ ਬਹੁਤ ਹੀ ਖੁਸ਼ਹਾਲ, ਸੌਖਾ, ਚਿੰਤਾ-ਰਹਿਤ, ਰੋਗ ਰਹਿਤ, ਖੁਸ਼ੀਆਂ ਅਤੇ ਖੇੜਿਆਂ ਦਾ ਜੀਵਨ ਮਾਣ ਰਿਹਾ ਹੋਵੇ।

ਪਰ ਤੁਸੀਂ ਖੁਦ ਹੀ ਕਹੋਗੇ ਕਿ ਇਹ ਪੂਰਨ ਸੱਚ ਨਹੀਂ ਹੈ। ਇਹ ਠੀਕ ਹੈ ਕਿ ਮਨੁੱਖ ਨੂੰ ਸਾਇੰਸ ਅਤੇ ਟੈਕਨਾਲੋਜੀ ਨੇ ਬੇਅੰਤ ਸਹੂਲਤਾਂ ਦਿਤੀਆਂ ਹਨ, ਮਾਇਕ ਤੌਰ ਤੇ ਲੋਕ ਅਮੀਰ ਹੋਏ ਹਨ, ਬਾਹਰੀ ਖੁਸ਼ੀਆਂ ਦੇ ਸੋਮਿਆਂ ਵਿਚ ਬਹੁਤ ਵਾਧਾ ਹੋਇਆ ਹੈ ਪਰ ਮਨੁੱਖ ਅੰਦਰੋਂ ਉਦਾਸ-ਉਦਾਸ ਹੈ, ਉਸ ਦਾ ਧੁਰ ਅੰਦਰ ਖੁਸ਼ ਨਹੀਂ, ਖਿੜਿਆ ਹੋਇਆ ਨਹੀਂ, ਅਨੰਦਮਈ ਨਹੀਂ। ਸਰੀਰਕ ਸਹੂਲਤਾਂ ਦੀ ਬਹੁਲਤਾ ਹੈ ਪਰ ਮਨ ਦੀ ਖੁਸ਼ੀ ਜਿਵੇਂ ਪਰ ਲਾ ਕੇ ਉਡ ਗਈ ਹੋਵੇ। ਜਿਵੇਂ ਸਾਇੰਸ ਅਤੇ ਤਕਨਾਲੋਜੀ ਦੀਆਂ ਲਭਤਾਂ, ਖਪਤਾਂ ਅਤੇ ਤਜਰਬਿਆਂ ਨੇ ਵਾਯੂਮੰਡਲ ਦੀ ਈਕਾਲੋਜੀ (ਨਿਰਮਲਤਾ) ਵਿਚ ਵਿਗਾੜ ਲਿਆਂਦਾ ਹੈ, ਉਜ਼ੋਨ ਦੀਆਂ ਪੜਤਾਂ ਵਿਚ

ਛੇਦ ਕੀਤੇ ਹਨ ਅਤੇ ਪਰਮਾਣੂ ਅਸਤਰਾਂ ਨੇ ਵਾਯੂ ਮੰਡਲ ਨੂੰ ਗਰਮ ਅਤੇ ਗੰਦਲਾ ਕੀਤਾ ਹੈ ਜਿਸ ਦੇ ਫਲਸਰੂਪ ਮਨੁੱਖ ਦੀਆਂ ਮੁਢਲੀਆਂ ਲੋੜਾਂ ਪਾਣੀ ਅਤੇ ਹਵਾ ਨੂੰ ਦੁਰਗੰਧਿਤ ਕੀਤਾ ਹੈ ਤੇ ਮਨੁੱਖ ਲਈ ਸਾਫ਼ ਸੁਥਰੇ ਵਾਤਾਵਰਣ ਵਿਚ ਵਿਚਰਨਾ ਹੀ ਮੁਸ਼ਕਲ ਹੁੰਦਾ ਜਾ ਰਿਹਾ ਹੈ, ਤਿਵੇਂ ਹੀ ਅੰਦਰ ਦੇ ਸਾਰੇ ਨਿਜ਼ਾਮ ਵਿਚ ਵੀ ਵਿਗਾੜ ਪੈਦਾ ਹੋਇਆ ਹੈ। ਮਨੁੱਖ ਕੇਵਲ ਸਰੀਰ ਹੀ ਨਹੀਂ, ਸਰੀਰ ਅੰਦਰ ਮਨ ਅਤੇ ਆਤਮਾ ਵੀ ਹੈ ਜਿਸ ਦੀ ਪਾਲਨਾ ਅਤੇ ਵਿਕਾਸ ਵਲੋਂ ਅਵੇਸਲਾ ਹੋਣ ਕਾਰਨ ਅੱਜ ਦਾ ਮਨੁੱਖ ਬਹੁਤਾਤ ਵਿਚ ਘਿਰਿਆ ਹੋਇਆ ਵੀ ਚਿੰਤਤ ਹੈ, ਈਰਖਾ ਅਤੇ ਵੈਰ-ਵਿਰੋਧ ਵਿਚ ਗ੍ਰਸਿਆ ਹੋਇਆ ਹੈ ਅਤੇ ਮਾਇਆ ਦੀ ਅੰਨੀ ਦੌੜ ਵਿਚ ਨਿਰਸੰਦੇਹ ਉਹ ਆਪਣਾ ਸੰਤੁਲਨ ਹੀ ਗੁਆ ਬੈਠਾ ਹੈ। ਵਿਸ਼ਿਆਂ ਦੀ ਅਗਨੀ ਰਾਹੀਂ ਉਹ ਮਨ ਨੂੰ ਤ੍ਰਿਪਤ ਕਰਨਾ ਚਾਹੁੰਦਾ ਹੈ ਪਰ ਇਹ ਅੱਗ ਉਸ ਨੂੰ ਹੋਰ ਬੇਚੈਨ ਕਰਦੀ ਹੈ। ਨਤੀਜੇ ਵਜੋਂ ਅੱਜ ਸੰਸਾਰ ਵਿਚ ਬੜੇ ਭਿਆਨਕ ਰੋਗ ਪੈਦਾ ਹੋ ਗਏ ਹਨ। ਕੈਂਸਰ ਅਤੇ ਏਡਜ਼ ਵਰਗੀਆਂ ਲਾਇਲਾਜ ਬੀਮਾਰੀਆਂ ਨੇ ਮਨੁੱਖ ਦੀ ਦਸ਼ਾ ਤਰਸਯੋਗ ਬਣਾ ਦਿਤੀ ਹੈ। ਤ੍ਰਿਸ਼ਨਾਵਾਂ ਅਤੇ ਵਿਸ਼ਿਆਂ ਵਿਚ ਗ੍ਰਸਿਆ ਅੱਜ ਦਾ ਮਨੁੱਖ ਮਨ ਦਾ ਚੈਨ ਗਵਾ ਬੈਠਾ ਹੈ, ਪਰਿਵਾਰ ਖੇਰੂੰ-ਖੇਰੂੰ ਹੋ ਰਹੇ ਹਨ। ਵਿਸ਼ੇਸ਼ ਤੌਰ ਤੇ ਅਮਰੀਕਾ, ਇੰਗਲੈਂਡ, ਕੈਨੇਡਾ ਵਰਗੇ ਮੁਲਕਾਂ ਵਿਚ ਜਿਥੇ ਸਾਇੰਸ ਅਤੇ ਟੈਕਨਾਲੋਜੀ ਨੇ ਬੇਅੰਤ ਤਰੱਕੀ ਕੀਤੀ ਹੈ, ਜਿਥੇ ਜ਼ਿੰਦਗੀ ਦਾ ਬਾਹਰਲਾ ਗਲੈਮਰ ਬੇਇੰਤਹਾ ਹੈ, ਓਥੇ ਪਰਿਵਾਰ ਅਤੇ ਘਰ ਟੁੱਟ ਰਹੇ ਹਨ, ਪਤੀ-ਪਤਨੀ ਬੱਚੇ ਅਤੇ ਮਾਪਿਆਂ ਦਾ ਪਰਸਪਰ ਪਿਆਰ ਭੂਤ-ਕਾਲ ਦੀਆਂ ਗੱਲਾਂ ਬਣ ਗਈਆਂ ਹਨ। ਏਕਾ-ਨਾਰੀ ਜਤੀ ਜਾਂ ਗ੍ਰਹਿਸਤ ਦੀ ਪਵਿੱਤਰਤਾ ਵਿਚੋਂ ਉਹਨਾਂ ਨੂੰ ਪੁਰਾਤਨਤਾ ਦੀ ਬੂ ਆਉਂਦੀ ਹੈ। ਨਸ਼ੇ ਉਨ੍ਹਾਂ ਦੀ ਜ਼ਿੰਦਗੀ ਦਾ ਸਹਾਰਾ ਬਣ ਚੁੱਕੇ ਹਨ। ਇਸ ਲਈ ਹਸਪਤਾਲਾਂ ਵਿਚ ਸਰੀਰਕ ਰੋਗੀਆਂ ਨਾਲੋਂ ਮਾਨਸਿਕ ਰੋਗੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਕਾਰਨੇਜ ਵਰਗੇ ਲੇਖਕਾਂ ਦੀਆਂ ਪੁਸਤਕਾਂ 'ਚਿੰਤਾ ਨੂੰ ਕਿਵੇਂ ਰੋਕੀਏ ਅਤੇ ਸੁਖੀ ਜੀਵਨ ਕਿਵੇਂ ਜੀਵੀਏ? ਲੱਖਾਂ ਦੀ ਗਿਣਤੀ ਵਿਚ ਵਿਕਦੀਆਂ ਹਨ। ਕੈਨੇਡਾ ਦੀ ਅਲਬਰਟਾ ਸਟੇਟ ਦੇ ਸ਼ਹਿਰ ਅਡਮਿੰਟਨ ਦੇ ਇਕ ਹਸਪਤਾਲ ਤੋਂ (ਮਈ 1995) ਪਤਾ ਲੱਗਿਆ ਕਿ ਏਥੇ 3000 ਕੈਂਸਰ ਰੋਗੀ ਜੀਵਨ ਮੌਤ ਨਾਲ ਲੜ ਰਿਹਾ ਹੈ। ਰੋਗਾਂ ਦਾ ਕਾਰਨ, ਨਸ਼ੇ, ਸ਼ਰਾਬ, ਸਿਗਰਟ, ਤੰਬਾਕੂ ਅਤੇ ਮਾਸ ਦੀ ਵਧੇਰੇ ਵਰਤੋਂ ਦਸਿਆ ਗਿਆ। ਏਸੇ ਸ਼ਹਿਰ, ਐਡਮਿੰਟਨ ਦੀ ਮਾਲ ਦਾ ਗਲੈਮਰ ਸੰਸਾਰ ਦਾ ਅੱਠਵਾਂ ਅਜੂਬਾ ਮੰਨਿਆ ਜਾਂਦਾ ਹੈ।

ਇਕ ਇਹ ਸਚਾਈ ਸਵੀਕਾਰ ਕਰਨੀ ਪਵੇਗੀ ਕਿ ਮਨੁੱਖ ਦੀ ਸਾਰੀ ਤਰੱਕੀ ਸਾਇੰਸ ਅਤੇ ਟੈਕਨਾਲੋਜੀ ਕਿਸੇ ਇਕ ਮਨੁੱਖ ਜਾਂ ਇਕ ਜੈਨਰੇਸ਼ਨ ਦੀ ਮਿਹਨਤ ਦਾ ਸਿੱਟਾ ਨਹੀਂ ਸਗੋਂ ਕਈ ਪੁਸ਼ਤਾਂ ਦੀ ਘਾਲਣਾ ਸਦਕਾ ਐਸਾ ਹੁੰਦਾ ਹੈ। ਸਾਨੂੰ ਇਕ ਅਮੀਰ ਸਭਿਅਤਾ ਵਿਰਸੇ ਵਿਚ ਮਿਲਦੀ ਹੈ। ਜੋ ਸਹੂਲਤਾਂ ਸਾਨੂੰ ਅੱਜ ਪ੍ਰਾਪਤ ਹਨ, ਇਹ ਸਾਡੇ ਪਿਤਾ ਪਿਤਾਮਾ ਦੀ ਅਣਥੱਕ ਮਿਹਨਤ ਸਦਕਾ ਹਨ। ਇਸ ਲਈ ਵਿਰਸੇ ਵਿਚ ਪ੍ਰਾਪਤ ਵਿਚਾਰਧਾਰਾ ਤੋਂ ਉਕਾ ਹੀ ਬੇਮੁੱਖ ਹੋਣਾ ਕੋਈ ਚੰਗੀ ਦ੍ਰਿਸ਼ਟੀ ਨਹੀਂ ਕਹੀ ਜਾ ਸਕਦੀ। ਵਿਰਸੇ ਨੂੰ ਸੱਚ ਦੀ ਕਸਵੱਟੀ ਤੇ ਪਰਖਣਾ ਚਾਹੀਦਾ ਹੈ। ਜੇ ਕਦਰਾਂ ਕੀਮਤਾਂ ਜਾਂ ਵਿਚਾਰਧਾਰਾ ਬੜੀ ਘਾਲਣਾ ਉਪਰੰਤ ਸਾਡੇ ਤਕ ਪੁੱਜਦੀ ਹੈ, ਸ਼ਾਇਦ ਉਹ ਜੀਵਨ ਦੀ ਬਹੁਤ ਵੱਡੀ ਸਚਾਈ ਹੋਵੇ। ਕੇਵਲ ਸਰੀਰ ਨੂੰ ਹੀ ਸਭ ਕੁਝ ਮੰਨ ਲੈਣਾ ਇਕ ਵਿਚਾਰਧਾਰਾ ਹੈ। ਕੇਵਲ ਇਸ ਨੂੰ ਮੰਨ ਕੇ ਮਨੁੱਖ ਨੇ ਇਸ ਦੇ ਭਿਆਨਕ ਨਤੀਜੇ ਵੇਖ ਲਏ ਹਨ। ਇਕ ਵਿਚਾਰਧਾਰਾ ਇਹ ਹੈ ਕਿ ਸਰੀਰ ਦੇ ਅੰਦਰ ਇਕ ਮਨ ਹੈ ਜੋ ਇਸ ਸਰੀਰ ਰੂਪੀ ਰੱਥ ਦਾ ਚਾਲਕ ਹੈ। ਮਨ ਦੇ ਰੋਗੀ ਹੋਣ ਨਾਲ ਹੀ ਸਰੀਰ ਵਿਚ ਵਿਗਾੜ ਪੈਦਾ ਹੁੰਦਾ ਹੈ। ਸਰੀਰ ਦੀ ਅਰੋਗਤਾ ਲਈ ਮਨ ਦੀ ਅਰੋਗਤਾ ਆਵੱਸ਼ਕ ਹੈ। ਮਨ ਤੋਂ ਵੀ ਵਧੇਰੇ ਵਿਸ਼ੇਸ਼ ਆਤਮਾ ਹੈ, ਜੋ ਪਰਮ-ਆਤਮਾ ਦੀ ਹੀ ਅੰਸ ਹੈ ਅਤੇ ਉਸ ਦਾ ਨਿਵਾਸ ਵੀ ਸਰੀਰ ਦੇ ਅੰਦਰ ਹਿਰਦੇ ਵਿਚ ਹੈ। ਅਸਲ ਮਨੁੱਖ ਆਤਮਾ ਹੈ ਅਤੇ ਇਸ ਵਿਚ ਉਹ ਸਾਰੇ ਗੁਣ ਹਨ ਜੋ ਪਰਮ-ਆਤਮਾ ਵਾਹਿਗੁਰੂ ਜੀ ਵਿਚ ਹਨ।

ਸੰਸਾਰ ਦੀ ਹਰੇਕ ਵਸਤੂ ਹਰੇਕ ਲਿਬਾਰਟਰੀ ਵਿਚ ਟੈਸਟ ਨਹੀਂ ਕੀਤੀ ਜਾ ਸਕਦੀ। ਦੁੱਧ, ਦਹੀਂ, ਪਾਣੀ ਵਿਚ ਕੀਟਾਣੂ ਭਰਪੂਰ ਹੁੰਦੇ ਹਨ। ਅਸੀਂ ਵੇਖਦੇ ਨਹੀਂ ਪਰ ਮੰਨ ਲੈਂਦੇ ਹਾਂ ਕਿਉਂਕਿ ਕਿਸੇ ਨੇ ਲੈਬ ਵਿਚ ਇਹ ਕੀਟਾਣੂ ਵੇਖੇ ਹੁੰਦੇ ਹਨ। ਬਿਜਲੀ ਪਕੜ ਲਵੇ ਤਾਂ ਮਨੁੱਖ ਦਾ ਲਹੂ ਚੂਸ ਲੈਂਦੀ ਹੈ ਤੇ ਮਨੁੱਖ ਖਤਮ ਹੋ ਜਾਂਦਾ ਹੈ ਪਰ ਅਸੀਂ ਅਜਿਹਾ ਤਜਰਬਾ ਕਰਨ ਲਈ ਤਿਆਰ ਨਹੀਂ ਹਾਂ, ਕਿਸੇ ਦੇ ਤਜਰਬੇ ਨੂੰ ਸਹੀ ਮੰਨ ਲੈਂਦੇ ਹਾਂ। ਹਕਸਲੇ ਆਪਣੀ ਪੁਸਤਕ ਪਰੀਨੀਅਲ ਫਿਲਾਸਫੀ ਵਿਚ ਕਹਿੰਦਾ ਹੈ ਕਿ 'ਜੀਵਨ ਦਾ ਸੱਚ ਕੀ ਹੈ?' ਇਹ ਜਾਣਨ ਲਈ ਜਾਂ ਤਾਂ ਸਾਨੂੰ ਆਪ ਘਾਲਣਾ ਕਰਨੀ ਚਾਹੀਦੀ ਹੈ ਜਾਂ ਅਜਿਹੇ ਪਰਮ-ਪੁਰਖ ਦੀ ਭਾਲ ਕਰਨੀ ਚਾਹੀਦੀ ਹੈ ਜਿਸ ਨੇ ਘਾਲਣਾ ਰਾਹੀਂ ਇਹ ਸੱਚ ਲੱਭਿਆ ਹੋਵੇ। ਜੇ ਅਜਿਹਾ ਸੰਤ ਗੁਰੂ ਮਹਾਂਪੁਰਸ਼ ਮਿਲ ਜਾਵੇ ਤਾਂ ਮਨੁੱਖ ਦੀ ਜੀਵਨ-ਯਾਤਰਾ ਦੀ ਅੱਧੀ ਮੰਜ਼ਿਲ ਇਕ ਦਮ ਤਹਿ ਹੋ ਜਾਂਦੀ ਹੈ।

ਕਿੰਨੀ ਕਮਾਲ ਦੀ ਗੱਲ ਹੈ ਕਿ ਸਿੱਖ ਜਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵਰਗੇ ਪੂਰਨ ਸਮਰੱਥ ਸਤਿਗੁਰੂ ਵਿਰਸੇ ਵਿਚ ਪ੍ਰਾਪਤ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੂਰਨਤਾ ਤੇ ਵਡਿਆਈ ਦੇ ਅਨੇਕਾਂ ਪ੍ਰਮਾਣ ਸ੍ਰੀ

ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹਨ। ਕੇਵਲ ਇਕ ਪ੍ਰਮਾਣ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਦਿਤਾ ਜਾਂਦਾ ਹੈ। ਉਹ ਆਪ ਦਿਬ-ਦ੍ਰਿਸ਼ਟੀ ਦੇ ਮਾਲਕ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨਤਾ ਦਸਦੇ ਉਹ ਫਰਮਾਂਦੇ ਹਨ - "ਹੇ ਮੇਰੇ ਮਾਲਕ-ਪ੍ਰਭੂ! ਮੈਂ ਤੇਰੀ ਬਖਸ਼ਿਸ਼ ਦੀ ਕਦਰ ਨਹੀਂ ਸਾਂ ਜਾਣਦਾ, ਮੈਨੂੰ ਆਤਮਕ ਜੀਵਨ ਦੀ ਸੂਝ ਨਹੀਂ ਸੀ, ਤੇਰੇ ਚਰਨਾਂ ਵਿਚ ਸੁਰਤ ਟਿਕਾਣੀ ਭੀ ਨਹੀਂ ਸਾਂ ਜਾਣਦਾ, ਧਾਰਮਿਕ ਕੰਮਾਂ ਦੀ ਵੀ ਮੈਨੂੰ ਕੋਈ ਸੂਝ ਨਹੀਂ ਸੀ ਪਰ ਤੇਰੀ ਮਿਹਰ ਨਾਲ ਮੈਨੂੰ ਸਭ ਤੋਂ ਵੱਡਾ ਗੁਰੂ ਨਾਨਕ ਮਿਲ ਪਿਆ, ਜਿਸ ਨੇ ਮੇਰੀ ਲਾਜ ਰਖ ਲਈ ਤੇ ਮੈਨੂੰ ਤੇਰੇ ਚਰਨਾਂ ਵਿਚ ਜੋੜ ਦਿਤਾ-

*ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ*
*ਸਾਰ ਨ ਜਾਣਾ ਤੇਰੀ ॥*
*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ ॥*
*ਅੰਗ- ੭੫੦*

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹਿਰਦਾ ਗੁਰਬਾਣੀ ਵਿਚ ਵਿਦਮਾਨ ਹੈ। ਗੁਰਬਾਣੀ ਦੇ ਚਾਨਣ ਵਿਚ ਮਨੁੱਖ ਆਪਣੀ ਸੰਸਾਰ ਯਾਤਰਾ ਦੇ ਮੰਤਵ ਨੂੰ ਜਾਣ ਸਕਦਾ ਹੈ ਅਤੇ ਇਹ ਵੀ ਜਾਣ ਸਕਦਾ ਹੈ ਕਿ ਸਾਇੰਸ ਅਤੇ ਟੈਕਨਾਲੋਜੀ ਦੇ ਏਨੇ ਵਿਕਾਸ ਦੇ ਬਾਵਜੂਦ ਮਨੁੱਖ ਚਿੰਤਤ, ਦੁਖੀ ਅਤੇ ਰੋਗ-ਗ੍ਰਸਤ ਕਿਉਂ ਹੈ? ਗੁਰਬਾਣੀ ਦੇ ਚਾਨਣ ਵਿਚ ਅਸੀਂ ਉਪਰ ਉਠਾਏ ਗਏ ਪ੍ਰਸ਼ਨ 'ਸਿਮਰਨ ਕਿਉਂ ਕਰੀਏ? ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਅਤੇ ਸਿਮਰਨ ਦੇ ਕੀ ਲਾਭ ਹਨ? ਦਾ ਉੱਤਰ ਲੱਭ ਸਕਦੇ ਹਾਂ। ਉਪਰੰਤ ਸਿਮਰਨ ਕਿਵੇਂ ਕਰੀਏ? ਪ੍ਰਸ਼ਨ ਦਾ ਸਮਾਧਾਨ ਕਰ ਸਕਦੇ ਹਾਂ।

ਪਹਿਲੇ ਸਵਾਲ ਦੇ ਜਵਾਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਪਰਤਵਾਂ ਸਵਾਲ ਕਰਦੇ ਪੁਛਦੇ ਹਨ -

'ਹੇ ਭਾਈ! ਤੂੰ ਆਪਣੇ ਪ੍ਰਭੂ ਦਾ ਸਿਮਰਨ ਕਿਉਂ ਨਹੀਂ ਕਰਦਾ? ਉਸ ਨੂੰ ਯਾਦ ਕਿਉਂ ਨਹੀਂ ਕਰਦਾ? ਤੂੰ ਮਾਇਆ ਦੇ ਮੋਹ ਵਿਚ ਅਤੇ ਵਿਸ਼ੇ-ਵਿਕਾਰਾਂ ਦੇ ਮੌਜ ਮੇਲਿਆਂ ਵਿਚ ਮਸਤ ਆਪਣੀ ਜਿੰਦ ਨੂੰ ਕਿਉਂ ਸਾੜ ਰਿਹਾ ਹੈਂ?

*ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ ॥*
*ਬੈਰੀ ਸੰਗਿ ਰੰਗ ਰਸਿ ਰਚਿਆ*
*ਤਿਸੁ ਸਿਉ ਜੀਅਰਾ ਜਾਰਸਿ ਰੇ ॥ ਅੰਗ- ੧੦੦੦*

ਗੁਰੂ ਜੀ ਨੇ ਮਨੁੱਖ ਦੀ ਸੋਚ ਦਾ ਕਾਂਟਾ ਹੀ ਬਦਲ ਦਿਤਾ ਹੈ। ਜਿਨ੍ਹਾਂ ਮਾਇਕ ਪਦਾਰਥਾਂ ਅਤੇ ਸਰੀਰਕ ਭੋਗਾਂ ਤੋਂ ਮਨੁੱਖ ਖੁਸ਼ੀ ਅਤੇ ਅਨੰਦ ਦੀ ਭਾਲ ਕਰਦਾ ਹੈ, ਗੁਰੂ ਜੀ ਅਨੁਸਾਰ ਉਲਟਾ ਉਹ ਉਸ ਦੀ ਜਿੰਦ ਨੂੰ ਜਲਾ ਦੇਣ ਵਾਲੇ ਪਦਾਰਥ ਹਨ ਅਤੇ ਜਲੀ ਹੋਈ ਜਿੰਦੜੀ ਵਿਚੋਂ ਸੁਖ, ਅਨੰਦ, ਸਹਿਜ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ। ਪੂਰਾ ਸ਼ਬਦ ਇਸ ਪ੍ਰਕਾਰ ਹੈ -

*ਜੋ ਸਮਰਥੁ ਸਰਬ ਗੁਣ ਨਾਇਕੁ*
*ਤਿਸ ਕਉ ਕਬਹੁ ਨ ਗਾਵਸਿ ਰੇ ॥*
*ਛੋਡਿ ਜਾਇ ਖਿਨ ਭੀਤਰਿ ਤਾ ਕਉ*
*ਉਆ ਕਉ ਫਿਰਿ ਫਿਰਿ ਧਾਵਸਿ ਰੇ ॥ ੧ ॥*
*ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ ॥*
*ਬੈਰੀ ਸੰਗਿ ਰੰਗ ਰਸਿ ਰਚਿਆ*
*ਤਿਸੁ ਸਿਉ ਜੀਅਰਾ ਜਾਰਸਿ ਰੇ ॥ ੧ ॥ ਰਹਾਉ ॥*
*ਜਾ ਕੈ ਨਾਮਿ ਸੁਨਿਐ ਜਮੁ ਛੋਡੈ*
*ਤਾ ਕੀ ਸਰਣਿ ਨ ਪਾਵਸਿ ਰੇ ॥*
*ਕਾਢਿ ਦੇਇ ਸਿਆਲ ਬਪੁਰੇ ਕਉ*
*ਤਾ ਕੀ ਓਟ ਟਿਕਾਵਸਿ ਰੇ ॥ ੨ ॥*
*ਜਿਸ ਕਾ ਜਾਸੁ ਸੁਨਤ ਭਵ ਤਰੀਐ*
*ਤਾ ਸਿਉ ਰੰਗੁ ਨ ਲਾਵਸਿ ਰੇ ॥*
*ਥੋਰੀ ਬਾਤ ਅਲਪ ਸੁਪਨੇ ਕੀ*
*ਬਹੁਰਿ ਬਹੁਰਿ ਅਟਕਾਵਸਿ ਰੇ ॥ ੩ ॥*
*ਭਇਓ ਪ੍ਰਸਾਦੁ ਕ੍ਰਿਪਾ ਨਿਧਿ ਠਾਕੁਰ*
*ਸੰਤਸੰਗਿ ਪਤਿ ਪਾਈ ॥*
*ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ*
*ਜਉ ਪ੍ਰਭ ਭਏ ਸਹਾਈ ॥ ੪ ॥ ੭ ॥ ਅੰਗ- ੧੦੦੦*

ਗੁਰੂ ਜੀ ਇਸ ਸ਼ਬਦ ਰਾਹੀਂ ਮਨੁੱਖ ਨੂੰ ਬੜੇ ਪਿਆਰ ਨਾਲ ਸਮਝਾਉਂਦੇ ਹਨ ਕਿ ਹੇ ਭਾਈ! ਜਿਹੜਾ ਪਰਮਾਤਮਾ ਸਭ ਤਾਕਤਾਂ ਦਾ ਮਾਲਕ ਹੈ, ਜੋ ਸਰਬ ਗੁਣ ਸੰਪੰਨ ਹੈ, ਤੂੰ ਉਸ ਦੀ ਸਿਫਤ-ਸਾਲਾਹ ਅਤੇ ਸਿਮਰਨ ਕਦੇ ਵੀ ਨਹੀਂ ਕਰਦਾ। ਪਰ ਉਲਟ ਇਸ ਦੇ ਜਿਨ੍ਹਾਂ ਮਾਇਆ ਦੇ ਵਿਕਾਰਾਂ ਨੂੰ ਤੂੰ ਇਕ ਪਲ ਵਿਚ ਛੱਡ ਜਾਣਾ ਹੈ, ਤੂੰ ਉਹਨਾਂ ਦੀ ਖਾਤਰ ਭਟਕਦਾ ਫਿਰਦਾ ਹੈਂ। ਤੂੰ ਆਪਣੇ ਪਰਮਾਤਮਾ ਨੂੰ ਕਿਉਂ ਨਹੀਂ ਯਾਦ ਕਰਦਾ? ਤੂੰ ਮਾਇਕ ਪਦਾਰਥਾਂ ਵਿਚ ਮਸਤ ਹੈਂ ਤੇ ਉਹਨਾਂ ਦੇ ਮੋਹ ਵਿਚ ਆਪਣੇ ਆਤਮਿਕ-ਜੀਵਨ ਨੂੰ ਸਾੜ ਰਿਹਾ ਹੈਂ। ਹੇ ਭਾਈ! ਜਿਸ ਪਰਮਾਤਮਾ ਦਾ ਨਾਮ ਸੁਣਿਆ ਯਮਰਾਜ ਭੀ ਭੱਜ ਜਾਂਦਾ ਹੈ। ਹੇ ਭਾਈ! ਜਿਸ ਪਰਮਾਤਮਾ ਦਾ ਨਾਮ ਸੁਣਿਆ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਤੂੰ ਉਸ ਨਾਲ ਪਿਆਰ ਕਿਉਂ ਨਹੀਂ ਜੋੜਦਾ? ਮਾਇਆ ਦਾ ਪਿਆਰ ਤਾ ਸੁਪਨੇ ਨਿਆਈਂ ਹੋਛਾ ਪਿਆਰ ਹੈ ਪਰ ਤੂੰ ਮੁੜ-ਮੁੜ ਆਪਣੇ ਮਨ ਨੂੰ ਉਸੇ ਵਿਚ ਫਸਾ ਰਿਹਾ ਹੈ।

ਹੇ ਭਾਈ! ਜਿਸ ਮਨੁੱਖ ਉੱਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਉਹ ਸੰਤ ਜਨਾਂ ਦੀ ਸੰਗਤ ਵਿਚ ਰਹਿ ਕੇ ਲੋਕ-ਪਰਲੋਕ ਦੀ ਇੱਜ਼ਤ ਖਟਦਾ ਹੈ। ਜਦੋਂ ਪ੍ਰਭੂ ਸਹਾਈ ਹੁੰਦਾ ਹੈ ਤਾਂ ਤ੍ਰਿਗੁਣੀ ਮਾਇਆ ਦੀ ਭਟਕਣਾ ਮੁੱਕ ਜਾਂਦੀ ਹੈ।

*'ਚਲਦਾ...........................।'*

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## ੬੩. ਸਾਸ ਗ੍ਰਾਸ (ਪ੍ਰਾਣ ਅਪਾਨ)

ਇਨਸਾਨ ਮੇਂ ਜਿਤਨੀ ਦੇਰ ਤੱਕ ਪ੍ਰਾਣ ਚਲਤਾ ਹੈ, ਜਿਸਮ ਕਾਇਮ ਹੈ। ਜਬ ਪ੍ਰਾਨ ਨਿਕਲ ਜਾਤਾ ਹੈ ਯਾਨਿ ਪ੍ਰਾਨ ਕੀ ਗਾਠ ਖੁਲ੍ਹ ਜਾਤੀ ਹੈ ਤੋ ਜਿਸਮ ਮਰ ਜਾਤਾ ਹੈ। ਯਹ ਪ੍ਰਾਨ ਅਰ ਅਪਾਨ ਵਾਯੂ ਹੈ। ਪ੍ਰਾਨ ਹਿਰਦੇ ਸੇ ਉਠਤਾ ਹੈ ਔਰ ਬਾਰਾਂ ਉਂਗਲ ਬਾਹਰ ਤਕ ਜਾਤਾ ਹੈ। ਔਰ ਫਿਰ ਵਹਾਂ ਸੇ ਲੌਟ ਕਰ ਅਪਾਨ ਬਨ ਕਰ ਵਾਪਿਸ ਆਤਾ ਹੈ ਔਰ ਹਿਰਦੇ ਮੇਂ ਪਹੁੰਚ ਕਰ, ਖਤਮ ਹੋ ਕਰ, ਪ੍ਰਾਨ ਬਨ ਕਰ ਬਾਹਰ ਕੋ ਜਾਤਾ ਹੈ। ਬਾਹਰ ਔਰ ਹਿਰਦੇ ਅਸਥਾਨ ਮੇਂ ਬਹੁਤ ਥੋੜ੍ਹੀ ਦੇਰ ਠਹਿਰ ਕਰ ਵਾਪਿਸੀ ਹੋਤੀ ਹੈ ਔਰ ਵੋਹ ਕੁੰਭਕ ਕਹਿਲਾਤਾ ਹੈ। ਇਸ ਤਰਹ ਸੇ ਇਸ ਪ੍ਰਾਨ ਅਪਾਨ ਕੀ ਗਤਿ ਹੈ।

ਸਿਮਰਨ ਇਸ ਕੀ ਮਦਦ ਸੇ ਹੋਤਾ ਹੈ ਜਿਸ ਕੋ ਸਾਸ ਗ੍ਰਾਸ ਕਹਿਤੇ ਹੈਂ।

## ਵੇਦਾਂਤ ਕਾ ਨਚੋੜ (ਸਿਧਾਂਤ)

*ਸਰਬ ਰੂਪ ਸਭ ਤੇ ਪਰੇ, ਮਮ ਸਰੂਪ ਹੈ ਸੋਇ॥*
*ਯਹੀ ਸਾਰ ਸਿਧਾਂਤ ਹੈ, ਤਿਸ ਬਿਨ ਅਵਰ ਨ ਕੋਇ॥*

1. ਨਿਰਗੁਨ ਰੂਪ ਮੇਰੇ ਆਤਮਾ ਮੇਂ ਕੋਈ ਭੀ ਕਿਸੀ ਕਿਸਮ ਕੀ ਕਲਪਨਾ ਨਹੀਂ ਹੈ, ਸਿਰਫ ਨਿਰਵਿਕਲਪ ਸਮਾਧ ਹੈ।

2. ਸਰਗੁਨ ਰੂਪ ਯਾਨੀ ਪਰਪੰਚ ਰੂਪ ਜੋ ਕਿ ਮੇਰਾ ਆਤਮਾ ਹੈ। ਜੈਸੇ ਸੁਪਨਾਵੀ ਪੁਰਸ਼ ਅਪਨੇ ਹੀ ਸੰਕਲਪ ਸੇ ਬਹੁਤ ਰੂਪ (ਸੁਪਨ ਰੂਪ) ਹੂਆ ਹੋਤਾ ਹੈ ਐਸੇ ਹੀ ਆਤਮ ਦੇਵ ਅਪਨੀ ਯੋਗ ਮਾਇਆ (ਸੰਕਲਪ) ਅਵਿਦਿਆ ਕੇ ਬਲ ਸੇ ਪਰਪੰਚ ਰੂਪ ਹੋ ਰਹਾ ਹੈ, ਜੋ ਕਿ ਆਤਮ ਸਰੂਪ ਹੀ ਹੈ ਔਰ ਕੁਛ ਭੀ ਨਹੀਂ। ਏਕ ਭੀ ਔਰ ਅਨੇਕ ਭੀ ਆਤਮਾ ਹੀ ਹੈ।

## ੬੪. ਨਿਸ਼ੇਧ ਪੱਖ ਔਰ ਵਿਧਾਨ ਪੱਖ : ਦੋ ਪੱਖ ਹੈਂ

1. ਨਿਸ਼ੇਧ ਪੱਖ ਮੇਂ ਆਤਮ ਕੋ ਜਿਸਮ ਸੇ ਅਲ੍ਹੈਦਾ ਕਰ ਕੇ ਦੇਖਾ ਜਾਤਾ ਹੈ। ਜਿਸਮ-ਅਸੱਤ, ਜੜ੍ਹ, ਦੁਖ ਰੂਪ ਔਰ ਪ੍ਰਛਿੰਨ ਹੈ ਔਰ ਆਤਮਾ, ਸਤਿ-ਚਿੱਤ-ਅਨੰਦ ਰੂਪ ਔਰ ਪਰੀਪੂਰਨ ਹੈ। ਇਸ ਸੇ ਬਿਰਤੀ ਨਾਮ ਰੂਪ ਸੇ ਉਠ ਕਰ ਸਤਿ-ਚਿੱਤ-ਅਨੰਦ ਮੇਂ ਲਗਤੀ ਹੈ। ਲੇਕਿਨ -

2. ਵਿਧਾਨ ਪੱਖ ਮੇਂ ਤੋ ਦੋਨੋਂ ਕੋ ਏਕ ਕਰ ਕੇ ਹੀ ਦਿਖਾਨਾ ਹੈ। ਜੈਸੇ ਘੜਾ ਮਿੱਟੀ ਹੀ ਤੋ ਹੈ, ਤਰੰਗ ਪਾਨੀ ਹੀ ਤੋ ਹੈ ਔਰ ਜ਼ੇਵਰ ਸੋਨਾ ਹੀ ਤੋ ਹੈ। ਇਸੀ ਤਰਹ ਕਾਰਨ ਔਰ ਕਾਰਜ ਏਕ ਰੂਪ ਹੋਨੇ ਸੇ ਜਿਸਮ ਔਰ ਆਤਮਾ ਏਕ ਹੀ ਤੋ ਹੈਂ। ਯਾਨੀ ਜਿਸਮ ਤੋ ਤੀਨੋਂ ਕਾਲ ਮੇਂ ਨਹੀਂ ਹੈ। ਯਹ ਤੋ ਆਤਮਾ ਹੀ ਹੈ। ਪਰਮ ਪਦਵੀ ਮੇਂ ਤੋ ਦ੍ਵੈਤ ਬਿਲਕੁਲ ਹੀ ਨਿਰਮੂਲ ਹੋ ਜਾਤੀ ਹੈ। ਜਿਸਮ, ਜਗਤ, ਮਨ ਔਰ ਆਤਮਾ ਏਕ ਹੀ ਆਤਮ ਸਰੂਪ ਹੈਂ। ਆਤਮਾ ਸੇ ਬਗ਼ੈਰ ਕੁਛ ਭੀ ਨਹੀਂ ਹੈ।

ਕਾਰਨ ਕਾਰਜ ਮੇਂ ਹਮੇਸ਼ਾ ਹੀ ਰਹਾ ਕਰਤਾ ਹੈ। ਜੈਸੇ ਪਾਨੀ ਕਾਰਨ ਹੈ ਔਰ ਲਹਿਰ ਕਾਰਜ ਹੈ। ਪਾਨੀ ਲਹਿਰੋਂ ਮੇਂ ਹਮੇਸ਼ਾ ਹੀ ਰਹਾ ਕਰਤਾ ਹੈ। ਇਸੀ ਤਰਹ ਸੇ ਕਾਰਨ ਬ੍ਰਹਮ ਹੈ ਔਰ ਕਾਰਜ ਜਗਤ ਹੈ। ਇਸ ਵਾਸਤੇ ਬ੍ਰਹਮ ਜਗਤ ਮੇਂ ਹਮੇਸ਼ਾ ਹੀ ਹੈ। ਜਿਤਨਾ ਭੀ ਵਿਵਹਾਰ ਹੋਤਾ ਹੈ, ਵੁਹ ਸਭ ਬ੍ਰਹਮ ਹੀ ਕੀ ਸੱਤਾ ਸੇ ਹੋਤਾ ਹੈ ਔਰ ਬ੍ਰਹਮ ਰੂਪ ਹੀ ਹੈ।

ਬ੍ਰਹਮ ਸੇ ਬਗ਼ੈਰ ਜਗਤ ਹੋ ਨਹੀਂ ਸਕਤਾ ਔਰ ਨਾ ਹੀ ਠਹਿਰ ਸਕਤਾ ਹੈ। ਇਸ ਵਾਸਤੇ ਯੇਹ ਜਗਤ ਨਹੀਂ ਹੈ, ਸਿਰਫ਼ ਬ੍ਰਹਮ ਹੀ ਹੈ ਔਰ ਬ੍ਰਹਮ ਸਤਿ-ਚਿੱਤ-ਅਨੰਦ ਪੂਰਨ ਹੈ, ਜੋ ਕਿ ਅਪਨਾ ਹੀ ਸਰੂਪ ਹੈ।

ਅਦ੍ਵੈਤ, ਨਿਰਾਕਾਰ, ਪਰਮਾਨੰਦ, ਨਿਰਵਿਕਲਪ ਹੈ (ਸਮਾਧ ਰੂਪ ਹੈ)

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-53)*

**ਸਿਰੀਰਾਗੁ ਮਹਲਾ ੫**

**ਉਦਮੁ ਕਰਿ ਹਰਿ ਜਾਪਣਾ**
**ਵਡਭਾਗੀ ਧਨੁ ਖਾਟਿ॥**

ਹੇ ਜੀਵ! ਜਿਥੇ ਤੂੰ ਖਾਣ, ਪੀਣ, ਭੋਗਣ ਲਈ ਉਦਮੁ=ਯਤਨ ਕਰਦਾ ਹੈਂ, ਲੜਾਈ, ਝਗੜੇ, ਮੁਕੱਦਮੇਬਾਜ਼ੀਆਂ, ਧੜੇਬਾਜ਼ੀਆਂ ਲਈ ਉੱਦਮ ਕਰਦਾ ਹੈਂ, ਉਥੇ ਉਦਮੁ=ਯਤਨ ਕਰਿ=ਕਰਕੇ ਹਰਿ=ਪ੍ਰਭੂ ਨੂੰ ਜਾਪਣਾ=ਜਪਣਾ ਕਰ, ਅਤੇ ਹੇ ਵਡਭਾਗੀ=ਵੱਡਿਆਂ ਭਾਗਾਂ ਵਾਲੇ। ਨਾਮ ਰੂਪੀ ਧਨ ਨੂੰ ਖਾਟ=ਖੱਟਣਾ ਕਰ।

**ਸੰਤਸੰਗਿ ਹਰਿ ਸਿਮਰਣਾ**
**ਮਲੁ ਜਨਮ ਜਨਮ ਕੀ ਕਾਟਿ॥੧॥**

ਸੰਤਾਂ ਦੀ ਸੰਗਤ ਕਰ ਕੇ ਹਰਿ=ਪ੍ਰਭੂ ਦੇ ਨਾਮ ਨੂੰ ਸਿਮਰਣਾ=ਯਾਦ ਕਰ ਤੇ ਆਪਣੇ ਅੰਦਰ ਪਈ ਜਨਮਾਂ-ਜਨਮਾਂ ਦੀ ਹਉਮੈ ਵਾ: ਅਵਿਦਿਆ ਰੂਪੀ ਮੈਲ ਨੂੰ ਕਾਟਿ=ਕੱਟ ਲੈਣਾ ਕਰ।

**ਮਨ ਮੇਰੇ ਰਾਮ ਨਾਮੁ ਜਪਿ ਜਾਪੁ॥**

ਹੇ ਮੇਰੇ ਮਨ! ਰਾਮ=ਰਮੇ ਹੋਏ ਪਰਮੇਸ਼ਰ ਦੇ ਨਾਮ ਨੂੰ ਬਾਣੀ ਤੇ ਮਨ ਕਰਕੇ ਜਪਣਾ ਕਰ।

**ਮਨ ਇਛੇ ਫਲ ਭੁੰਚਿ ਤੂ**
**ਸਭੁ ਚੂਕੈ ਸੋਗੁ ਸੰਤਾਪੁ॥ਰਹਾਉ॥**

ਤੂੰ ਮਨ ਇੱਛਤ ਫਲਾਂ ਨੂੰ ਭੁੰਚਿ=ਭੁਗਤਣਾ ਕਰੇਂਗਾ ਤੇ ਤੇਰੇ ਸਭੁ=ਸਾਰੇ ਹੀ ਪਦਾਰਥਾਂ ਦੇ ਸੋਗੁ=ਵਿਛੋੜੇ ਤੋਂ ਪੈਦਾ ਹੋਏ ਸ਼ੋਕ ਤੇ ਪਦਾਰਥਾਂ ਦੀ ਅਪ੍ਰਾਪਤੀ ਤੋਂ ਪੈਦਾ ਹੋਏ ਸੰਤਾਪ ਚੂਕੈ=ਚੁੱਕੇ ਜਾਣਗੇ ਵਾ: ਖਤਮ ਹੋ ਜਾਣਗੇ।

**ਜਿਸੁ ਕਾਰਣਿ ਤਨੁ ਧਾਰਿਆ**
**ਸੋ ਪ੍ਰਭੁ ਡਿਠਾ ਨਾਲਿ॥**

ਜਿਸ ਵਾਹਿਗੁਰੂ ਦੀ ਪ੍ਰਾਪਤੀ ਕਾਰਣਿ=ਵਾਸਤੇ ਇਹ ਮਨੁੱਖਾ ਸਰੀਰ ਧਾਰਿਆ=ਧਾਰਨ ਕੀਤਾ ਹੈ। ਸੋ ਪ੍ਰਭੁ=ਉਹ ਪ੍ਰਭੂ ਭਗਤ ਜਨਾਂ ਨੇ ਆਪਣੇ ਨਾਲ ਹੀ ਡਿੱਠਾ=ਵੇਖ ਲਿਆ ਹੈ, ਭਾਵ ਉਸ ਨੂੰ ਅੰਗ ਨਾਲਿ=ਸੰਗ ਜਾਣਿਆ ਹੈ।

**ਜਲਿ ਥਲਿ ਮਹੀਅਲਿ ਪੂਰਿਆ**
**ਪ੍ਰਭੁ ਆਪਣੀ ਨਦਰਿ ਨਿਹਾਲ॥੨॥**

ਉਹ ਜਲਿ=ਪਾਣੀ, ਥਲਿ=ਖੁਸ਼ਕ ਜਗ੍ਹਾ ਮਹੀਅਲਿ=ਵਿਚ ਪੂਰਿਆ=ਪਰੀਪੂਰਨ ਹੋ ਰਿਹਾ ਹੈ ਵਾ: ਮਹੀਅਲਿ (ਮਹੀ+ਅਲਿ)=ਧਰਤੀ ਤੇ ਅਲਿ=ਆਕਾਸ਼ ਵਿਚ ਪਰੀਪੂਰਨ ਹੋ ਰਿਹਾ ਹੈ ਵਾ: ਜਲਿ=ਜਲ ਵਿਚ ਪ੍ਰੇਮੀਆਂ ਦੇ ਪ੍ਰੇਮ ਰੂਪ ਹੋ ਕੇ ਪੂਰਿਆ ਹੋਇਆ ਹੈ, ਥਲਿ ਦੀ ਨਿਆਈਂ ਜਿਹੜੇ ਖੁਸ਼ਕ ਲੋਕ ਹਨ, ਉਹਨਾਂ 'ਚ ਪਦਾਰਥਾਂ ਦੀ ਆਸਾ ਪੂਰੀਆਂ ਕਰਨੇ ਵਾਲਾ ਹੋ ਕੇ ਪੂਰਿਆ ਹੋਇਆ ਹੈ। ਮਹੀ=ਪ੍ਰਿਥਵੀ ਦੀ ਤਰ੍ਹਾਂ ਬੁੱਧੀ ਵਾਲਿਆਂ 'ਚ ਨਿਰਮਲ ਬੁੱਧ ਹੋ ਕੇ ਪੂਰਿਆ ਹੋਇਆ ਹੈ ਤੇ ਅਲਿ=ਆਕਾਸ਼ ਦੀ ਨਿਆਈਂ ਸਾਰੇ ਹਿਰਦਿਆਂ 'ਚ ਵੀ ਪੂਰਿਆ ਹੋਇਆ ਹੈ, ਜਿਨ੍ਹਾਂ ਉਤੇ ਪ੍ਰਭੁ=ਵਾਹਿਗੁਰੂ ਨੇ ਆਪਣੀ ਨਦਰਿ=ਕ੍ਰਿਪਾ ਦ੍ਰਿਸ਼ਟੀ ਕੀਤੀ ਹੈ, ਉਹਨਾਂ ਨੂੰ ਨਿਹਾਲ=ਪ੍ਰਸੰਨ ਕਰ ਦਿਤਾ ਹੈ।

**ਮਨੁ ਤਨੁ ਨਿਰਮਲੁ ਹੋਇਆ**
**ਲਾਗੀ ਸਾਚੁ ਪਰੀਤਿ॥**

ਉਹਨਾਂ ਗੁਰਮੁਖਾਂ ਦਾ ਮਨ ਵੀ ਵਿਕਾਰਾਂ ਦੀ ਚਿਤਵਨੀ ਤੋਂ ਨਿਰਮਲੁ=ਮੈਲ ਰਹਿਤ ਹੋ ਗਿਆ ਹੈ ਤੇ ਤਨੁ=ਸਰੀਰ ਵੀ ਪਾਪ ਕਰਨੋਂ ਨਿਰਮਲ ਹੋ ਗਿਆ ਹੈ, ਜਿਨ੍ਹਾਂ ਦੀ ਸਾਚਿ=ਸੱਚੇ ਨਾਮ 'ਚ ਪਰੀਤੀ=ਲਗਨ ਲਾਗੀ=ਲਗ ਗਈ ਹੈ।

**ਚਰਣ ਭਜੇ ਪਾਰਬ੍ਰਹਮ ਕੇ**
**ਸਭਿ ਜਪ ਤਪ ਤਿਨ ਹੀ ਕੀਤਿ॥੩॥**

ਜਿਨ੍ਹਾਂ ਨੇ ਪਾਰਬ੍ਰਹਮ=ਪਰਮੇਸ਼ਰ ਕੇ=ਦੇ ਚਰਨਾਂ ਨੂੰ ਭਜੇ=ਭਜਨਾ ਕੀਤਾ ਹੈ ਭਾਵ ਚਰਨਾਂ ਦਾ ਸੇਵਨ ਕੀਤਾ ਹੈ, ਮਾਨੋ ਉਹਨਾਂ ਨੇ ਸਭਿ=ਸਾਰੇ ਹੀ=ਨਿਸ਼ਚੇ ਕਰਕੇ ਜਪ, ਤਪ ਆਦਿ ਸ਼ੁਭ ਕਰਮ ਕਰ ਲਏ ਹਨ।

**ਰਤਨ ਜਵੇਹਰ ਮਾਣਿਕਾ**
**ਅੰਮ੍ਰਿਤੁ ਹਰਿ ਕਾ ਨਾਉ॥**

ਹੇ ਭਾਈ! ਉਹਨਾਂ ਦੇ ਪਾਸ ਹੀ ਵੈਰਾਗ ਰੂਪੀ ਰਤਨ, ਗਿਆਨ ਰੂਪੀ ਜਵਾਹਰ ਤੇ ਭਗਤੀ ਰੂਪੀ ਮਾਣਕ ਹੈ, ਜਿਨ੍ਹਾਂ ਪਾਸ ਹਰਿ=ਪ੍ਰਭੂ ਦਾ ਅੰਮ੍ਰਿਤ ਰੂਪੀ ਨਾਉ=ਨਾਮ ਹੈ, ਜੋ ਅਮਰ ਕਰਨੇ ਵਾਲਾ ਹੈ।

**ਸੂਖ ਸਹਜ ਆਨੰਦ ਰਸ**
**ਜਨ ਨਾਨਕ ਹਰਿ ਗੁਣ ਗਾਉ॥੪॥੧੭॥੮੭॥**

ਉਨ੍ਹਾਂ ਨੂੰ ਸਹਜ=ਸੁਤੇ ਹੀ ਸੂਖ=ਆਤਮਿਕ ਸੁਖ ਤੇ ਅਨੰਦ ਸਰੂਪ ਦਾ ਰਸ ਪ੍ਰਾਪਤ ਹੋਇਆ ਹੈ, ਭਾਵ ਉਨ੍ਹਾਂ ਦੇ ਅੰਦਰੋਂ ਦਿਨ ਰਾਤ ਪ੍ਰੇਮ ਦਾ ਝਰਨਾ ਝਰਦਾ ਰਹਿੰਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜੋ

ਜਨ=ਦਾਸ ਹਰਿ ਗੁਣ=ਪ੍ਰਭੂ ਦੇ ਗੁਣਾਂ ਨੂੰ ਗਾਉਂਦੇ ਹਨ॥

**ਸਿਰੀਰਾਗੁ ਮਹਲਾ ੫**

**ਸੋਈ ਸਾਸਤੁ ਸਉਣੁ ਸੋਇ**

**ਜਿਤੁ ਜਪੀਐ ਹਰਿ ਨਾਉ॥**

ਹੇ ਭਾਈ! ਸੋਈ=ਉਹੀ ਜੋਤਿਸ਼ ਵਿਦਿਆ ਦਾ ਸਾਸਤੁ=ਸ਼ਾਸਤ੍ਰ ਸ੍ਰੇਸ਼ਟ ਹੈ ਤੇ ਸੋਇ=ਉਹੀ ਸਉਣੁ=ਸ਼ਗਨ ਚੰਗਾ ਹੈ, ਜਿਤੁ=ਜਿਸ ਦੁਆਰਾ ਹਰਿ ਨਾਉ=ਪ੍ਰਭੂ ਦਾ ਨਾਮ ਜਪੀਐ=ਜਪਣਾ ਕਰੀਏ।

**ਚਰਣ ਕਮਲੁ ਗੁਰਿ ਧਨੁ ਦੀਆ**

**ਮਿਲਿਆ ਨਿਥਾਵੇ ਥਾਉ॥**

ਗੁਰਿ=ਗੁਰੂ ਸਾਹਿਬ ਜੀ ਨੇ ਜਿਸ ਨੂੰ ਪ੍ਰਭੂ ਦੇ ਚਰਨ ਕਮਲ ਦਾ ਪ੍ਰੇਮ ਰੂਪੀ ਧਨ ਦੀਆ=ਦਿਤਾ ਹੈ, ਉਸ ਨਿਥਾਵੇ=ਥਾਂ ਹੀਣ ਪੁਰਸ਼ ਨੂੰ ਪਰਮੇਸ਼ਰ ਦਾ ਸਰੂਪ ਰੂਪੀ ਥਾਂ ਮਿਲ ਗਿਆ ਹੈ।

**ਸਾਚੀ ਪੂੰਜੀ ਸਚੁ ਸੰਜਮੋ**

**ਆਠ ਪਹਰ ਗੁਣ ਗਾਉ॥**

ਜਿਨ੍ਹਾਂ ਕੋਲ ਸਾਚੀ=ਸੱਚੀ ਸ਼ਰਧਾ ਵਾ: ਨਾਮ ਰੂਪੀ ਸੱਚੀ ਪੂੰਜੀ=ਰਾਸਿ ਹੈ ਤੇ ਸਚੁ ਸੰਜਮੋ=ਸੱਚਾ ਹੀ ਸੰਜਮੋ=ਸਾਧਨ ਹੈ, ਭਾਵ ਇੰਦ੍ਰੀਆਂ ਦਾ ਸੰਜਮ ਰੱਖਣ ਲਈ ਸੱਚ ਨੂੰ ਹੀ ਸਾਧਨ ਬਣਾਇਆ ਹੈ ਅਤੇ ਜਿਹੜੇ ਅੱਠੇ ਪਹਿਰ ਪ੍ਰਮਾਤਮਾ ਦੇ ਗੁਣਾਂ ਨੂੰ ਗਾਉਂਦੇ ਹਨ।

**ਕਰਿ ਕਿਰਪਾ ਪ੍ਰਭੁ ਭੇਟਿਆ**

**ਮਰਣੁ ਨ ਆਵਣੁ ਜਾਉ॥੧॥**

ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਪਰਮੇਸ਼ਰ ਉਨ੍ਹਾਂ ਨੂੰ ਭੇਟਿਆ=ਮਿਲ ਗਿਆ ਹੈ, ਫਿਰ ਉਨ੍ਹਾਂ ਨੂੰ ਨਾ ਵਾਰ-ਵਾਰ ਮਰਣੁ=ਮਰ ਕੇ ਜਾਉ=ਜਾਣਾ ਤੇ ਨਾ ਹੀ ਸੰਸਾਰ ਵਿਚ ਜਨਮ ਧਾਰ ਕੇ ਆਵਣੁ=ਆਉਣਾ ਹੁੰਦਾ ਹੈ, ਭਾਵ ਉਹ ਆਵਾਗਵਨ ਤੋਂ ਮੁਕਤ ਹੋ ਜਾਂਦੇ ਹਨ।

**ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ॥**

ਹੇ ਮੇਰੇ ਮਨ! ਤੂੰ ਸਦਾ=ਹਮੇਸ਼ਾ ਹੀ ਇਕ ਰਸ ਰੰਗਿ=ਪ੍ਰੇਮ ਕਰਕੇ ਹਰਿ ਭਜੁ=ਪ੍ਰਭੂ ਨੂੰ ਜਪਿਆ ਕਰ ਭਾਵ ਉਸ ਦਾ ਸਿਮਰਨ ਹਰ ਵੇਲੇ ਕਰ।

**ਘਟ ਘਟ ਅੰਤਰਿ ਰਵਿ ਰਹਿਆ**

**ਸਦਾ ਸਹਾਈ ਸੰਗਿ॥੧॥ਰਹਾਉ॥**

ਉਹ ਪਰਮੇਸ਼ਰ ਘਟਾਂ-ਘਟਾਂ ਵਿਚ ਇਕ ਰਸ ਵਿਆਪਕ ਹੋ ਰਿਹਾ ਹੈ ਤੇ ਉਹ ਤੇਰਾ ਮਾਤਾ ਦੇ ਗਰਭ 'ਚ ਵੀ ਸਹਾਈ ਹੋਇਆ ਹੈ, ਐਥੇ ਵੀ ਸਹਾਈ=ਸਹਾਇਤਾ ਕਰਨ ਵਾਲਾ ਹੈ ਤੇ ਪਰਲੋਕ ਦਾ ਵੀ ਸੰਗੀ ਹੈ।

**ਸੁਖਾ ਕੀ ਮਿਤਿ ਕਿਆ ਗਣੀ**

**ਜਾ ਸਿਮਰੀ ਗੋਵਿੰਦੁ॥**

ਹੇ ਮਨੁੱਖ! ਉਦੋਂ ਪ੍ਰਾਪਤ ਹੋਏ ਸੁੱਖਾਂ ਦੀ ਗਿਣਤੀ ਮਿਣਤੀ ਕੀ ਕਰ ਸਕੇਂਗਾ ਜਾ=ਜਦੋਂ ਉਸ ਗੋਵਿੰਦੁ=ਪ੍ਰਭੂ ਦਾ ਸਿਮਰੀ=ਸਿਮਰਨ ਕਰੇਂਗਾ, ਭਾਵ ਉਸ ਦੇ ਸਿਮਰਨ ਨਾਲ ਅਣਗਿਣਤ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ।

**ਜਿਨ ਚਾਖਿਆ ਸੇ ਤ੍ਰਿਪਤਾਸਿਆ**

**ਓਹ ਰਸੁ ਜਾਣੈ ਜਿੰਦੁ॥**

ਹੇ ਭਾਈ! ਜਿਨ੍ਹਾਂ ਨੇ ਉਸ ਦੇ ਨਾਮ ਰਸ ਨੂੰ ਚਾਖਿਆ=ਚੱਖਿਆ ਹੈ, ਸੇ=ਉਹ ਤ੍ਰਿਪਤਾਸਿਆ=ਤ੍ਰਿਪਤ ਹੋ ਗਏ ਹਨ ਤੇ ਉਨ੍ਹਾਂ ਦੀ ਜਿੰਦੁ=ਬੁੱਧੀ ਹੀ ਉਸ ਨਾਮ ਜਾਂ ਆਤਮਿਕ ਰਸ ਨੂੰ ਜਾਣਦੀ ਹੈ ਭਾਵ ਉਹ ਕਿਸੇ ਹੋਰ ਨੂੰ ਉਸ ਦਾ ਅਨੰਦ ਨਹੀਂ ਦਸ ਸਕਦੇ ਜਿਵੇਂ ਗੂੰਗਾ ਗੁੜ ਖਾ ਕੇ ਹੋਰਨਾਂ ਨੂੰ ਨਹੀਂ ਦਸ ਸਕਦਾ।

**ਸੰਤਾ ਸੰਗਤਿ ਮਨਿ ਵਸੈ**

**ਪ੍ਰਭੁ ਪ੍ਰੀਤਮੁ ਬਖਸਿੰਦੁ॥**

ਹੇ ਭਾਈ! ਉਹ ਪ੍ਰਭੂ ਰੱਬ ਦੀ ਭਗਤੀ ਕਰਨ ਵਾਲੇ ਸੰਤਾਂ ਦੀ ਸੰਗਤ ਕਰਕੇ ਮਨ ਵਿਚ ਵਸ ਜਾਂਦਾ ਹੈ, ਜੋ ਪ੍ਰਭੂ ਪ੍ਰੀਤਮੁ=ਅਤਿ ਪ੍ਰੇਮ ਵਾਲਾ ਤੇ ਬਖਸਿੰਦੁ=ਬਖਸ਼ਿਸ਼ਾਂ ਕਰਨ ਵਾਲਾ ਹੈ।

**ਜਿਨਿ ਸੇਵਿਆ ਪ੍ਰਭੁ ਆਪਣਾ**

**ਸੋਈ ਰਾਜ ਨਰਿੰਦੁ॥੨॥**

ਜਿਨ੍ਹਾਂ ਗੁਰਮੁਕਾਂ ਨੇ ਪ੍ਰਭੂ ਨੂੰ ਆਪਣਾ ਜਾਣ ਕੇ ਸੇਵਿਆ=ਸੇਵਨ ਕੀਤਾ ਹੈ, ਸੋਈ=ਉਹ ਰਾਜ ਨਰਿੰਦੁ=ਨਰਾਂ ਦੇ ਇੰਦ੍ਰ (ਰਾਜਾ) ਅਰਥਾਤ ਉਹ ਰਾਜਿਆਂ ਦਾ ਵੀ ਰਾਜਾ ਭਾਵ ਚੱਕਰਵਰਤੀ ਰਾਜਾ ਹੁੰਦਾ ਹੈ ਵਾ: ਨਰਿੰਦੁ=ਜੋ ਨਰਾਂ ਦਾ ਪ੍ਰਕਾਸ਼ ਰੂਪ ਬ੍ਰਹਮ ਹੈ, ਸੋਈ=ਉਹ ਪੁਰਸ਼ ਉਸ ਬ੍ਰਹਮ ਦੇ ਪ੍ਰਕਾਸ਼ ਵਾਲਾ ਹੋ ਜਾਂਦਾ ਹੈ।

**ਅਉਸਰਿ ਹਰਿ ਜਸੁ ਗੁਣ ਰਮਣ ਜਿਤੁ**

**ਕੋਟਿ ਮਜਨ ਇਸਨਾਨੁ॥**

ਇਹ ਜੋ ਮਨੁੱਖਾ ਜਨਮ ਦਾ ਅਉਸਰਿ=ਵੇਲਾ ਹੈ, ਇਸ ਵਿਚ ਜਿਤੁ=ਜਿਸ ਸਮੇਂ ਹਰੀ ਦਾ ਜਸ ਤੇ ਉਸ ਦੇ ਗੁਣਾਂ ਦਾ ਰਮਣ ਕਰੀਏ ਅਰਥਾਤ ਉਚਾਰਣ ਕਰੀਏ ਤਾਂ ਕੋਟਿ=ਕਰੋੜਾਂ ਮਜਨ=ਪੁਰਬਾਂ (ਤੀਰਥਾਂ) ਦੇ ਇਸ਼ਨਾਨ ਦੇ ਨਹਾਉਣੇ ਦਾ ਫਲ ਪ੍ਰਾਪਤ ਹੁੰਦਾ ਹੈ।

**ਰਸਨਾ ਉਚਰੈ ਗੁਣਵਤੀ**

**ਕੋਇ ਨ ਪੁਜੈ ਦਾਨੁ॥**

ਜਿਹੜੀ ਰਸਨਾ ਉਸ ਵਾਹਿਗੁਰੂ ਦੇ ਗੁਣਾਂ ਦਾ ਉਚਰੈ=ਉਚਾਰਣ ਕਰਦੀ ਹੈ, ਉਹ ਗੁਣਵੰਤੀ=ਗੁਣਾਂ ਵਾਲੀ

ਹੋ ਜਾਂਦੀ ਹੈ।

**ਦ੍ਰਿਸਟਿ ਧਾਰਿ ਮਨਿ ਤਨਿ ਵਸੈ**
**ਦਇਆਲ ਪੁਰਖੁ ਮਿਹਰਵਾਨੁ॥**

ਜਿਨ੍ਹਾਂ ਉਤੇ ਸਤਿਗੁਰੂ ਜੀ ਕ੍ਰਿਪਾ ਦ੍ਰਿਸ਼ਟੀ ਧਾਰਨ ਕਰਦੇ ਹਨ, ਉਨਹਾਂ ਦੇ ਮਨ ਤੇ ਤਨ ਵਿਚ ਉਹ ਪ੍ਰਭੂ ਵਸ ਜਾਂਦਾ ਹੈ, ਜੋ ਦਇਆਲ=ਦਿਆਲੂ ਹੈ, ਪੁਰਖੁ=ਵਿਆਪਕ ਹੈ ਤੇ ਮਿਹਰਵਾਨੁ=ਮਿਹਰ ਵਾ: ਕ੍ਰਿਪਾ ਕਰਨੇ ਵਾਲਾ ਹੈ।

**ਜੀਉ ਪਿੰਡੁ ਧਨੁ ਤਿਸ ਦਾ**
**ਹਉ ਸਦਾ ਸਦਾ ਕੁਰਬਾਨੁ॥੩॥**

ਜੀਉ=ਸੂਖਮ ਸਰੀਰ, ਪਿੰਡੁ=ਅਸਥੂਲ ਸਰੀਰ ਤੇ ਧਨ ਆਦਿ ਉਸ ਵਾਹਿਗੁਰੂ ਦਾ ਹੀ ਦਿਤਾ ਹੋਇਆ ਹੈ ਇਸ ਲਈ ਹਉ=ਮੈਂ ਸਦਾ=ਸੈਂਕੜੇ ਵਾਰੀ ਤੇ ਸਦਾ=ਹਮੇਸ਼ਾ ਵਾਸਤੇ ਉਸ ਤੋਂ ਕੁਰਬਾਨ=ਬਲਿਹਾਰ ਜਾਂਦਾ ਹਾਂ।

**ਮਿਲਿਆ ਕਦੇ ਨ ਵਿਛੁੜੈ**
**ਜੋ ਮੇਲਿਆ ਕਰਤਾਰਿ॥**

ਉਹ ਪੁਰਸ਼ ਪ੍ਰਭੂ ਸਰੂਪ ਨਾਲ ਮਿਲਿਆ=ਅਭੇਦ ਹੋਇਆ ਕਦੇ ਵੀ ਵਿਛੁੜੈ=ਜੁਦਾ ਨਹੀਂ ਹੈ, ਜੋ ਕਰਤਾਰਿ=ਕਰਤਾ ਪੁਰਖ (ਪ੍ਰਭੂ) ਨੇ ਆਪ ਮੇਲਿਆ=ਮਿਲਾਇਆ ਹੈ।

**ਦਾਸਾ ਕੇ ਬੰਧਨ ਕਟਿਆ**
**ਸਾਚੈ ਸਿਰਜਣਹਾਰਿ॥**

ਆਪਣੇ ਦਾਸਾ=ਸੇਵਕਾਂ ਦੇ ਹਉਮੈ ਤੇ ਜੰਮਣ ਮਰਣ ਰੂਪੀ ਸਾਰੇ ਬੰਧਨ ਉਸ ਸੱਚੇ ਸਿਰਜਣਹਾਰਿ=ਰਚਣ ਵਾਲੇ ਪ੍ਰਭੂ ਨੇ ਕੱਟ ਦਿਤੇ ਹਨ।

**ਭੂਲਾ ਮਾਰਗਿ ਪਾਇਓਨੁ**
**ਗੁਣ ਅਵਗੁਣ ਨ ਬੀਚਾਰਿ॥**

ਭੂਲਾ=ਭੁੱਲਿਆਂ ਹੋਇਆਂ ਨੂੰ ਸਤਿਗੁਰਾਂ ਨੇ ਭਉ ਭਗਤੀ ਦੇ ਮਾਰਗਿ=ਰਸਤੇ ਉਤੇ ਪਾਇਓਨੁ=ਪਾ ਦਿਤਾ ਹੈ ਤੇ ਪਰਉਪਕਾਰੀ ਬਿਰਦ ਅਨੁਸਾਰ ਜੀਵਾਂ ਦੇ ਗੁਣਾਂ ਤੇ ਅਵਗੁਣ=ਗੁਨਾਹਾਂ ਦੀ ਵੀਚਾਰ ਨਹੀਂ ਕੀਤੀ।

**ਨਾਨਕ ਤਿਸੁ ਸਰਣਾਗਤੀ**
**ਜਿ ਸਗਲ ਘਟਾ ਆਧਾਰੁ॥੪॥੧੮॥੮੮॥**

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਹੇ ਭਾਈ! ਤਿਸੁ=ਉਸ ਦੀ ਸ਼ਰਣ 'ਚ ਆਉਣਾ ਕਰੀਏ, ਜੋ ਸਾਰਿਆਂ ਘਟਾ=ਸਰੀਰਾਂ ਅੰਦਰ ਆਧਾਰੁ=ਆਸਰਾ ਰੂਪ ਹੈ।

*'ਚਲਦਾ....।'*

*(ਪੰਨਾ 37 ਦੀ ਬਾਕੀ)*

ਇਹ ਹੱਤਿਆਂ ਨੂੰ ਇਕੱਠੀਆਂ ਕਰਕੇ ਇਕ ਪੁਆਇੰਟ ਬਣਾ ਲਓ। ਜੇ ਛੇ ਸੌ ਹੱਤਿਆ ਹੋ ਜਾਵੇ ਤਾਂ ਪਾਪ ਐਨਾ ਹੁੰਦੈ ਕਿ ਇਕ ਪਿਉ ਨੂੰ ਮਾਰ ਦੇਣਾ ਆਪਣੇ ਨੂੰ। ਹਜ਼ਾਰ ਹੱਤਿਆ ਦੇ ਬਰਾਬਰ ਹੁੰਦੈ ਜੇ ਕੋਈ ਮਾਂ ਨੂੰ ਮਾਰ ਦੇਵੇ। ਇਸੇ ਤਰ੍ਹਾਂ ਪੁੰਨ ਨੇ। ਸੈਂਕੜੇ, ਹਜ਼ਾਰਾਂ ਪੁੰਨ ਨੇ। ਜੇ ਕੋਈ ਮਾਂ ਦਾ ਬਚਨ ਮੰਨ ਲਵੇ, ਮਾਂ ਨੂੰ ਸੁਖ ਦੇ ਦੇਵੇ, ਉਹਦੇ ਅੰਤ ਸਮੇਂ ਤਕ ਪਿਆਰ ਨਾਲ ਰਹਿ ਜਾਵੇ। ਪਿਤਾ ਦਾ ਆਦਰ ਕਰ ਦੇਵੇ। ਸੋ ਇਸੇ ਤਰ੍ਹਾਂ ਪਾਪ ਨੇ ਇਸੇ ਤਰ੍ਹਾਂ ਪੁੰਨ ਨੇ। ਸੋ ਕਹਿਣ ਲੱਗਿਆ, ਮਹਾਰਾਜ! ਜਿਹੜੇ ਤਾਂ ਪੁੰਨ ਕਰਦੇ ਨੇ ਉਹ ਸਵਰਗਾਂ 'ਚ ਜਾਂਦੇ ਨੇ। ਥੋੜ੍ਹਾ ਪੁੰਨ ਕਰਨ ਵਾਲੇ ਗੰਧਰਭ ਲੋਕ 'ਚ ਜਾਂਦੇ ਨੇ। ਉਸ ਤੋਂ ਵੱਡੇ ਦੇਵ ਗੰਧਰਭ 'ਚ ਜਾਂਦੇ ਨੇ। ਉਹਨਾਂ ਤੋਂ ਅੱਗੇ ਪਿੱਤਰ ਲੋਕ 'ਚ ਜਾਂਦੇ ਨੇ। ਜ਼ਿਆਦਾ ਪੁੰਨ ਕਰਨ ਵਾਲੇ ਸਵਰਗ ਲੋਕ 'ਚ ਜਾਂਦੇ ਨੇ। ਇੰਦਰ ਲੋਕ 'ਚ, ਕਰਮ ਦੇਵ ਲੋਕ ਜਾਂਦੇ ਨੇ, ਅਜਾਨ ਦੇਵ ਲੋਕ 'ਚ, ਪਰਜਾ ਪਤ ਲੋਕ 'ਚ ਜਾਂਦੇ ਨੇ, ਬ੍ਰਹਮ ਲੋਕ, ਸ਼ਿਵ ਲੋਕ 'ਚ ਜਾਂਦੇ ਨੇ। ਅਖੀਰਲਾ ਸਵਰਗ ਹੈਗਾ ਜਿਸਨੂੰ ਬੈਕੁੰਠ ਲੋਕ ਕਹਿੰਦੇ ਨੇ। ਬਾਕੀ ਜਿਹੜਾ ਤੁਹਾਡਾ ਥਾਉਂ ਹੈ, ਉਹ ਇਸ ਮੰਡਲ 'ਚ ਨਹੀਂ ਹੈ। ਉਹ ਤਾਂ -

*ਸਚ ਖੰਡਿ ਵਸੈ ਨਿਰੰਕਾਰੁ ॥*
*ਕਰਿ ਕਰਿ ਵੇਖੈ ਨਦਰਿ ਨਿਹਾਲ ॥ ਅੰਗ- ੮*

ਉਹ ਹੋਰ ਮੰਡਲ ਹੈ। ਉਹ ਧਰਮਰਾਜੇ ਵਾਲਾ ਮੰਡਲ ਨਹੀਂ ਹੈ। ਇਸੇ ਕਰਕੇ ਸਵਰਗ ਤੇ ਨਰਕ ਨੂੰ ਅਸੀਂ ਨਹੀਂ ਚਾਹੁੰਦੇ ਕਿਉਂਕਿ ਸਾਡਾ ਰਸਤਾ ਗੁਰੂ ਦੀ ਦਰਗਾਹ ਦਾ ਹੈ। ਉਸ ਵੇਲੇ ਕਹਿਣ ਲੱਗੇ ਕਿ ਕੋਈ ਸੇਵਾ? ਕਹਿਣ ਲੱਗੇ ਕਿ ਸੇਵਾ ਤਾਂ ਇਹੀ ਹੈ ਕਿ ਮੇਰੇ ਤੋਂ ਨਹੀਂ ਦੇਖਿਆ ਜਾਂਦਾ, ਇਹਨਾਂ ਦਾ ਵਿਰਲਾਪ, ਇਹ ਸੇਵਾ ਕਰ ਦੇ-

*ਧਾਰਨਾ - ਕਰ ਦੇ ਬੰਦ ਖਲਾਸੀ ਇਹਨਾਂ ਜੀਵਾਂ ਦੀ।*

*ਧਾਰਨਾ - ਕਰ 'ਤੇ ਕੁੰਡ ਨਰਕਾਂ ਦੇ ਖਾਲੀ,*
*ਇਕ ਘੜੀ ਨਾਮ ਜਪ ਕੇ।*
*ਗਹਿਣੇ ਧਰਿਅਨੁ ਏਕ ਨਾਉ ਪਾਪਾ ਨਾਲਿ ਕਰੈ ਨਿਰਜਾਸੀ।*
*ਪਾਸੰਗਿ ਪਾਪੁ ਨ ਪੁਜਨੀ*
*ਗੁਰਮੁਖਿ ਨਾਉ ਅਤੁਲ ਨ ਤੁਲਾਸੀ।*
*ਨਰਕਹੁੰ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।*
*ਮੁਕਤਿ ਜੁਗਤਿ ਨਾਵੈ ਕੀ ਦਾਸੀ॥ ਭਾਈ ਗੁਰਦਾਸ ਜੀ*

ਸੋ ਉਸ ਨਾਮ ਦਾ ਆਪਾਂ ਜ਼ਿਕਰ ਕੀਤਾ ਹੈ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਅੰਗ- ੮੧*

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

*ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।*

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-55)*

ਮਨ ਦਾ ਇਕਾਗਰ ਹੋਣਾ ਕੇਵਲ ਇਕ ਪ੍ਰਮਾਤਮਾ ਦੀ ਲਗਨ ਹੋਣੀ ਪ੍ਰਾਪਤੀ ਲਈ ਅਤੀ ਆਵਸ਼ਕ ਹੈ। ਕੇਵਲ ਇਕੋ ਹੀ ਤਰੀਕਾ ਅਪਨਾਉਣਾ ਚਾਹੀਦਾ ਹੈ। ਇਹ ਨਹੀਂ ਅੱਜ ਇਕ ਤਰੀਕਾ, ਕੱਲ ਦੂਸਰਾ। ਇਸ ਤਰ੍ਹਾਂ ਕਰਨ ਨਾਲ ਮਨ ਇਕਾਗਰ ਨਹੀਂ ਹੁੰਦਾ। ਕਈ ਗੁਰੂ ਆਪਣੇ ਸਾਧਕਾਂ ਨੂੰ ਬਹੁਤ ਸਾਰੇ ਬਿੰਦੂ ਦਸ ਦਿੰਦੇ ਹਨ ਪਰ ਉਹ ਠੀਕ ਨਹੀਂ। ਉਸ ਤਰ੍ਹਾਂ ਮਨ ਇਕਾਗਰ ਨਹੀਂ ਹੁੰਦਾ, ਸਥਿਰ ਨਹੀਂ ਹੁੰਦਾ। ਜਦੋਂ ਤਕ ਕੇਵਲ ਇਕੋ ਵਿਚਾਰ, ਇਕੋ ਮੂਰਤ ਨਾ ਹੋਵੇ, ਮਨ ਇਕਾਗਰ ਨਹੀਂ ਹੁੰਦਾ, ਕੋਈ ਤਰੱਕੀ ਨਹੀਂ ਹੁੰਦੀ। ਇਕ ਮਨ ਹੋ ਕੇ, ਇਕਾਗਰ ਹੋ ਕੇ ਕੇਵਲ ਇਕੋ ਮੂਰਤ, ਇਕੋ ਵਿਚਾਰ ਤੇ ਮਨ ਟਿਕਾ ਕੇ ਹੀ ਮੈਡੀਟੇਸ਼ਨ ਕੀਤੀ ਨਾਲ ਪ੍ਰਾਪਤੀ ਹੁੰਦੀ ਹੈ। ਜਿਹੜੀ ਵੀ ਮੂਰਤ ਤੁਸੀਂ ਚੁਣੋ, ਉਸੇ ਨੂੰ ਸਤਿ ਮੰਨ ਕੇ, ਪ੍ਰਮਾਤਮਾ ਮੰਨ ਕੇ ਮਨ ਇਕਾਗਰ ਕਰੋ। ਸਤਿ ਅਤੇ ਅਸਤਿ ਵਿਚ ਭੇਦ ਨੂੰ ਜਾਣੋ। ਸਗੋਂ ਆਪਣੀ ਚੁਣੀ ਮੂਰਤ ਨੂੰ ਸਤਿ ਕਰਕੇ ਜਾਣੋ। ਉਸੇ ਮੂਰਤ ਨੂੰ ਹਰ ਇਕ ਚੀਜ਼ ਵਿਚ ਦੇਖੋ। ਇਸ ਤਰ੍ਹਾਂ ਦੇ ਗਿਆਨ ਨਾਲ ਹੀ ਤੁਸੀਂ ਪ੍ਰਾਪਤੀ ਕਰ ਸਕਦੇ ਹੋ।

ਚੌਥੀ ਧਾਰਨਾ ਹੈ ਅਰਦਾਸ, ਪ੍ਰਾਥਨਾ। ਇਹ ਪ੍ਰਮਾਤਮਾ ਨਾਲ ਗੱਲਬਾਤ ਹੈ। ਪ੍ਰਮਾਤਮਾ ਅੱਗੇ ਬੇਨਤੀ ਹੈ। ਦੇਰ ਬਾਦ ਇਹ ਪ੍ਰਮਾਤਮਾ ਇਕ ਦਰਖਾਸਤ ਦਾ ਰੂਪ ਲੈ ਲੈਂਦੀ ਹੈ। ਕਈ ਲੋਕ ਅਰਦਾਸ ਨੂੰ ਮੈਡੀਟੇਸਨ ਸਮਝਣ ਲਗ ਪੈਂਦੇ ਹਨ ਜਿਸ ਵਿਚ ਇਕੋ ਵਿਚਾਰ ਹੁੰਦੀ ਹੈ। ਅਰਦਾਸ ਵਿਚ ਬਹੁਤ ਵਾਰੀ ਮੰਗ ਹੁੰਦੀ ਹੈ ਪਰ ਮੈਡੀਟੇਸ਼ਨ ਵਿਚ ਤੁਸੀਂ ਮੰਗ ਤੋਂ ਕਿਤੇ ਉਤੇ ਹੁੰਦੇ ਹੋ। ਮੈਡੀਟੇਸ਼ਨ ਵਿਚ ਆਤਮਾ ਪ੍ਰਮਾਤਮਾ ਨਾਲ ਜੁੜ ਜਾਂਦੀ ਹੈ, ਇਥੇ ਪਹੁੰਚ ਕੇ ਸਾਰੇ ਮਜ਼ਹਬ ਸਭ ਕੁਝ ਖਤਮ ਹੋ ਜਾਂਦਾ ਹੈ ਕਿਉਂਕਿ ਤੁਸੀਂ ਪ੍ਰਮਾਤਮਾ ਨਾਲ ਇੱਕ ਹੋ ਜਾਂਦੇ ਹੋ। ਤੁਸੀਂ ਬ੍ਰਹਿਮੰਡ ਨਾਲ ਮਿਲ ਜਾਂਦੇ ਹੋ।

### ਮੈਡੀਟੇਸ਼ਨ ਕੀ ਹੈ?

ਮੈਡੀਟੇਸ਼ਨ ਸ਼ਬਦ ਬਹੁਤ ਪ੍ਰਕਾਰ ਵਰਤਿਆ ਜਾਂਦਾ ਹੈ, ਵਾਸਤਵ ਵਿਚ ਇਹ ਤੁਹਾਡੀ ਅੰਦਰ ਦੀ ਅਵਸਥਾ ਬਾਰੇ ਵਰਤਿਆ ਜਾਂਦਾ ਹੈ। ਇਹ ਅੰਦਰ ਦੀ ਅਵਸਥਾ ਦਸਦਾ ਹੈ। ਭਾਵੇਂ ਸਾਰੀਆਂ ਤਕਨੀਕਾਂ ਅੰਤ ਵਿਚ ਪਹੁੰਚਦੀਆਂ ਤੁਹਾਡੀ ਆਤਮਾ ਤਕ, ਪ੍ਰਮਾਤਮਾ ਤਕ ਹੀ ਹਨ ਪਰ ਤਰੀਕੇ ਵੱਖ-ਵੱਖ ਹਨ। ਮੈਡੀਟੇਸ਼ਨ ਦਾ ਮੰਤਵ ਹੈ, ਸਤਿ ਤਕ ਪਹੁੰਚਣਾ। ਆਤਮਾ ਤੱਕ ਪਹੁੰਚ ਕੇ ਪ੍ਰਮਾਤਮਾ ਨਾਲ ਮੇਲ। ਇਹ ਕੋਈ ਬੁੱਧੀ ਦੇ ਪੱਧਰ 'ਤੇ ਨਹੀਂ, ਇਹ ਤਾਂ ਤੁਹਾਡਾ ਸਾਰਾ ਆਪਾ ਕੰਮ ਕਰਦਾ ਹੈ। ਇਹ ਤਾਂ ਤੁਹਾਨੂੰ ਉਥੇ ਪਹੁੰਚਾਉਣਾ ਹੈ ਜਿਸ ਬਾਰੇ ਤੁਹਾਨੂੰ ਪਤਾ ਨਹੀਂ। ਮੈਡੀਟੇਸ਼ਨ ਦੇ ਤਰੀਕੇ ਨੂੰ ਦਸਿਆ ਨਹੀਂ ਜਾ ਸਕਦਾ, ਕੇਵਲ ਐਨਾ ਹੀ ਹੈ ਕਿ ਇਹ ਤੁਹਾਨੂੰ ਪ੍ਰਮਾਤਮਾ ਨਾਲ ਜੋੜਦਾ ਹੈ। ਤੁਹਾਡਾ ਸਾਰਾ ਵਿਅਕਤੀਤ੍ਵ ਬਦਲ ਜਾਂਦਾ ਹੈ।

ਵਾਸਤਵ ਵਿਚ ਜੀਵਨ ਅਨੁਭਵਾਂ ਦਾ ਇਕ ਤਾਂਤਾ ਹੈ, ਪਰ ਸਾਰੇ ਅਨੁਭਵ ਤੁਹਾਨੂੰ ਮੈਡੀਟੇਸ਼ਨ ਨਾਲ ਨਹੀਂ ਜੋੜਦੇ। ਮਹਾਤਮਾ ਲੋਕ ਅਨੰਦ ਦੀ ਗੱਲ ਕਰਦੇ ਹਨ, ਅਨੰਦ ਦਾ ਅਨੁਭਵ ਹੀ ਆਤਮਾ ਤਕ ਪਹੁੰਚਣਾ ਹੈ। ਪ੍ਰਮਾਤਮਾ ਦੇ ਦਰਸ਼ਨ ਹਨ, ਅਨੰਦ ਜੀਵਨ ਦੇ ਅੰਦਰ ਹੀ ਹੈ।

ਮੈਡੀਟੇਸ਼ਨ ਅੰਦਰ ਦੀ ਖੋਜ ਹੈ, ਆਪਾ ਚੀਨਣਾ ਹੈ, ਠੀਕ ਤਰੀਕੇ ਨਾਲ ਕੀਤੀ ਮੈਡੀਟੇਸ਼ਨ, ਤੁਹਾਨੂੰ ਚੇਤਨਤਾ ਤਕ ਲੈ ਜਾਂਦੀ ਹੈ। ਤੁਹਾਨੂੰ ਬ੍ਰਹਿਮੰਡ ਨਾਲ ਜੋੜ ਦਿੰਦੀ ਹੈ। ਜਦੋਂ ਅਧਿਆਤਮਵਾਦ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਂਦਾ ਹੈ, ਪੂਰੇ ਤਰੀਕੇ ਨਾਲ ਠੀਕ ਤਰ੍ਹਾਂ ਮੈਡੀਟੇਸ਼ਨ ਕੀਤੀ ਜਾਂਦੀ ਹੈ। ਇਸ ਤਰ੍ਹਾਂ ਨਾਲ ਤੁਸੀਂ ਆਤਮਾ ਤੇ ਪ੍ਰਮਾਤਮਾ ਦੇ ਮੇਲ 'ਤੇ ਪਹੁੰਚ ਜਾਂਦੇ ਹੋ।

ਜਦੋਂ ਤੁਸੀਂ ਆਪਣੇ ਅੰਦਰ ਪ੍ਰਸ਼ਨ ਉਤਰ ਕਰਨ ਲਗ ਪੈਂਦੇ ਹੋ, ਫੇਰ ਕੇਵਲ ਪੁਸਤਕਾਂ ਪੜ੍ਹ ਕੇ ਤੁਹਾਡੀ ਤਸੱਲੀ ਨਹੀਂ ਹੁੰਦੀ। ਜਦੋਂ ਤੁਸੀਂ ਜੀਵਨ ਮਹੱਤਵ ਜਾਣ ਜਾਂਦੇ ਹੋ, ਮਨੋਰਥ ਜਾਣ ਜਾਂਦੇ ਹੋ, ਫੇਰ ਤੁਸੀਂ ਮੈਡੀਟੇਸ਼ਨ ਦੀ ਫਿਲੋਸਫੀ ਜਾਨਣਾ ਚਾਹੁੰਦੇ ਹੋ ਤੇ ਹੱਲ ਜਾਨਣਾ ਚਾਹੁੰਦੇ ਹੋ। ਪੰਤਾਜਲ ਨੇ ਯੋਗ ਸੂਤਰ ਵਿਚ ਵਿਸਤਾਰ ਪੂਰਵਕ ਟਰੇਨਿੰਗ ਪ੍ਰੋਗਰਾਮ ਦਿਤਾ ਹੈ। ਕਰੋੜਾਂ ਲੋਕ ਜਿਹੜਾ ਮੈਡੀਟੇਸ਼ਨ ਕਰਦੇ ਹਨ, ਇਸ ਪ੍ਰੋਗਰਾਮ ਤੋਂ ਲਾਭ ਉਠਾ ਸਕਦੇ ਹਨ। ਇਹ ਪ੍ਰੋਗਰਾਮ ਕਿਸੇ ਮਜ਼ਹਬ ਨਾਲ ਨਹੀਂ ਜੁੜਿਆ ਹੋਇਆ, ਇਹ ਕੇਵਲ ਯੋਗ ਦਾ ਪ੍ਰੋਗਰਾਮ ਹੈ।

### ਮੈਡੀਟੇਸ਼ਨ ਦਾ ਤਰੀਕਾ

ਪਹਿਲਾਂ ਤੋਂ ਹੀ ਉਸ ਮਨ ਦੀ ਜਿਹੜਾ ਸਵਾਲ

ਪੁਛਦਾ ਹੋਵੇ, ਜਿਹੜਾ ਜਾਨਣ ਦੀ ਚਾਹ ਰਖਦਾ ਹੋਵੇ, ਉਸ ਨੂੰ ਇਕ ਸਹੀ ਤਰੀਕੇ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਚਾਹਵਾਨ ਜੋ ਵੀ ਕਰੇ, ਉਹ ਪਿਆਰ ਨਾਲ ਕਰੇ, ਆਪਣੇ ਲਈ ਨਹੀਂ ਕਰੇ, ਇਕਾਗਰ ਹੋ ਕੇ ਕਰੇ। ਇਸ ਤੋਂ ਬਿਨਾਂ ਮਨ ਨੂੰ ਇਕਾਗਰ ਕਰਨਾ ਬਹੁਤ ਔਖਾ ਹੈ, ਨਹੀਂ ਤਾਂ ਮੈਡੀਟੇਸ਼ਨ ਲਾਭਕਾਰੀ ਨਹੀਂ ਹੋ ਸਕਦੀ ਹੈ। ਸਿਰਜਨਾਆਤਮਕ ਹੋ ਸਕਦੀ ਹੈ ਪਰ ਸਭ ਤੋਂ ਪਹਿਲਾਂ ਲੋੜ ਅਧਿਆਤਮ ਮਨ ਦੀ ਰੁਚੀ ਦੀ ਹੈ, ਇਸ ਤੋਂ ਬਿਨਾਂ ਸੰਸਾਰ ਵਿਚ ਚੰਗੇ ਕਰਮ ਆਪੇ ਨੂੰ ਪਿੱਛੇ ਰਖ ਕੇ ਕਰਨੇ ਹਨ। ਇਸ ਤਰ੍ਹਾਂ ਕਰਮ ਕਰਕੇ ਜੀਉਣ ਨੂੰ ਹੀ ਮੈਡੀਟੇਸ਼ਨ ਕਹਿੰਦੇ ਹਨ। ਅਗਲਾ ਮੈਡੀਟੇਸ਼ਨ ਦਾ ਤਰੀਕਾ ਹੈ ਨਵੇਕਲੀ ਜਗ੍ਹਾ 'ਤੇ ਬੈਠ ਕੇ, ਆਰਾਮ ਨਾਲ ਬੈਠ ਕੇ ਇਹੋ ਜਿਹੇ ਤਰੀਕੇ ਨਾਲ ਬੈਠਣਾ ਕਿ ਤੁਹਾਨੂੰ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਮਹਿਸੂਸ ਹੋ ਰਹੀ ਹੋਵੇ, ਫੇਰ ਆਪਣੇ ਸੁਆਸਾਂ ਤੇ ਧਿਆਨ ਲਗਾਉਣਾ, ਮਨ ਨੂੰ ਇਕਾਗਰ ਕਰਨਾ। ਇਸ ਤਰ੍ਹਾਂ ਕਰਨ ਨਾਲ ਮੰਤਰ ਚਲਣ ਲਗ ਪੈਂਦਾ ਹੈ। ਮੰਤਰ ਦਾ ਜਪ ਕਰਨ ਨਾਲ ਹੀ ਮਨ ਡੂੰਘੀ ਅਵਸਥਾ ਵਿਚ ਪਹੁੰਚ ਜਾਂਦਾ ਹੈ। ਜਦੋਂ ਮਨ ਚੇਤਨਾ ਦੀ ਹੱਦ ਟੱਪ ਜਾਂਦਾ ਹੈ, ਮਨ ਦਾ ਮੇਲ ਆਤਮਾ ਨਾਲ ਹੋ ਜਾਂਦਾ ਹੈ।

ਦੂਸਰੀ ਤਰ੍ਹਾਂ ਦੀ ਮੈਡੀਟੇਸ਼ਨ ਉਹ ਹੈ ਜਿਹੜੀ ਯੋਗੀ ਕਰਦੇ ਰਹੇ ਹਨ, ਹੋਰ ਸਾਧੂ ਕਰਦੇ ਰਹੇ ਹਨ। ਜਿਨ੍ਹਾਂ ਨੇ ਸਾਰਾ ਜੀਵਨ ਸਤਿ ਦੀ ਖੋਜ ਵਿਚ ਲਗਾ ਦਿਤਾ। ਪਹਿਲਾਂ ਉਹ ਆਪਣੀਆਂ ਇੰਦ੍ਰੀਆਂ ਸਮੇਟ ਲੈਂਦੇ ਹਨ। ਫੇਰ ਉਹ ਆਪਣਾ ਮਨ ਮੰਤਰ 'ਤੇ ਇਕਾਗਰ ਕਰਦੇ ਹਨ। ਜਦੋਂ ਮਨ ਇਕਾਗਰ ਹੋ ਜਾਂਦਾ ਹੈ, ਆਪਣੀ ਹੱਦ ਟੱਪ ਜਾਂਦਾ ਹੈ, ਮਨ ਆਪਣਾ ਨਵਾਂ ਸੁਭਾਅ ਬਣਾ ਲੈਂਦਾ ਹੈ, ਪੁਰਾਣਾ ਰਾਹ ਛੱਡ ਦਿੰਦਾ ਹੈ। ਇਸ ਮਨ ਦੇ ਸੁਭਾਅ ਨੂੰ ਬਦਲਣ ਨੂੰ ਹੀ ਅਧਿਆਤਮਕ ਪੁਨਰ ਜਨਮ ਕਹਿੰਦੇ ਹਨ। ਇਹ ਕਹਿ ਸਕਦੇ ਹੋ ਫੇਰ ਮਨ ਕੇਵਲ ਪ੍ਰਮਾਤਮਾ ਨਾਲ ਹੀ ਰਹਿੰਦਾ ਹੈ। ਹੋਰ ਕਿਸੇ ਗੱਲ ਦੀ ਸੋਚ ਨਹੀਂ ਹੁੰਦੀ। ਤੁਸੀਂ ਸਦਾ ਮੈਡੀਟੇਸ਼ਨ ਦੀ ਅਵਸਥਾ ਵਿਚ ਹੀ ਰਹਿੰਦੇ ਹੋ। ਇਸ ਅਵਸਥਾ ਵਿਚ ਕੋਈ ਬੰਧਨ ਨਹੀਂ ਰਹਿੰਦਾ। ਮਨ ਸਦਾ ਮੈਡੀਟੇਸ਼ਨ ਦੀ ਅਵਸਥਾ ਵਿਚ ਪ੍ਰਮਾਤਮਾ ਦੀ ਯਾਦ ਵਿਚ ਹੀ ਰਚਿਆ ਰਹਿੰਦਾ ਹੈ। ਇਸੇ ਕਰਕੇ ਪ੍ਰਮਾਤਮਾ ਦੀ ਯਾਦ ਨੂੰ ਸਦਾ ਲਈ ਮਨ ਚਿਤ ਵਿਚ ਵਸਾਉਣ ਲਈ ਮੈਡੀਟੇਸ਼ਨ ਅਤਿ ਅਵੱਸ਼ਕ ਹੈ। ਮਨ ਸਦਾ ਹੀ ਪ੍ਰਮਾਤਮਾ ਦੀ ਯਾਦ ਵਿਚ, ਉਸ ਦੇ ਚਰਨਾਂ ਵਿਚ ਜੁੜਿਆ ਰਹਿਣਾ ਚਾਹੀਦਾ ਹੈ, ਇਸ ਤਰ੍ਹਾਂ ਕਰਨ ਨਾਲ ਜਦੋਂ ਮਨ ਸਦਾ ਉਸ ਦੀ ਯਾਦ ਵਿਚ ਹੀ ਡੁੱਬਿਆ ਰਹੇਗਾ, ਉਠਦੇ ਬੈਠਦੇ, ਸੌਂਦੇ, ਜਾਗਦੇ, ਕੰਮ ਕਰਦੇ ਮਨ ਦੀ ਡੋਰ ਉਸ ਨਾਲ ਹੀ ਜੁੜੀ ਰਹੇ, ਇਸ ਤਰ੍ਹਾਂ ਕਰਨ ਨਾਲ ਹੀ ਸਰੀਰ ਮੰਦਰ ਬਣ ਜਾਂਦਾ ਹੈ।

ਧਰਮ ਸ਼ਾਸਤਰ ਦਸਦੇ ਹਨ ਕਿ ਸਾਨੂੰ ਪ੍ਰਮਾਤਮਾ ਵਿਚ ਪੂਰਨ ਵਿਸ਼ਵਾਸ਼ ਰਖਣਾ ਚਾਹੀਦਾ ਹੈ। ਫਿਲੌਸਫੀ ਕਹਿੰਦੀ ਹੈ ਕਿ ਸਾਨੂੰ ਮਨੁੱਖ ਦਾ ਰਿਸ਼ਤਾ ਸਮਝਣਾ ਚਾਹੀਦਾ ਹੈ। ਮਨੁੱਖ ਦਾ ਰਿਸ਼ਤਾ ਬ੍ਰਹਿਮੰਡ ਨਾਲ ਕੀ ਹੈ, ਪ੍ਰਮਾਤਮਾ ਕੀ ਹੈ? ਮੈਡੀਟੇਸ਼ਨ ਕਰਨ ਨਾਲ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ। ਸਰੀਰ ਪ੍ਰਮਾਤਮਾ ਦਾ ਮੰਦਰ ਬਣ ਜਾਂਦਾ ਹੈ। ਮੈਡੀਟੇਸ਼ਨ ਕਰਨ ਵਾਲੇ ਨੂੰ ਕਿਸੇ ਨਵੇਕਲੀ ਥਾਂ ਦੀ ਲੋੜ ਨਹੀਂ, ਕਿਤੇ ਜੰਗਲਾਂ ਵਿਚ ਭਟਕਣ ਦੀ ਲੋੜ ਨਹੀਂ, ਪ੍ਰਮਾਤਮਾ ਉਸ ਦੇ ਅੰਦਰ ਹੀ ਹੈ। ਮੂਰਖ ਮਨੁੱਖ ਪ੍ਰਮਾਤਮਾ ਨੂੰ ਬਾਹਰ ਭਾਲਦਾ ਰਹਿੰਦਾ ਹੈ, ਜਦੋਂ ਕਿ ਬਾਹਰ ਦੇ ਸੰਸਾਰ ਵਿਚ ਸਾਰੀਆਂ ਹਰ ਤਰ੍ਹਾਂ ਦੀਆਂ ਚੀਜ਼ਾਂ ਧਿਆਨ ਇਕਾਗਰ ਨਹੀਂ ਹੋਣ ਦਿੰਦੀਆਂ ਪਰ ਜਦੋਂ ਮਨੁੱਖ ਆਪਣੇ ਅੰਦਰ ਜਾਂਦਾ ਹੈ, ਬਾਹਰ ਦੇ ਸਾਰੇ ਬੂਹੇ ਬੰਦ ਕਰ ਦਿੰਦਾ ਹੈ। ਉਸ ਨੂੰ ਆਪਣੇ ਅੰਦਰ ਹੀ ਆਪਣੀ ਆਤਮਾ ਵਿਚ ਹੀ ਪ੍ਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ। ਪ੍ਰਮਾਤਮਾ ਦੇ ਦਰ 'ਤੇ ਉਹ ਪ੍ਰਵਾਨ ਹੋ ਜਾਂਦਾ ਹੈ। ਇਹੋ ਜਿਹਾ ਮਨੁੱਖ ਸਾਰੇ ਬ੍ਰਹਿਮੰਡ ਦਾ ਸਾਂਝਾ ਹੋ ਜਾਂਦਾ ਹੈ। ਜਿਹੜੇ ਹਰ ਵਕਤ ਪ੍ਰਮਾਤਮਾ ਦੀ ਹੋਂਦ ਅੰਦਰ ਰਖਦੇ ਹਨ, ਮਹਿਸੂਸ ਕਰਦੇ ਹਨ ਉਹ ਉਸ ਦੇ ਭਾਵ ਪ੍ਰਮਾਤਮਾ ਦੇ ਪਿਆਰੇ ਬਣ ਜਾਂਦੇ ਹਨ, ਉਹ ਦੂਸਰਿਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਮੁਕਤੀ ਪ੍ਰਾਪਤ ਕਰ ਲੈਂਦੇ ਹਨ।

ਸੰਪੂਰਨ ਹੋਣਾ, ਸਵਰਗ ਜਾਣਾ ਇਹ ਉਹ ਨਿਸ਼ਾਨੇ ਹਨ ਜਿਹੜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਵਾਸਤਵ ਵਿਚ ਅਸੀਂ ਦਿਖਦੀ ਦੁਨੀਆਂ ਤੇ ਨਾ ਦਿਖਦੀ ਦੁਨੀਆਂ ਦੋਨਾਂ ਦੇ ਵਿਚਕਾਰ ਖੜ੍ਹੇ ਹਾਂ। ਅੰਦਰ ਦੇ ਅਨੁਭਵ ਲਈ ਸਾਨੂੰ ਬਾਹਰਲੀ ਦੁਨੀਆਂ ਤੋਂ ਵੱਖ ਹੋਣਾ ਪਵੇਗਾ। ਇਹ ਗੱਲ ਯਾਦ ਰੱਖਣ ਦੀ ਲੋੜ ਹੈ, ਸੰਸਾਰ ਦੇ ਸਾਰੇ ਮਜ਼ਹਬ ਇਕੋ ਸਤਿ ਦਸਦੇ ਹਨ, ਪਰ ਹਰ ਨਵਾਂ ਸੁਨੇਹਾ ਦੇਣ ਵਾਲਾ, ਪੁਰਾਣੇ, ਪੁਰਾਣੀਆਂ ਕੀਮਤਾਂ, ਪੁਰਾਣੇ ਰਿਵਾਜਾਂ ਨੂੰ ਹਟਾ ਕੇ ਉਸ ਸਤਿ ਨੂੰ ਨਵੀਂ ਤਰ੍ਹਾਂ ਅੱਗੇ ਰਖਦੇ ਹਨ। ਉਸ ਸਮੇਂ ਦੇ ਅਨੁਸਾਰ ਜਿਸ ਸਮੇਂ ਵਿਚ ਉਹ ਵਿਚਰ ਰਹੇ ਹਨ। ਹਰ ਪ੍ਰਮਾਤਮਾ ਦਾ ਦੂਤ ਜਿਸ ਸਮੇਂ ਵਿਚ ਹੁੰਦਾ ਹੈ ਉਸੇ ਦੇ ਮੁਤਾਬਿਕ ਆਪਣਾ ਉਪਦੇਸ਼ ਦਿੰਦਾ ਹੈ ਜਿਹੜਾ ਲੋਕਾਂ ਲਈ ਸੌਖਾ ਹੋਵੇ ਪਰ ਮੈਡੀਟੇਸ਼ਨ ਹਰ ਮਜ਼ਹਬ ਤੋਂ ਪਰ੍ਹੇ ਹੋ ਕੇ ਉਚੇ ਉਠ ਕੇ ਮਨੁੱਖ ਨੂੰ ਸੰਸਾਰ ਦਾ ਵਾਸੀ ਬਣਾਉਂਦਾ ਹੈ। ਮੈਡੀਟੇਸ਼ਨ ਮਨੁੱਖ ਨੂੰ ਪੂਰੀ ਤਰ੍ਹਾਂ ਨਾਲ ਬਦਲ ਦਿੰਦੀ ਹੈ। ਉਸ ਨੂੰ ਵਧੇਰੇ ਸੁਲਝਿਆ ਪ੍ਰਾਣੀ ਬਣਾ ਦਿੰਦੀ ਹੈ। ਮਨੁੱਖ ਦਾ ਵਿਅਕਤੀਤਵ ਬਦਲ ਦਿੰਦੀ ਹੈ। ਝੂਠੀਆਂ ਕੀਮਤਾਂ ਖਤਮ ਕਰਕੇ ਸ਼ੁੱਧ ਸੱਚੀਆਂ ਕੀਮਤਾਂ ਮਨੁੱਖ ਦੇ ਅੰਦਰ ਪਾ ਦਿੰਦੀ ਹੈ, ਇਸੇ ਤਰ੍ਹਾਂ ਹੀ ਸੰਸਾਰ ਦਾ ਨਵਾਂ ਉਠਾਨ ਹੁੰਦਾ ਹੈ।

*'ਚਲਦਾ..........।'*

## ਪਿਆਰੇ ਪਾਠਕ ਜਨੋਂ ਅਤੇ ਸਾਧ ਸੰਗਤ ਜੀ

ਆਪ ਜੀ ਨੂੰ ਇਹ ਜਾਣਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਬਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 142 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਇਹ ਕੀਰਤਨ ਪ੍ਰਬਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਕਤਿਕਿ - ਸੰਗਰਾਂਦ-17 ਅਕਤੂਬਰ, ਦਿਨ ਐਤਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

**ਪੂਰਨਮਾਸ਼ੀ - (20 ਅਕਤੂਬਰ, ਦਿਨ ਬੁੱਧਵਾਰ-ਰਤਵਾੜਾ ਸਾਹਿਬ)**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

**INTERNET MEDIA AND LIVE TELECAST**

**Website :- www.ratwarasahib.in**
**Website :- www.ratwarasahib.org**
**Website :- www.ratwarasahib.com**
**Instagram : - RATWARA SAHIB (https://instagram.com/ratwara.sahib/)**
**You Tube :- https://www.youtube.com/user/babalakhbirsingh**
**Facebook:- https://www.facebook.com/ratwarasahib1**
**Twitter:- https://mobile.twitter.com/ratwarasahib1**
**Apps (for both apple & andriod) : Ratwara sahib ji & ratwara sahib TV**
**E-mail :- sratwarasahib.in@gmail.com** ***Contact - 9569455861, 9417912900, 9814612900***

# ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**
**S/B A/C No. 12861100000008** **RTGS/IFSC Code - PSIB0021286**
**Branch Code - C1286**

### ਦਸਵੰਧ ਭੇਜਣ ਲਈ –

**Vishav Gurmat Roohani Mission Charitable Trust**
**SB A/C No. 12861100000005** **RTGS/IFSC Code - PSIB0021286**
**Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ
ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "VGRMCT/ATAM MARG MAGAZINE" ਦੇ ਨਾਂ ਤੇ ਭੇਜਿਆ ਜਾਵੇ ਜੀ।

☐ ਨਵੀਂ ਮੈਂਬਰਸ਼ਿਪ ☐ ਰਿਨਿਊਵਲ ☐ ਲਾਈਫ ਮੈਂਬਰਸ਼ਿਪ

**within India**

| Subscription Period | By Ordinary Post/Cheque | By Registered Post/Cheque |
|---|---|---|
| 1 Year | Rs. 300/320 | |
| 3 Year | Rs. 750/770 | |
| 5 Year | Rs. 1200/1220 | |
| Life (20 Year) | Rs 3000/3020 | |

***Foreign Membership***

| | Annual | Life |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |

ਪੁਰਾਣੇ ਅੰਕ ਮੰਗਵਾਉਣ ਲਈ ਟਿਕ ਕਰੋ ਜੀ ☐ ਜਨਵਰੀ ☐ ਫਰਵਰੀ ☐ ਮਾਰਚ ☐ ਅਪ੍ਰੈਲ ☐ ਮਈ ☐ ਜੂਨ ☐ ਜੁਲਾਈ ☐ ਅਗਸਤ ☐ ਸਤੰਬਰ ☐ ਅਕਤੂਬਰ ☐ ਨਵੰਬਰ ☐ ਦਸੰਬਰ

ਨਾਮ/Name ਅਤੇ

ਪਤਾAddress.........................................................................................................

.........................................................................................................................

..............................Pin Code.....................................Phone.......................... E-mail :..............................

